# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਤੀਜਾ (ਆਪਸ਼ਨ ਪਹਿਲੀ) (ਗੁਰਮਤਿ ਕਾਵਿ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


**1.1** : ਰਾਗ ਗਾਉੜੀ : ਬਾਣੀ ਸੰਤ ਕਬੀਰ

**1.2** : ਰਾਗ ਆਸਾ : ਬਾਣੀ ਸੰਤ ਕਬੀਰ

**1.3** : ਰਾਗ ਪ੍ਰਭਾਤੀ : ਬਾਣੀ ਸੰਤ ਕਬੀਰ

**1.4** : ਸੰਤ ਕਬੀਰ ਦੀ ਅਧਿਆਤਮਿਕ ਵਿਚਾਰਧਾਰਾ

**1.5** : ਕਬੀਰ ਰਚਨਾ ਦੀ ਕਾਵਿ-ਕਲਾ

**1.6** : ਕਬੀਰ ਰਚਨਾ ਦੀ ਭਾਸ਼ਾ

**1.7** : ਕਬੀਰ ਬਾਣੀ ਦਾ ਦਾਰਸ਼ਨਿਕ ਪੱਖ


***Department website : www.pbidde.org***

ਪਾਠ ਨੰਬਰ : 1.1 ਡਾ. ਰਤਨ ਸਿੰਘ ਜੱਗੀ

## ਰਾਗ ਗਉੜੀ : ਬਾਣੀ ਸੰਤ ਕਬੀਰ

**ਭੂਮਿਕਾ :**

ਮੱਧਕਾਲੀ ਸਾਹਿਤ ਵਿਚ ਅਧਿਆਤਮਕ ਕਵਿਤਾ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਇਸ ਕਾਲ ਵਿਚ ਸੰਤਾਂ, ਫਕੀਰਾਂ, ਗੁਰੂਆਂ ਅਤੇ ਭਗਤਾਂ ਦੀ ਬਾਣੀ ਪ੍ਰਾਪਤ ਹੁੰਦੀ ਹੈ। ਇਸ ਸਮੁੱਚੇ ਅਧਿਆਤਮਕ ਸਾਹਿਤ ਦਾ ਰੂਪ ਕਾਵਿ ਹੋਣ ਕਾਰਨ, ਇਸ ਰਚਨਾ ਨੂੰ ਕਵਿਤਾ ਦੇ ਖੇਤਰ ਵਿੱਚ ਰੱਖ ਕੇ ਅਧਿਐਨ ਦਾ ਕੇਂਦਰ ਬਣਾਇਆ ਜਾਂਦਾ ਹੈ। ਇਸ ਲਈ, ਜਿਸ ਸਮੇਂ ਅਜਿਹੇ ਸਾਹਿਤ ਦਾ ਅਧਿਅਨ ਕੀਤਾ ਜਾਂਦਾ ਹੈ ਤਾਂ ਦੋਹਰੀ ਜ਼ਿੰਮੇਵਾਰੀ ਬਣ ਜਾਂਦੀ ਹੈ। ਇਕ ਪਾਸੇ, ਵਿਸ਼ੇ ਖੇਤਰ ਵਿਚ ਅਧਿਆਤਮਕ ਭਾਵ ਦੀ ਸਮਝ ਦੀ ਜਰੂਰਤ ਪੈਂਦੀ ਹੈ ਅਤੇ ਦੂਸਰੇ ਪਾਸੇ ਕਾਵਿ ਦੇ ਤੌਰ ਤੇ ਕਾਵਿ-ਕਲਾ ਦੇ ਪ੍ਰਸੰਗ ਨੂੰ ਸਮਝਣਾ ਜਰੂਰੀ ਹੋ ਜਾਂਦਾ ਹੈ। ਉਮੀਦ ਹੈ ਕਿ ਇਹ ਪਾਠ ਦੋਵਾਂ ਹੀ ਪੱਖਾਂ ਤੋਂ ਵਿਦਿਆਰਥੀਆਂ ਲਈ ਮੁੱਲਵਾਨ ਸਿੱਧ ਹੋਣਗੇ।

**– ਸੰਪਾਦਕ**

ਪਿਆਰੇ ਵਿਦਿਆਰਥੀ,

ਇਸ ਯੂਨਿਟ ਦੇ ਪਹਿਲੇ ਦੋ ਪਾਠਾਂ ਵਿਚ ਸਿਲੇਬਸ ਵਿਚ ਨਿਰਧਾਰਤ ਭਗਤ ਕਬੀਰ ਜੀ ਦੀ ਬਾਣੀ ਦੇ ਸਰਲ ਅਰਥ ਅਤੇ ਸਹਿਜ ਵਿਆਖਿਆ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਇਸ ਬਾਣੀ ਨੂੰ ਸਮਝਣ ਵਿਚ ਆਪ ਨੂੰ ਕੋਈ ਦਿੱਕਤ ਨਾ ਹੋਵੇ, ਅਗਲੇਰੇ ਪਾਠ ਪੜ੍ਹਨ ਤੋਂ ਪਹਿਲਾਂ ਇਹ ਪਾਠ ਪੂਰੀ ਲਗਨ ਨਾਲ ਪੜ੍ਹਨ ਦੀ ਲੋੜ ਹੈ।

ਅਬ ਮੋਹਿ ਜਲਤ ਰਾਮ ਜਲੁ ਪਾਇਆ।
ਰਾਮ ਉਦਕਿ ਤਨ ਜਲਤ ਬੁਝਾਇਆ। ੧ । ਰਹਾਉ।
ਮਨੁ ਮਾਰਣ ਕਾਰਣਿ ਬਨ ਜਾਈਐ
ਸੋ ਜਲੁ ਬਿਨੁ ਭਗਵੰਤ ਨ ਪਾਈਐ। ੧ ।
ਜਿਹ ਪਾਵਕ ਸੁਰਿ ਨਰ ਹੈ ਜਾਰੇ।
ਰਾਮ ਉਦਕਿ ਜਣ ਜਲਤ ਉਬਾਰੇ। ੨ ।
ਭਵ ਸਾਗਰ ਸੁਖ ਸਾਗਰ ਮਾਹੀ।
ਪੀਵ ਰਹੇ ਜਲ ਨਿਖੁਟਤ ਨਾਹੀ। ੩ ।
ਕਹਿ ਕਬੀਰ ਭਜੁ ਸਾਰਿੰਗ ਪਾਨੀ।
ਰਾਮ ਉਦਕਿ ਮੇਰੀ ਤ੍ਰਿਖਾ ਬੁਝਾਨੀ। ੪ ।੧।

ਸੰਤ ਕਬੀਰ ਜੀ ਨੇ ਇਸ ਸ਼ਬਦ ਵਿਚ ਪਰਮਾਤਮਾ ਦੇ ਮਹੱਤਵ ਦੀ ਸਥਾਪਨਾ ਕਰਦੇ ਹੋਇਆਂ ਜਿਗਿਆਸੂ ਨੂੰ ਆਪਣੇ ਨਿਜੀ ਅਨੁਭਵ ਤੋਂ ਸਮਝਾਇਆ ਹੈ ਕਿ ਮਾਯਾ ਦੇ ਪ੍ਰਭਾਵ ਕਾਰਨ ਜਲਦੇ ਹੋਏ ਮਨ ਨੂੰ ਸ਼ਾਂਤ ਕਰਨ ਦਾ ਇਕੋ ਇਕ ਸਾਧਨ ਹੈ, ਰਾਮ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ। ਲੋਕ ਮਨ ਨੂੰ ਸਥਿਰ ਕਰਨ ਲਈ ਜੰਗਲਾਂ ਵਿਚ ਜਾ ਕੇ ਤਪਸਿਆ ਕਰਦੇ ਹਨ ਅਤੇ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਲਾਲਸਾ ਰਖਦੇ ਹਨ, ਪਰੰਤੂ ਉਹ ਪਰਮਾਤਮਾ ਦੀ ਪ੍ਰਾਪਤੀ ਉਸ ਦੇ ਨਾਮ ਰੂਪੀ ਅੰਮ੍ਰਿਤ ਜਲ ਰਾਹੀ ਹੀ ਪ੍ਰਾਪਤ ਕਰ ਸਕਦੇ ਹਨ। ਜਿਸ ਮਾਯਾ ਦੀ ਅਗਨੀ ਨੇ ਸੁਰ ਅਤੇ ਨਰ ਦੋਹਾਂ ਨੂੰ ਸਾੜਿਆ ਹੋਇਆ ਹੈ, ਉਸ ਦੇ ਪ੍ਰਭਾਵ ਤੋਂ ਕੇਵਲ ਭਗਤ ਜਨ ਹੀ ਉਭਰ ਸਕਦੇ ਹਨ। ਉਨ੍ਹਾਂ ਲਈ ਭਵ-ਸਾਗਰ ਅਗਨੀ ਦੀ ਤਪਸ਼ ਦੇਣ ਦੀ ਥਾਂ ਸੁਖ ਦਾ ਸਮੁੰਦਰ ਬਣ ਕੇ ਜਿਗਿਆਸੂ ਨੂੰ ਸਥਾਈ ਅਤੇ ਅਖੁਟ ਆਨੰਦ ਪ੍ਰਦਾਨ ਕਰਦਾ ਹੈ। ਜੇ ਉਸ ਪਰਮਾਤਮਾ ਦੀ ਭਗਤੀ ਵਿਚ ਮਗਨ ਹੋਇਆ ਜਾਏ ਤਾਂ ਸਾਧਕ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਮੁਕ ਜਾਂਦੀਆਂ ਹਨ।

ਇਥੇ ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਦੇ ਮਹੱਤਵ ਜੰਗਲਾਂ ਵਿਚ ਕੀਤੀ ਤਪੱਸਿਆ ਦੀ ਨਿਰਸਾਰਤਾ ਬਿਨਾਂ ਹਰਿ ਨਾਮ ਦੇ ਮਾਨਵ ਸਮਾਜ ਦੀ ਅਤ੍ਰਿਪਤੀ, ਰਾਮ ਨਾਮ ਦੀ ਪ੍ਰਾਪਤੀ ਨਾਲ ਅਧਿਆਤਮਿਕ ਸ਼ਾਂਤੀ ਅਤੇ ਮਨ ਦੀ ਪਿਆਸ ਦੀ ਤ੍ਰਿਪਤੀ ਆਦਿ ਪੱਖਾਂ ਨੂੰ ਅਤੇ

ਭੌਤਿਕਤਾ ਦੇ ਸੰਦਰਭ ਵਿਚ ਰਾਮ ਨਾਮ ਦੇ ਅਧਿਆਤਮਿਕ ਲਾਭਾਂ ਵਲ ਸੰਕੇਤ ਕੀਤਾ ਗਿਆ ਹੈ।

2

ਮਾਧਉ ਜਲ ਕੀ ਪਿਆਸ ਨਾ ਜਾਇ।
ਜਲ ਮਹਿ ਅਗਨਿ ਉਠੀ ਅਧਿਕਾਈ । ੧ । ਰਹਾਉ ।
ਤੂੰ ਜਲ ਨਿਧਿ ਹਉ ਜਲ ਕਾ ਮੀਨੁ।
ਜਲ ਮਹਿ ਰਹਉ ਜਲਹਿ ਬਿਨੁ ਖੀਨੁ। ੧ ।
ਤੂੰ ਪਿੰਜਰੁ ਹਉ ਸੂਅਟਾ ਤੋਰ।
ਜਮੁ ਮੰਜਾਰੁ ਕਹਾ ਕਰੈ ਮੋਰ। ੧ ।
ਤੂੰ ਤਰਵਰੁ ਹਉ ਪੰਖੀ ਆਹਿ।
ਮੰਦਭਾਗੀ ਤੇਰੋ ਦਰਸਨੁ ਨਾਹਿ। ੩ ।
ਤੂੰ ਸਤਿਗੁਰੂ ਹਉ ਨਉਤਨੁ ਚੇਲਾ।
ਕਹਿ ਕਬੀਰ ਮਿਲਨੁ ਕੀ ਬੇਲਾ। ੪ । ੨ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਪਾਣੀ (ਜਲ) ਦੇ ਮਹੱਤਵ ਦੀ ਸਥਾਪਨਾਂ ਕਰਦਿਆਂ ਦੱਸਿਆ ਹੈ ਕਿ ਨਾਮ ਰੂਪੀ ਅੰਮ੍ਰਿਤ ਦੀ ਪਿਆਸ ਮਿਟਦੀ ਨਹੀਂ। ਇਹ ਅਜਿਹੀ ਵਸਤੂ ਹੈ ਜਿਸ ਦਾ ਜਿਤਨਾ ਸੇਵਨ ਕਰੋ, ਉਸ ਲਈ ਇੱਛਾ ਹੋਰ ਪ੍ਰਬਲ ਹੋ ਜਾਂਦੀ ਹੈ। ਜਿਗਿਆਸੂ ਦੇ ਮਨ ਵਿਚ ਇਸ ਦੀ ਹੋਰ ਤਾਂਘ ਪੈਦਾ ਹੁੰਦੀ ਹੈ। ਰੱਬ ਅਸਲ ਵਿਚ ਸਾਧਕ ਦਾ ਇਕ ਆਸਰਾ ਹੈ, ਆਧਾਰ ਹੈ। ਜਿਵੇਂ ਪਿੰਜਰੇ ਵਿਚ ਪਿਆ ਤੋਤਾ ਬਾਹਰਲੇ ਝਪਟੇ ਤੋਂ ਸੁਰੱਖਿਅਤ ਹੁੰਦਾ ਹੈ, ਉਸੇ ਤਰ੍ਹਾਂ ਮਨੁੱਖ ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਦੇ ਪਿੰਜਰੇ ਵਿਚ ਸੁਰਖਿਅਤ ਹੋਇਆ ਜਮ ਭਾਵ ਕਾਲ ਦੇ ਪ੍ਰਭਾਵ ਤੋਂ ਸੁਰਖਿਅਤ ਰਹਿੰਦਾ ਹੈ। ਇਕ ਹੋਰ ਉਪਮਾਨ ਰਾਹੀ ਪਰਮਾਤਮਾ ਨੂੰ ਬ੍ਰਿਛ ਦਸ ਕੇ ਆਪਣੇ ਆਪ ਨੂੰ ਉਸ ਦੇ ਆਸਰੇ ਵਿਚ ਬੈਠੇ ਪੰਛੀ ਵਾਂਗ ਦਸਿਆ ਹੈ। ਪਰਮਾਤਮਾ ਦੇ ਆਸਰੇ ਤੋਂ ਬਿਨਾਂ ਮਨੁੱਖ ਦੀ ਕੋਈ ਗਤੀ ਨਹੀਂ ਹੈ। ਇਸ ਸਭ ਦੇ ਬਾਵਜੂਦ ਜਿਗਿਆਸੂ ਨੂੰ ਅਜੇ ਤਕ ਪਰਮਾਤਮਾ ਦੇ ਦਰਸ਼ਨ ਪ੍ਰਾਪਤ ਨਹੀਂ ਹੋਏ, ਭਾਵੇਂ ਉਮਰ ਦਾ ਆਖਰੀ ਪਹਿਰ ਆ ਗਿਆ ਹੈ।

ਇਸ ਸ਼ਬਦ ਵਿਚ ਕਬੀਰ ਜੀ ਨੇ ਆਪਣੇ ਆਪ ਪਰਮਾਤਮਾ ਦੀ ਸਾਧਨਾ ਵਿਚ, ਉਸਦੇ ਨਾਮ ਰੂਪੀ ਅੰਮ੍ਰਿਤ ਵਿਚ ਪੂਰੀ ਤਰ੍ਹਾਂ ਲੀਨ ਦੱਸਿਆ ਹੈ, ਪਰੰਤੂ ਇਸਦੇ ਨਾਲ ਨਾਲ ਇਹ ਵੀ ਸਪੱਸ਼ਟ ਕੀਤਾ ਹੈ ਕਿ ਨਾਮ-ਅੰਮ੍ਰਿਤ ਪ੍ਰਾਪਤ ਕਰਨ ਲਈ ਮੈਂ ਪੂਰੀ ਤਰ੍ਹਾਂ ਅਭਿਆਸੀ ਨਹੀਂ ਸਿਖਾਂਦਰੂ ਹਾਂ। ਇਹੀ ਕਾਰਨ ਹੈ ਕਿ ਮੈਂ ਅਜੇ ਤੱਕ ਦੀਦਾਰ ਪ੍ਰਾਪਤ ਨਹੀਂ ਕਰ ਸਕਿਆ। ਅਜਿਹੇ ਸਿਖਾਂਦਰੂਆਂ ਵਿਚ ਆਪਣੀ ਸਮਰਥਾ ਘੱਟ ਹੁੰਦੀ ਹੈ। ਜੇ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਪਰਮਾਤਮਾ ਮਿਲਾਪ ਸਰਲ ਹੋ ਸਕਦਾ ਹੈ।

3

ਜਬ ਹਮ ਏਕ ਏਕੁ ਕਰਿ ਜਾਨਿਆ।
ਤਬ ਲੋਗਹ ਕਾਹੇ ਦੁਖੁ ਮਾਨਿਆ। ੧ ।
ਹਮ ਅਪਤਹ ਅਪੁਨੀ ਪਤਿ ਖੋਈ।
ਹਮਰੈ ਖੋਜਿ ਪਰਹੁ ਮਤਿ ਕੋਈ। ੧ । ਰਹਾਉ।
ਹਮ ਮੰਦੇ ਮੰਦੇ ਮਨੁ ਮਾਹੀ।
ਸਾਝਪਾਤਿ ਕਾਹੂ ਸਿਉਂ ਨਾਹੀ। ੨ ।
ਕਹੁ ਕਬੀਰ ਪਤਿ ਹਰਿ ਪਰਵਾਨ।
ਸਰਬ ਤਿਆਗਿ ਭਜੁ ਕੇਵਲ ਰਾਮ । ੪ । ੩ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਭਗਤ ਭਾਵ ਸਾਧਕ ਦੇ ਵਿਅਕਤਿਤਵ ਦੀ ਉਸ ਵਿਸ਼ੇਸ਼ਤਾ ਵੱਲ ਸੰਕੇਤ ਕੀਤਾ ਹੈ ਜਦੋਂ ਉਹ ਸੰਸਾਰ ਵਿਚ ਪ੍ਰਾਪਤ ਹੋਣ ਵਾਲੀ ਦੁਨਿਆਵੀਂ ਪ੍ਰਸਿੱਧੀ ਤੋਂ ਉੱਚਾ ਉਠ ਕੇ ਬ੍ਰਹਮ-ਸਰੂਪੀ ਹੋ ਜਾਂਦਾ ਹੈ। ਉਸ ਨੂੰ ਦੁਨੀਆਂ ਦੇ ਦਸਤੂਰ ਤੋਂ ਹਟਿਆ ਵੇਖ ਕੇ ਵਿਅਰਥ ਹੀ ਲੋਕੀ ਔਖੇ ਹੁੰਦੇ ਅਤੇ ਨਿੰਦਿਆ ਕਰਦੇ ਹਨ। ਪਰੰਤੂ ਨਿੰਦਿਆ ਤਾਂ ਉਸ ਦੀ ਹੁੰਦੀ ਹੈ ਜਿਸ ਨੇ ਆਪਣੀ ਕੋਈ ਦੁਨਿਆਵੀਂ ਪ੍ਰਸਿੱਧੀ ਬਣਾਈ ਹੋਈ ਹੋਵੇ। ਪਰਮਾਤਮਾ ਦੇ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਕਰਕੇ ਜਗਿਆਸੂ ਏਕਮ ਏਕ ਦੀ ਅਵਸਥਾ ਜਾਂ ਬ੍ਰਹਮ ਗਿਆਨੀ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਇਸ ਨਾਲ ਸਭ ਦੁਨਿਆਵੀਂ ਪ੍ਰਸਿੱਧੀ ਅਰਥਹੀਨ ਹੋ ਜਾਂਦੀ ਹੈ।

ਅਜਿਹੀ ਅਵਸਥਾ ਵਾਲੇ ਬੰਦਿਆਂ ਭਾਵ ਸਾਧਕਾਂ ਪਿੱਛੇ ਕੋਈ ਕਿਉਂ ਪੈਂਦਾ ਹੈ। ਕਬੀਰ ਜੀ ਅਨੁਸਾਰ ਅਜਿਹੀ ਚੇਸ਼ਠਾ ਵਿਅਰਥ ਹੈ। ਅਸੀਂ ਮੰਦੇ ਹਾਂ, ਮੰਦੇ ਸਹੀ। ਸਾਡੀ ਕਿਸੇ ਨਾਲ ਸਾਂਝ ਨਹੀਂ ਅਜਿਹੀ ਅਵਸਥਾ ਵਾਲੇ ਬੰਦਿਆਂ ਭਾਵ ਸਾਧਕਾਂ ਪਿੱਛੋਂ ਕੋਈ ਕਿਉਂ ਪੈਂਦਾ ਹੈ। ਭੌਤਿਕਤਾ ਦੇ ਤਿਆਗ ਨਾਲ ਦੁਨੀਆਵੀਂ ਸਾਂਝ ਦਾ ਆਧਾਰ ਵੀ ਖ਼ਤਮ ਹੋ ਜਾਂਦਾ ਹੈ। ਮੈਨੂੰ ਕਿਸੇ ਪ੍ਰਕਾਰ ਦੀ ਦੁਨਿਆਵੀ ਪਰਵਾਹ ਨਹੀਂ ਨਾ ਹੀ ਕੋਈ ਲਾਜ਼ ਹੈ। ਇਨ੍ਹਾਂ ਤੋਂ ਅਸਲੋਂ ਉੱਚਾ ਉੱਠ ਚੁਕਿਆ ਕਬੀਰ ਉਨ੍ਹਾਂ ਨਿੰਦਣ ਵਾਲਿਆ ਨੂੰ ਸਮਝਾਉਂਦਾ ਹੈ ਕਿ ਉਨ੍ਹਾਂ ਤਦ ਹੀ ਅਸਲੀਅਤ ਦਾ ਪਤਾ ਲਗੇਗਾ ਜਦੋਂ ਰੱਬ ਦੀ ਕਚਹਿਰੀ ਵਿਚ ਉਨ੍ਹਾਂ ਦੀ ਪਤਿ ਦੇ ਆਡੰਬਰ ਨੂੰ ਨੰਗਾ ਕੀਤਾ ਜਾਏਗਾ। ਸੱਚੇ ਅਰਥਾਂ ਵਿਚ ਤਾਂ ਉਸੇ ਦੀ ਇੱਜਤ ਹੈ ਜਿਸ ਨੂੰ ਪ੍ਰਭੂ ਦਾ ਸਾਥ ਪ੍ਰਾਪਤ ਹੋ ਚੁਕਿਆ ਹੈ।

ਇਥੇ ਕਬੀਰ ਜੀ ਨੇ ਸੱਚੇ ਜਿਗਿਆਸੂ ਨੂੰ ਸੰਸਾਰਕ ਮਾਨ ਮਰਿਯਾਦਾ ਜਾਂ ਪਤਿਤਪੁਣੇ ਤੋਂ ਮੁਕਤ ਦੱਸਿਆ ਹੈ ਅਤੇ ਆਪਣੇ ਆਪ ਮੰਦਾ ਦੱਸ ਕੇ ਆਲੋਚਨਾ ਕਰਨ ਵਾਲਿਆਂ ਦੇ ਮਾੜੇ ਆਚਾਰ ਵੱਲ ਸੰਕੇਤ ਕੀਤਾ ਹੈ ਜਿਸ ਕਰਕੇ ਉਹ ਸੱਚੀ ਦਰਗਾਹ ਵਿਚ ਨੰਗੇ ਹੋਣਗੇ। ਪਰਮਾਤਮਾ ਦੇ ਦਰ ਉੱਤੇ ਪ੍ਰਵਾਨਗੀ ਹੀ ਮਨੁੱਖ ਲਈ ਸੱਚੀ ਪ੍ਰਤਿਸ਼ਠਾ ਹੈ।

4

ਨਗਨ ਫਿਰਤ ਜੌ ਪਾਈਐ ਜੋਗੁ।
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ। ੧ ।
ਕਿਆ ਨਾਗੇ ਕਿਆ ਬਾਧੇ ਚਾਮ।
ਜਬ ਨਹੀਂ ਚੀਨਸਿ ਆਤਮ ਰਾਮ । ੧ । ਰਹਾਉ।
ਮੂਡ ਮੁੰਡਾਏ ਜੋ ਸਿਧਿ ਪਾਈ।
ਮੁਕਤੀ ਭੇਡ ਨ ਗਈਆ ਕਾਈ। ੧ ।
ਬਿੰਦੁ ਰਾਖਿ ਜੋ ਤਰੀਐ ਭਾਈ।
ਖੁਸਰੈ ਕਿਉਂ ਨਾ ਪਰਮਗਿਤ ਪਾਈ। ੨ ।
ਕਹੁ ਕਬੀਰ ਸੁਨਹੁ ਨਰ ਭਾਈ।
ਰਾਮ ਨਾਮ ਬਿਨੁ ਕਿਨਿ ਗਤਿ ਪਾਈ। ੪ । ੪ ।

ਇਸ ਸ਼ਬਦ ਵਿਚ ਕਬੀਰ ਨੇ ਕਰਮਕਾਂਡੀ ਸਾਧਨਾਂ ਦੀ ਸਥਿਤੀ ਸਪੱਸ਼ਟ ਕਰਦਿਆਂ ਤੁਲਨਾਤਮਕ ਪਹੁੰਚ ਵਿਧੀ ਨਾਲ ਉਸ ਦੀ ਅਰਥਹੀਨਤਾ ਉਤੇ ਚਾਨਣਾ ਪਾਇਆ ਹੈ। ਜੇ ਨਾਂਗੇ ਸਾਧ ਬਣਨ ਨਾਲ ਮੁਕਤੀ ਪ੍ਰਾਪਤ ਹੋਵੇ, ਤਾਂ ਬਨ ਵਿਚ ਜੰਗਲੀ ਪਸ਼ੂ ਸਦਾ ਨੰਗੇ ਹੀ ਵਿਚਰਦੇ ਹਨ। ਜੇ ਸਿਰ ਮੂੰਹ ਮੁਨਾਇਆਂ ਮੁਕਤੀ ਮਿਲਦੀ ਹੋਵੇ, ਤਾਂ ਭੇਡਾਂ ਦੀ ਮੁਕਤੀ ਜਰੂਰ ਹੋਣੀ ਚਾਹੀਦੀ ਹੈ ਕਿਉਂਕਿ ਉਹ ਸਦਾ ਮੁਨੀਦੀਆਂ ਰਹਿੰਦੀਆ ਹਨ। ਜੇ ਕਾਮ-ਕੇਲਿ ਤੋਂ ਬਚੇ ਰਹਿਣ ਨਾਲ ਮੁਕਤੀ ਸੰਭਵ ਹੈ ਤਾਂ ਖੁਸਰਿਆਂ ਨੂੰ ਮੁਕਤੀ ਜਰੂਰ ਮਿਲਦੀ। ਇਸੇ ਤਰ੍ਹਾਂ ਨੰਗੇ ਰਹਿਣ ਨਾਲ, ਸਿਰ ਮੂੰਹ ਮੁਨਾਣ ਨਾਲ ਜਾਂ ਜਤ-ਸਤ ਪਾਲਣ ਨਾਲ ਮੁਕਤੀ ਮਿਲਦੀ ਤਾਂ ਪਸ਼ੂ, ਭੇਡਾਂ, ਖੁਸਰੇ ਅਤੇ ਇਸ ਪ੍ਰਕਾਰ ਦੇ ਹੋਰ ਪ੍ਰਾਣੀ ਹੁਣ ਤਕ ਸਭ ਮੁਕਤ ਹੋ ਚੁੱਕੇ ਹੁੰਦੇ। ਅਸਲ ਗੱਲ ਇਹ ਹੈ ਕਿ ਇਹ ਸਭ ਕੁਝ ਬਾਹਰਲਾ ਦਿਖਾਵਾ ਹੈ, ਆਡੰਬਰ ਹੈ, ਪਾਖੰਡ ਹੈ, ਹਰਿ ਪ੍ਰਾਪਤੀ ਦੇ ਪਥ ਉੱਤੇ ਚੱਲਣ ਦਾ ਸਿਰਫ ਬਾਹਰੀ ਦਿਖਾਵਾ ਹੈ। ਸੱਚਾਈ ਤੋਂ ਇਹ ਸਭ ਕੁਝ ਸੁੰਨਾ ਹੈ, ਸੱਖਣਾ ਹੈ। ਇਸ ਸੰਸਾਰ ਵਿਚ ਜਿਗਿਆਸੂ ਮੁਕਤੀ ਸਿਰਫ ਬਾਹਰੀ ਦੁਆਰ ਉਤੇ ਲੈ ਜਾਣ ਵਾਲਾ ਕੇਵਲ ਇਕੋ ਸਾਧਨ ਹੈ ਪਰਮਾਤਮਾ ਦਾ ਨਾਮ ਸਿਮਰਨ ਕਰਨਾ। ਇਹ ਸਾਧਨ ਬੜਾ ਦ੍ਰਿੜ੍ਹ, ਕਠਿਨ ਅਤੇ ਮਨੋਰਥ ਵਿਚ ਸਿੱਧੀ ਪ੍ਰਾਪਤ ਕਰਾਉਣ ਵਾਲਾ ਹੈ।

ਇਸ ਉੱਤੇ ਉਚੇਚਾ ਜ਼ੋਰ ਦਿੱਤਾ ਗਿਆ ਹੈ ਕਿ ਬਾਹਰਲੇ ਆਡੰਬਰ ਅਤੇ ਪਾਖੰਡ ਵਿਅਰਥ ਹਨ। ਇਨ੍ਹਾਂ ਦੁਆਰਾ ਮੁਕਤੀ ਪ੍ਰਾਪਤੀ ਨਹੀਂ ਹੋ ਸਕਦੀ। ਮੁਕਤੀ ਪ੍ਰਾਪਤੀ ਲਈ ਇਕੋ ਇਕ ਸਾਧਨ ਹੈ ਰਾਮ ਦੇ ਨਾਮ ਦਾ ਸਿਮਰਨ। ਅਸਲ ਵਿਚ, ਕਬੀਰ ਜੀ ਧਰਮ-ਸਾਧਨਾ ਦੀ ਬੁਨਿਆਦ ਨਾਮ-ਸਾਧਨਾ ਉਤੇ ਟਿਕੀ ਹੈ। ਜੋ ਇਸ ਸਾਧਨਾ ਨੂੰ ਸੰਪੰਨ ਕਰ ਲੈਂਦਾ ਹੈ, ਉਹ ਨਿਸਚੈ ਹੀ ਮੁਕਤ ਹੋ ਜਾਂਦਾ ਹੈ।

5

ਸੰਧਿਆ ਪ੍ਰਾਤੁ ਇਸਨਾਨ ਕਰਾਹੀ।
ਜਿਉ ਭਏ ਦਾਦਰੁ ਪਾਨੀ ਮਾਹੀ। ੧ ।
ਜਉਪੈ ਰਾਮ ਰਤਿ ਨਾਹੀ।
ਤੇ ਸਭਿ ਧਰਮ ਰਾਇ ਕੈ ਜਾਹੀ। ੧ । ਰਹਾਉ।
ਕਾਇਆ ਰਤਿ ਬਹੁ ਰੂਪ ਰਚਾਹੀ।

ਤਿਨ ਕਉ ਦਇਆ ਸੁਪਨੇ ਭੀ ਨਾਹੀ। ੧ ।
ਚਾਰਿ ਚਰਨ ਕਹਹਿ ਬਹੁ ਆਗਰ।
ਸਾਧੂ ਸੁਖੁ ਪਾਵਹਿ ਕਲਿ ਸਾਗਰ।
ਕਹੁ ਕਬੀਰ ਬਹੁ ਕਾਇ ਕਰੀਜੈ।
ਸਰਬ ਸੁ ਛੋਡਿ ਮਹਾ ਰਸੁ ਪੀਜੈ। ੪ । ੫ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਬਾਹਰਲੇ ਦਿਖਾਵੇ ਅਤੇ ਕਰਮ-ਕਾਡਾਂ ਨੂੰ ਵਿਅਰਥ ਫਜ਼ੂਲ ਦਸਿਆ ਹੈ। ਪਹਿਲਾਂ ਉਨ੍ਹਾਂ ਨੇ ਸਵੇਰ ਸ਼ਾਮ ਇਸ਼ਨਾਨ ਕਰਨ ਵਾਲਿਆਂ ਦੀ ਇਸ ਧਾਰਨਾ ਨੂੰ ਨਿਰਾਰਥਕ ਦਸਿਆ ਹੈ ਜੋ ਅਜਿਹਾ ਕਰਨ ਨਾਲ ਆਪਣੇ ਆਪ ਨੂੰ ਪਵਿੱਤਰ ਸਮਝਦੇ ਹਨ। ਜੇ ਵਧੇਰੇ ਨਹਾਣ ਨਾਲ ਪਾਰ ਉਤਾਰਾ ਹੁੰਦਾ ਹੋਵੇ ਤਾਂ ਇਸ ਪ੍ਰਾਪਤੀ ਲਈ ਡੱਡੂ ਸਭ ਤੋਂ ਵਧੇਰੇ ਯੋਗਤਾ ਰਖਦੇ ਹਨ। ਅਸਲ ਵਿਚ, ਜੋ ਪਰਮਾਤਮਾ ਦੇ ਨਾਮ ਵਿਚ ਮਗਨ ਨਹੀਂ ਹੁੰਦੇ ਉਹ ਸਭ ਧਰਮ ਰਾਜ ਦੀ ਕਚਹਿਰੀ ਵਿਚ ਪੇਸ਼ ਹੋ ਕੇ ਆਪਣਾ ਭਵਿੱਖ ਨਿਰਧਾਰਿਤ ਕਰਾਉਂਦੇ ਹਨ। ਜੋ ਕੇਵਲ ਸ਼ਰੀਰ ਨੂੰ ਬਣਾਈ ਰੱਖਣ ਲਈ ਜਾਂ ਆਪਣੇ ਖਾਣ ਪੀਣ ਦਾ ਕੰਮ ਚਲਾਉਣ ਲਈ ਪਾਖੰਡ ਕਰਮ ਕਰਦੇ ਹਨ, ਉਨ੍ਹਾਂ ਨੂੰ ਸੁਪਨੇ ਵਿਚ ਵੀ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਜੋ ਵਿਅਕਤੀ ਚਾਰ ਵੇਦਾਂ ਦਾ ਪਾਠ ਕਰਦੇ ਹਨ, ਉਹ ਆਸ ਕਰਨ ਕਿ ਉਨ੍ਹਾਂ ਦੀ ਮੁਕਤੀ ਹੋ ਜਾਵੇਗੀ, ਤਾਂ ਇਹ ਰਾਇ ਅਨੁਚਿਤ ਹੈ ਕਲਿਯੁਗ ਵਿਚ ਸੁਖ ਪ੍ਰਾਪਤ ਕਰਨ ਦੇ ਸੱਚੇ ਅਰਥਾਂ ਵਿਚ ਅਧਿਕਾਰੀ ਸਾਧ, ਸੰਤ ਅਤੇ ਮਹਾਂ ਪੁਰਸ਼ ਹੀ ਹਨ। ਸਭ ਕੰਮਾਂ ਨੂੰ ਛੱਡ ਕੇ ਅਤੇ ਸਭ ਪ੍ਰਕਾਰ ਦੀਆਂ ਰੱਬੀ ਧਿਆਨ ਦੀਆਂ ਵਿਧੀਆਂ ਦਾ ਤਿਆਗ ਕਰ ਕੇ ਪਰਮਾਤਮਾ ਦੇ ਨਾਮ ਦੇ ਰਸ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ ਕਿਉਂਕਿ ਇਸ ਸਾਧਨਾ ਦੇ ਮੁਕਾਬਲੇ ਵਿਚ ਹੋਰ ਸਾਧਨਾ-ਪ੍ਰਣਾਲੀਆਂ ਸਭ ਇਸ ਤੋਂ ਹੇਠ ਹਨ।

ਇਥੇ ਤੀਰਥਾਂ ਦੇ ਇਸ਼ਨਾਨ, ਵੇਦ, ਪਾਠ ਆਦਿ ਤੋਂ ਸੱਚਾ ਸੁਖ ਪ੍ਰਾਪਤ ਹੋਣਾ ਸੰਭਵ ਨਹੀਂ ਦਸਿਆ ਗਿਆ। ਸਗੋਂ ਅਜਿਹਾ ਕਰਨ ਨਾਲ ਜਮਦੂਤਾਂ ਦੇ ਵਸ ਵਿਚ ਪਈਦਾ ਹੈ। ਸੱਚੀ ਸਾਧਨਾ, ਜਿਸ ਰਾਹੀਂ ਪਰਮਾਤਮਾ ਦੇ ਦੁਆਰਾ ਉਤੇ ਸਵੀਕ੍ਰਿਤੀ ਮਿਲ ਸਕੇ, ਤਾਂ ਸੰਸਾਰਕ ਪ੍ਰਪੰਚ ਤੋਂ ਬੇਲਾਗ ਹੋ ਕੇ ਨਾਮ ਸਿਮਰਨ ਵਿਚ ਲੀਨ ਹੋਣਾ ਹੈ।

6

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ।
ਜਾ ਕੈ ਰਿਦੈ ਭਾਉ ਹੈ ਦੂਜਾ । ੧ ।
ਰੇ ਜਨ ਮਨੁ ਮਾਧਉ ਸਿਉ ਲਾਈਐ।
ਚਤੁਰਾਈ ਨ ਚਤੁਰਭੁਜ ਪਾਈਐ। ੧ । ਰਹਾਉ ।
ਪਰਹਰੁ ਲੋਭੁ ਅਰ ਲੋਕਾਚਾਰੁ।
ਪਰਹਰੁ ਕਾਮੁ ਕ੍ਰੋਧੁ ਅਹੰਕਾਰ । ੨ ।
ਕਰਮ ਕਰਤ ਬਧੇ ਅਹੰਮੇਵ।
ਮਿਲਿ ਪਾਥਰ ਕੀ ਕਰਹੀ ਸੇਵ। ੩ ।
ਕਹੁ ਕਬੀਰ ਭਗਤਿ ਕਹਿ ਪਾਇਆ।
ਕਹੁ ਕਬੀਰ ਭਗਤਿ ਕਹਿ ਪਾਇਅ।
ਭੋਲੇ ਭਾਇ ਮਿਲੇ ਰਘੁਰਾਇਆ। ੪ । ੬ ।

ਇਸ ਸ਼ਬਦ ਵਿਚ ਕਬੀਰ ਜੀ ਨੇ ਸੱਚੀ ਭਗਤੀ ਉਤੇ ਬਲ ਦਿੱਤਾ ਹੈ। ਉਨ੍ਹਾਂ ਦੀ ਸਥਾਪਨਾ ਹੈ ਕਿ ਜਿਸ ਵਿਅਕਤੀ ਨੇ ਪਰਮਾਤਮਾ ਛੱਡ ਕੇ ਕਿਸੇ ਇਸ਼ਟ ਦੇਵ ਨਾਲ ਭਾਵਾਤਮਕ ਸੰਬੰਧ ਕਾਇਮ ਕਰ ਲਿਆ ਹੈ, ਉਹ ਫਿਰ ਜਪ, ਤਪ, ਬ੍ਰਤ, ਪੂਜਾ ਆਦਿ ਭਾਵੇਂ ਕੁਝ ਕਰ ਲਵੇ, ਕੁਝ ਲਾਭ ਪ੍ਰਾਪਤ ਨਹੀ ਹੋਏਗਾ। ਇਸ ਲਈ ਉਚਿਤ ਇਹੀ ਹੈ ਕਿ ਪਰਮਾਤਮਾ ਨਾਲ ਮਨ ਜੋੜਨਾ ਚਾਹੀਦਾ ਹੈ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਕਾਮ, ਕ੍ਰੋਧ, ਲੋਭ, ਹੰਕਾਰ, ਲੋਕਾਚਾਰ ਛੱਡ ਦਿੱਤਾ ਜਾਏ ਕਿਉਂਕਿ ਇਸ ਪ੍ਰਕਾਰ ਦੇ ਕਰਮਚਾਰ ਨਾਲ ਹਉਮੈ ਦਾ ਵਿਕਾਸ ਅਤੇ ਵਿਧੀ ਹੁੰਦੀ ਹੈ। ਪੱਥਰ ਦੀ ਪੂਜਾ ਭਾਵ ਸੇਵਾ ਕਰਨਾ ਵੀ ਇਸੇ ਵਰਗਾ ਹੈ। ਕਬੀਰ ਜੀ ਭਗਤੀ ਵਿਚ ਉਚੇਚ, ਭਾਵ ਕਰਮ-ਕਾਂਡ ਨੂੰ ਕੋਈ ਮਹੱਤਵ ਨਹੀਂ ਦਿੰਦੇ। ਇਨ੍ਹਾਂ ਨਾਲ ਤਾਂ ਮੁਕਤੀ ਦੀ ਪ੍ਰਾਪਤੀ ਹੋਰ ਵੀ ਔਖੀ ਹੁੰਦੀ ਜਾਂਦੀ ਹੈ। ਭਗਤੀ ਅਸਲ ਵਿਚ ਸਰਲ ਸੁਭਾ ਵਾਲੇ ਸਾਧਕ ਦੀ ਹੀ ਸੰਪੂਰਨ ਹੁੰਦੀ ਹੈ ਕਿਉਂਕਿ ਉਹ ਸਭ ਕੁਝ ਉੱਚਾ ਬਣ ਕੇ ਨਹੀਂ ਕਰ ਰਿਹਾ ਹੁੰਦਾ, ਸਗੋਂ ਆਪਣੀ ਅਸਮਰਥਾ ਮੰਨ ਕੇ ਸਭ ਕੁਝ ਈਸ਼ਵਰੀ ਕ੍ਰਿਪਾ ਉੱਤੇ ਛੱਡ ਦਿੰਦਾ ਹੈ। ਪਰਮਾਤਮਾ ਦਿਲਾਂ ਦੀਆਂ ਸਮਝਦਾ ਹੈ। ਇਸ ਲਈ ਭਗਤੀ ਲਈ ਦਿਲ ਦੀ ਸਾਫ਼ੇਗੋਈ ਬਹੁਤ ਮਹੱਤਵਪੂਰਨ ਹੈ।

ਇਥੇ ਸਪਸ਼ਟ ਕੀਤਾ ਗਿਆ ਹੈ ਕਿ ਭਗਤੀ ਸਾਧਨਾ ਬੜੀ ਸਰਲ ਸਾਧਨਾ ਹੈ। ਇਸ ਵਿਚ ਨਾ ਉਚੇਚ ਦੀ ਲੋੜ ਹੈ, ਨਾ ਉਚੇਚਾ ਬਣਨ ਦੀ ਅਤੇ ਨਾ ਸਿਆਣਪਾ ਵਿਖਾਣ ਦੀ। ਇਹ ਤਾਂ ਸਹਿਜ ਸੁਭਾਵਕ ਪ੍ਰਕ੍ਰਿਆ ਹੈ, ਜੋ ਆਪਣੇ ਆਪ ਹੁੰਦੀ ਰਹਿੰਦੀ ਹੈ, ਬਸ ਸ਼ਰਤ ਇਹ ਹੈ ਕਿ ਵਿਕਾਰਾਂ ਦਾ ਤਿਆਗ ਕਰ ਕੇ ਪਰਮਾਤਮਾ ਦੇ ਪ੍ਰੇਮ ਵਿਚ ਮਗਨ ਹੋ ਜਾਈਏ।

7

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ ।੧।
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।
ਬਾਮਨ ਕਹਿ ਕਹਿ ਜਨਮੁ ਮਤ ਖੋਏ। ੧। ਰਹਾਉ।
ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀਂ ਆਇਆ। ੨।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ। ੩।
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ।
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ। ੪। ੭।

ਇਸ ਸ਼ਬਦ ਵਿਚ ਕਬੀਰ ਜੀ ਨੇ ਬ੍ਰਾਹਮਣਾਂ ਦੀ ਪਾਖੰਡੀ ਉਚਤਾ ਦਾ ਖੰਡਨ ਕਰਦਿਆਂ ਬੜੀ ਦਲੀਲ ਨਾਲ ਸਮਝਾਇਆ ਹੈ ਕਿ ਸਾਰੇ ਜੀਵ ਬ੍ਰਹਮ ਦਾ ਅੰਸ਼ ਹਨ। ਜਦੋਂ ਬੱਚਾ ਮਾਤਾ ਦੇ ਪੇਟ ਵਿਚ ਹੁੰਦਾ ਹੈ ਤਾਂ ਕਿਸੇ ਵੀ ਬੋਧ ਨਹੀਂ ਹੁੰਦਾ ਕਿ ਉਹ ਕਿਹੜੀ ਕੁਲ ਦਾ ਹੈ। ਬ੍ਰਾਹਮਣ ਪੁਛੋ ਤਾਂ ਉਹ ਆਪਣੇ ਆਪ ਬ੍ਰਾਹਮਣ ਬ੍ਰਾਹਮਣ ਕਹਿ ਕੇ ਆਪਣੀ ਪ੍ਰਭੁਸਤਾ ਸਥਾਪਿਤ ਕਰਦਾ ਫਿਰਦਾ ਹੈ ਅਤੇ ਆਪਣਾ ਜਨਮ ਵਿਅਰਥ ਵਿਚ ਜਾਇਆ ਕਰ ਰਿਹਾ ਹੈ। ਜੇ ਸਚਮੁਚ ਉਹ ਬ੍ਰਾਹਮਣ ਹੈ ਅਤੇ ਸਾਰਿਆਂ ਨਾਲੋਂ ਸ੍ਰੇਸ਼ਟ ਹੈ ਤਾਂ ਉਤਪਤੀ ਦੇ ਆਮ ਢੰਗ ਤੋਂ ਹਟ ਕੇ ਉਹ ਕਿਸੇ ਹੋਰ ਢੰਗ ਨਾਲ ਜਨਮ ਲੈਂਦਾ ਤਾਂ ਜੋ ਉਸਦੀ ਵਖਰਤਾ ਬਣੀ ਰਹਿੰਦੀ। ਜੇ ਗੰਭੀਰਤਾ ਨਾਲ ਵੇਖਿਆ ਜਾਏ ਤਾਂ ਉਹ ਬ੍ਰਾਹਮਣ ਕਿਵੇਂ ਬਣ ਗਿਆ ਅਤੇ ਹੋਰ ਕੋਈ ਸ਼ੂਦਰ ਕਿਵੇਂ ਬਣ ਗਿਆ। ਸਭ ਵਿਚ ਅਸਲੋਂ ਇਕ ਤਰ੍ਹਾਂ ਦੇ ਨੈਣ ਨੇ ਪ੍ਰਾਣ ਹਨ, ਕਿਸੇ ਦੇ ਅੰਦਰ ਰਗਾ ਵਿਚ ਦੁੱਧ ਤਾਂ ਨਹੀਂ ਹੈ। ਜਦੋਂ ਸਾਰਿਆਂ ਦਾ ਜਨਮ ਇਕ ਸਮਾਨ ਹੈ, ਤਾਂ ਉਨ੍ਹਾਂ ਵਿਚ ਵੱਡੇ ਨਿੱਕ, ਉੱਚੇ ਨੀਵੇਂ ਦੀ ਵਿਥ ਕਿਵੇਂ ਪੈਦਾ ਹੋ ਗਈ। ਕਿਸੇ ਨੇ ਵੱਡਾ ਬਣਨਾ ਹੋਵੇ, ਬ੍ਰਾਹਮਣਤਵ ਪ੍ਰਾਪਤ ਕਰਨਾ ਹੋਵੇ, ਤਾਂ ਉਹ ਪਰਮਾਤਮਾ ਦਾ ਸਿਮਰਨ ਕਰੇ ਕਿਉਂਕਿ ਇਸੇ ਸਾਧਨ ਰਾਹੀਂ ਸੱਚੇ ਅਰਥਾਂ ਵਿਚ ਸ੍ਰੇਸ਼ਠਤਾ ਮਿਲਦੀ ਹੈ।

ਇਥੇ ਜਾਤਿ ਪਾਤਿ ਦੀ ਭੇਦ ਭਾਵ ਦੀ ਰੁਚੀ ਨੂੰ ਚੁਣੋਤੀ ਦਿੰਦਿਆਂ ਕਬੀਰ ਜੀ ਨੇ ਸਾਰਿਆਂ ਮਨੁੱਖਾਂ ਨੂੰ ਇਕ ਬਰਾਬਰ ਦੱਸਿਆ ਹੈ ਕਿਉਂਕਿ ਸਭ ਦਾ ਜਨਮ ਤੋਂ ਮਰਨ ਤਕ ਇਕ ਹੀ ਵਿਧਾਨ ਹੈ। ਸਭ ਸਮਾਨ ਹਨ, ਕੋਈ ਭੇਦ ਭਾਵ ਨਹੀਂ। ਜਾਤਾਂ ਨਾਲ ਕੋਈ ਵੱਡਾ ਛੋਟਾ ਨਹੀਂ ਬਣਦਾ। ਵੱਡੇ ਬਣਨ ਲਈ ਇਕੋ ਸਾਧਨ ਹੈ ਪਰਮਾਤਮਾ ਦੀ ਬੰਦਗੀ, ਬਾਕੀ ਸਭ ਫਜ਼ੂਲ ਹੈ।

8

ਅੰਧਕਾਰ ਸੁਖਿ ਕਬਹਿ ਨ ਸੋਈ ਹੈ।
ਰਾਜਾ ਰੰਕੁ ਦੋਊ ਮਿਲਿ ਰੋਈ ਹੈ। ੧।
ਜਉਪੈ ਰਸਨਾ ਰਾਮੁ ਨ ਕਹਿਬੋ।
ਉਪਜਤ ਬਿਨਸਤ ਰੋਵਤ ਰਹਿਬੋ। ੧। ਰਹਾਉ।
ਜਸ ਦੇਖੀਐ ਤਰਵਰ ਕੀ ਛਾਇਆ।
ਪ੍ਰਾਨੁ ਗਏ ਕਹੁ ਕਾਕੀ ਮਾਇਆ। ੨।
ਜਸ ਜੰਤੀ ਮਹਿ ਜੀਉ ਸਮਾਨਾ।
ਮੂਏ ਸਰਮੁ ਕਾ ਕੋ ਕਰ ਜਾਨਾ। ੩।
ਹੰਸਾ ਸਰਵਰੁ ਕਾਲੁ ਸਰੀਰ।
ਰਾਮ ਰਸ਼ਾਇਨ ਪੀਉ ਰੇ ਕਬੀਰ। ੪। ੮।

ਇਸ ਸ਼ਬਦ ਵਿਚ ਭਗਤ ਕਬੀਰ ਜੀ ਨੇ ਦਸਿਆ ਹੈ ਕਿ ਮਨੁੱਖ ਨੂੰ ਕਦੇ ਵੀ ਹੰਕਾਰ ਨਹੀ ਕਰਨਾ ਚਾਹੀਦਾ ਕਿਉਂਕਿ ਭਾਵੇਂ ਉਹ

ਰਾਜਾ ਹੋਵੇ ਜਾਂ ਰੰਕ, ਜੇ ਉਹ ਅਗਿਆਨ ਦੀ ਨੀਂਦਰ ਵਿਚ ਸੁੱਤਾ ਹੋਇਆ ਹੈ ਤਾਂ ਉਸ ਨੂੰ ਸੰਸਾਰ ਵਿਚ ਕਿਸੇ ਤਰ੍ਹਾਂ ਵੀ ਸੁਖ ਨਹੀਂ ਮਿਲ ਸਕਦਾ। ਜੋ ਲੋਕ ਪਰਮਾਤਮਾ ਦੇ ਨਾਮ ਦੀ ਅਰਾਧਨਾ ਨਹੀਂ ਕਰਦੇ, ਉਹ ਇਸ ਸੰਸਾਰ ਵਿਚ ਜੰਮਦੇ ਅਤੇ ਮਰਦੇ ਰਹਿੰਦੇ ਹਨ, ਸਦਾ ਆਵਾਗੌਣ ਦਾ ਚੱਕਰ ਚਲਦਾ ਰਹਿੰਦਾ ਹੈ। ਮਨੁੱਖ ਸਥਾਈ ਨਹੀਂ ਹੈ। ਜਿਵੇਂ ਰੁੱਖ ਦੀ ਛਾਂ ਸਥਿਰ ਨਹੀਂ, ਉਸੇ ਤਰ੍ਹਾਂ ਪ੍ਰਾਣੀ ਵੀ ਸਥਿਰ ਨਹੀਂ। ਜਿਵੇਂ ਸਾਜ ਵਿਚੋਂ ਨਿਕਲਿਆ ਰਾਗ ਫਿਰ ਸਾਜ ਵਿਚ ਹੀ ਸਮਾਅ ਜਾਂਦਾ ਹੈ, ਉਸ ਨੂੰ ਫਿਰ ਲੱਭਿਆ ਨਹੀਂ ਜਾ ਸਕਦਾ, ਉਸੇ ਤਰ੍ਹਾਂ ਪ੍ਰਾਣੀ ਪਰਮਾਤਮਾ ਤੋਂ ਪੈਦਾ ਹੋ ਕੇ ਫਿਰ ਉਸੇ ਵਿਚ ਸਮਾਅ ਜਾਂਦਾ ਹੈ ਅਤੇ ਫਿਰ ਪਤਾ ਨਹੀਂ ਲੱਗ ਸਕਦਾ ਕਿ ਉਹ ਕਿੱਥੇ ਗਿਆ ਹੈ। ਜਿਸ ਤਰ੍ਹਾਂ ਸਰੋਵਰ ਨਾਲ ਹੰਸ ਦਾ ਸੰਬੰਧ ਹੈ, ਉਸੇ ਤਰ੍ਹਾਂ ਸਰੀਰ ਨਾਲ ਮੌਤ ਭਾਵ ਕਾਲ ਦਾ ਵੀ ਸੰਬੰਧ ਹੈ। ਇਹ ਇਕ ਅਟੁੱਟ ਰਿਸ਼ਤਾ ਹੈ ਸਰੀਰ ਬਿਨਸਨਹਾਰ ਹੈ। ਇਸ ਨੂੰ ਨਸ਼ਟ ਹੋਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਹਾਂ ਕਲਿਆਣ ਲਈ ਇਕੋ ਇਕ ਸਾਧਨ ਹੈ ਪਰਮਾਤਮਾ ਦੇ ਨਾਮ ਰੂਪੀ ਰਸਾਇਣ ਪ੍ਰਾਪਤ ਕਰਨਾ ਕਿਉਂਕਿ ਇਸ ਨਾਲ ਉਹ ਭਵਸਾਗਰ ਤੇ ਤਰ ਜਾਂਦਾ ਹੈ।

ਇਥੇ ਪਰਮਾਤਮਾ ਦੇ ਨਾਮ ਜਪਣ ਉਤੇ ਬਲ ਦਿੰਦੇ ਹੋਇਆ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਰੂਹ ਅਤੇ ਸਰੀਰ ਦਾ ਕੋਈ ਸਥਾਈ ਸੰਬੰਧ ਨਹੀਂ ਇਹ ਅਸਥਾਈ ਹੈ। ਨਸ਼ਟ ਹੋਣਾ ਮਨੁੱਖ ਦਾ ਸਹਿਜ ਕਰਤੱਵ ਹੈ। ਇਸ ਲਈ ਹਰਿ ਭਗਤੀ ਰਾਂਹੀ ਪਰਮਾਤਮਾ ਵਿਚ ਲੀਨਤਾ ਪ੍ਰਾਪਤ ਕਰਕੇ ਅਧਿਆਤਮਿਕ ਭਵਿੱਖ ਸੁਧਾਰਿਆ ਜਾਣਾ ਚਾਹੀਦਾ ਹੈ।

9

ਜੋਤਿ ਕੀ ਜਾਤਿ ਜਾਤਿ ਕੀ ਜਤੀ।
ਤਿਤੁ ਲਾਗੇ ਕੰਚੂਆ ਫਲ ਮੋਤੀ। ੧ ।
ਕਵਨੁ ਸੁ ਘਰੁ ਜੋ ਨਿਰਭਉ ਕਹੀਐ।
ਭਉ ਭਜਿ ਜਾਇ ਅਭੈ ਹੋਇ ਰਹੀਐ। ੧ । ਰਹਾਉ।
ਤਟਿ ਤੀਰਥਿ ਨਹੀਂ ਮਨੁ ਪਤੀਆਇ।
ਚਾਰ ਅਚਾਰ ਰਹੇ ਉਰਝਾਇ। ੨ ।
ਪਾਪ ਪੁੰਨ ਦੁਇ ਏਕ ਸਮਾਨ।
ਨਿਜ ਘਰਿ ਪਾਰਸੁ ਤਜਹੁ ਗੁਨ ਆਨ। ੩ ।
ਕਬੀਰ ਨਿਰਗੁਣ ਨਾਮ ਨੇ ਰੋਸ।
ਇਸੁ ਪਰਚਾਇ ਪਰਚਿ ਰਹੁ ਏਸੁ। ੪ । ੮ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਸ੍ਰਿਸ਼ਟੀ ਪ੍ਰਭੂ ਦੀ ਜੋਤਿ ਤੋਂ ਸਾਜੀ ਹੋਈ ਹੈ ਅਤੇ ਸ੍ਰਿਸ਼ਟੀ ਦੀ ਜੋਤਿ ਬੁੱਧੀ ਹੈ। ਇਸ ਨਾਲ ਕੱਚੇ ਪੱਕੇ, ਚੰਗੇ ਮਾੜੇ ਫਲ ਲਗੇ ਹੋਏ ਹਨ। ਇਸ ਸੰਸਾਰ ਵਿਚ ਅਜਿਹੀ ਕਿਹੜੀ ਥਾਂ ਹੈ ਜਿੱਥੇ ਨਿਰਭਉ ਹੋ ਕੇ ਰਿਹਾ ਜਾਏ। ਜਿਥੇ ਰਹਿਣ ਨਾਲ ਡਰ ਚਲਾ ਜਾਏ ਅਤੇ ਨਿਰਭਉ ਹੋ ਕੇ ਰਿਹਾ ਜਾ ਸਕੇ। ਤੀਰਥਾਂ ਦੇ ਨਾਲ ਚਲਣ ਵਾਲੀਆਂ ਨਦੀਆਂ ਦੇ ਕੰਢਿਆਂ ਉਤੇ ਇਸ਼ਨਾਨ ਕਰਨ ਨਾਲ ਮਨ ਵਿਚ ਸਥਿਰਤਾ ਨਹੀਂ ਆਉਂਦੀ। ਉਥੇ ਵੀ ਚਾਰ ਵੇਦਾਂ ਵਿਚ ਦੱਸੇ ਆਚਾਰਾਂ ਅਤੇ ਕਰਮ ਕਾਂਡਾਂ ਵਿਚ ਵਿਅਕਤੀ ਉਲਝਿਆ ਰਹਿੰਦਾ ਹੈ। ਅਸਲ ਵਿਚ ਪਾਪ ਅਤੇ ਪੁੰਨ ਦੋਵੇਂ ਵਾਸਨਾ ਦੇ ਸਾਧਨ ਹਨ। ਉਨ੍ਹਾਂ ਨਾਲ ਈਸ਼ਵਰੀ ਸ਼ਕਤੀ ਦਾ ਅਹਿਸਾਸ ਨਹੀਂ ਹੁੰਦਾ, ਨਾ ਹੀ ਇਨ੍ਹਾਂ ਨਾਲ ਮਨੁੱਖ ਦਾ ਅਧਿਆਤਮਿਕ ਮਾਰਗ ਸੁਲਝਦਾ ਹੈ। ਪਰਮਾਤਮਾ ਰੂਪੀ ਪਾਰਸ ਤਾਂ ਮਨੁੱਖ ਦੇ ਅੰਦਰ ਵੱਸਦਾ ਹੈ। ਉਸ ਉਥੋਂ ਲੱਭ ਕੇ ਉਸ ਦੀ ਅਰਾਧਨਾ ਕਰਨੀ ਚਾਹੀਦੀ ਹੈ, ਫਿਰ ਕਿਸੇ ਪ੍ਰਕਾਰ ਦੇ ਗੁਣ ਦੀ ਫਿਰ ਕੋਈ ਲੋੜ ਹੀ ਨਹੀਂ ਰਹਿ ਜਾਂਦੀ। ਇਸ ਲਈ ਪਰਮਾਤਮਾ ਦੇ ਨਾਮ ਵੱਲੋਂ ਬੇਮੁਖ ਨਹੀਂ ਹੋਣਾ ਚਾਹੀਦਾ, ਸਗੋਂ ਆਪਣੇ ਆਪ ਨੂੰ ਨਾਮ ਸਿਮਰਨ ਵਿਚ ਲਗਾਈ ਰੱਖਣਾ ਚਾਹੀਦਾ ਹੈ। ਇਹ ਰੁਝੇਵਾਂ ਹੀ ਸਭ ਤੋਂ ਉੱਤਮ ਰੁਝੇਵਾਂ ਹੈ।

ਇੱਥੇ ਕਬੀਰ ਜੀ ਨੇ ਜਿਗਿਆਸੂਆਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਤੀਰਥਾਂ ਉਤੇ ਕੀਤੇ ਆਚਾਰ ਅਤੇ ਪਾਪਾਂ ਪੁੰਨਾਂ ਦੇ ਚੱਕਰ ਸਭ ਹਉਮੈ ਰੂਪ ਹਨ, ਇਹ ਵਾਸਨਾ ਦੇ ਫਲ ਹਨ। ਇਨ੍ਹਾਂ ਨਾਲ ਚਿੱਤ ਦੀ ਸਥਿਰਤਾ ਪ੍ਰਾਪਤ ਨਹੀਂ ਹੁੰਦੀ। ਪਰਮਾਤਮਾ ਤਾਂ ਅੰਦਰ ਵਸਦਾ ਹੈ, ਹੋਰ ਸਾਰੀਆਂ ਸਾਧਨਾਂ ਵਿਧੀਆਂ ਨੂੰ ਛੱਡ ਕੇ ਉਸ ਪਰਮ ਸਤਾ ਨੂੰ ਅਦਰੋਂ ਹੀ ਲੱਭਣਾ ਚਾਹੀਦਾ ਹੈ। ਇਸ ਲਈ ਕੇਵਲ ਇਕੋ ਸਾਧਨ ਹੈ ਅਤੇ ਉਹ ਹੈ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ।

10

ਜੋ ਜਨੁ ਪਰਮਿਤਿ ਪਰਮ ਨਾ ਜਾਨਾ।
ਬਾਤਨ ਹੀ ਬੈਕੁੰਠ ਸਮਾਨਾ। ੧ ।

ਨਾ ਜਾਨਾ ਬੈਕੁੰਠ ਕਹਾਹੀ।
ਜਾਨੁ ਜਾਨੁ ਸਭਿ ਕਹਹਿ ਤਹਾਹੀ। ੧ । ਰਹਾਉ।
ਕਹਨ ਕਹਾਵਨ ਨਹ ਪਤੀਅਈ ਹੈ। ੨ ।
ਤਉ ਮਨੁ ਮਾਨੈ ਜਾਤੇ ਹਉਮੈ ਜਈ ਹੈ। ੨ ।
ਜਬ ਲਗੁ ਮਨਿ ਬੈਕੁੰਠ ਕੀ ਆਸ।
ਤਬ ਲਗੁ ਹੋਇ ਨਹੀਂ ਚਰਨ ਨਿਵਾਸ। ੩ ।
ਕਹੁ ਕਬੀਰ ਇਹ ਕਹੀਐ ਕਾਹਿ।
ਸਾਧ ਸੰਗਤਿ ਬੈਕੁੰਠੈ ਆਹਿ। ੪ ।

ਇਸ ਸ਼ਬਦ ਵਿਚ ਕਬੀਰ ਜੀ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਪਰਮਾਤਮਾ ਨੂੰ ਮਿਲਣ ਦਾ ਦਾਅਵਾ ਕਰਨ ਵਾਲੇ ਬਹੁਤ ਹਨ। ਪਰੰਤੂ ਉਸ ਨਿਰਾਕਾਰ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ ਜਾਂ ਫਿਰ ਉਹ ਕਿਵੇਂ ਉਥੇ ਪਹੁੰਚ ਸਕਦੇ ਹਨ ਇਹ ਸਮਝਣਾ ਜ਼ਿਆਦਾ ਜਰੂਰੀ ਹੈ। ਅਸਲ ਵਿਚ ਅਜਿਹੇ ਲੋਕ ਗੱਲਾਂ ਦਾ ਖੱਟਿਆ ਖਾਂਦੇ ਹਨ ਅਤੇ ਬੈਕੁੰਠ ਨੂੰ ਪ੍ਰਾਪਤ ਕਰ ਚੁੱਕਣ ਦਾ ਵਿਸ਼ਵਾਸ ਦਿਵਾਉਂਦੇ ਹਨ। ਪਤਾ ਨਹੀਂ ਅਜਿਹਾ ਬੈਕੁੰਠ ਕਿੱਥੇ ਹੈ, ਜਿਥੇ ਜਾਣ ਲਈ ਬਾਰ ਬਾਰ ਕਿਹਾ ਜਾਂਦਾ ਹੈ। ਪਰੰਤੂ ਸੱਚੀ ਗੱਲ ਇਹ ਹੈ ਕਿ ਸਿਰਫ਼ ਕਹਿਣ ਕਹਾਣ ਲਈ ਤਸੱਲੀ ਨਹੀਂ ਹੁੰਦੀ। ਮਨ ਨੂੰ ਉਦੋਂ ਹੀ ਵਿਸ਼ਵਾਸ ਆ ਸਕਦਾ ਹੈ, ਜਦੋਂ ਹਉਮੈ ਤੱਕ ਦੀ ਭਾਵਨਾ ਅੰਦਰੋਂ ਨਸ਼ਟ ਹੋ ਜਾਂਦੀ ਹੈ। ਬੈਕੁੰਠ ਦੀ ਆਸ ਕਰਨੀ ਹੀ ਹਉਮੈ ਨੂੰ ਜਨਮ ਦਿੰਦੀ ਹੈ। ਇਸ ਹਉਮੈ ਨੂੰ ਖ਼ਤਮ ਕੀਤੇ ਬਿਨਾਂ ਆਨੰਦ ਜਾਂ ਸਥਾਈ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਸ ਦੇ ਮਨ ਵਿਚ ਹਰਿ ਨਾਮ ਰੂਪੀ ਭਾਵਨਾ ਨਹੀਂ ਵਸੀ ਉਥੇ ਕਿਸੇ ਪ੍ਰਾਪਤੀ ਦੀ ਆਸ ਨਹੀਂ ਹੋ ਸਕਦੀ। ਜਿਸ ਬੈਕੁੰਠ ਦੀ ਗੱਲ ਪੰਡਿਤ ਜਾਂ ਕਰਮ-ਕਾਂਡੀ ਲੋਕ ਕਰਦੇ ਹਨ, ਉਹ ਸਭ ਮਿਥਿਆ ਹੈ। ਸਚਮੁਚ ਜੇ ਕੋਈ ਬੈਕੁੰਠ ਹੈ, ਤਾਂ ਉਹ ਸਾਧ-ਸੰਗਤ ਹੀ ਹੈ, ਇਸ ਤੋਂ ਭਿੰਨ ਕੋਈ ਵੀ ਬੈਕੁੰਠ ਨਹੀਂ ਹੈ।

ਇਥੇ ਇਕ ਗੱਲ ਇਹ ਦੱਸੀ ਗਈ ਹੈ ਕਿ ਬੈਕੁੰਠ ਨਾਮ ਦੀ ਕੋਈ ਚੀਜ਼ ਨਹੀਂ, ਇਹ ਤਾਂ ਐਵੇਂ ਮਿਥਿਆ ਧਾਰਨਾ ਹੈ। ਜੇ ਕੋਈ ਬੈਕੁੰਠ ਹੈ ਤਾਂ ਉਹ ਸਤਿਸੰਗਤ ਹੈ ਕਿਉਂਕਿ ਉਥੇ ਸੱਚੇ ਨਾਮ ਦੀ ਅਰਾਧਨਾ ਹੁੰਦੀ ਹੈ। ਸੱਚੇ ਨਾਮ ਦੀ ਅਰਾਧਨਾ ਲਈ ਸਭ ਤੋਂ ਵੱਡੀ ਕਮਾਈ ਹਉਮੈ ਨੂੰ ਮਾਰਨਾ ਹੈ। ਜਦੋਂ ਹਉਮੈ ਮਰ ਜਾਏਗੀ ਤਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਏਗੀ। ਇਹ ਸਥਿਤੀ ਬੈਕੁੰਠ ਹੈ।

11

ਉਪਜੈ ਨਿਪਜੈ ਨਿਪਜਿ ਸਮਾਈ।
ਨੈਨਹ ਦੇਖਤ ਇਹੁ ਜਗੁ ਜਾਈ । । ।
ਲਾਜ ਨ ਮਰਹੁ ਕਹਹੁ ਘਰੁ ਮੇਰਾ।
ਅੰਤ ਕੀ ਬਾਰ ਨਹੀਂ ਕਛੁ ਤੇਰਾ । ੧ । ਰਹਾਉ।
ਅਨਿਕ ਜਤਨ ਕਰਿ ਕਾਇਆ ਪਾਲੀ।
ਮਰਤੀ ਬਾਰ ਅਗਨਿ ਸੰਗਿ ਜਾਲੀ । ੨ ।
ਚੋਆ ਚੰਦਨੁ ਮਰਦਨ ਅੰਗਾ।
ਸੋ ਤਨੁ ਜਲੰ ਕਾਠ ਕੈ ਸੰਗਾ। ੩ ।
ਕਹੁ ਕਬੀਰ ਸੁਨਹੁ ਰੇ ਗੁਨੀਆ।
ਬਿਨਸੈ ਗੋ ਰੂਪੁ ਦੇਖੈ ਸਭ ਦੁਨੀਆ। ੪ । ੧੩ ।

ਇਸ ਸ਼ਬਦ ਵਿਚ ਕਬੀਰ ਜੀ ਦੀ ਸਥਾਪਨਾ ਹੈ ਕਿ ਮਨੁੱਖ ਇਸ ਸੰਸਾਰ ਵਿਚ ਜਨਮ ਲੈਂਦਾ ਹੈ, ਵਿਚਰਦਾ ਹੈ ਅਤੇ ਫਿਰ ਕਾਲ ਵਸ ਹੋ ਜਾਂਦਾ ਹੈ। ਵੇਖਦੇ ਵੇਖਦੇ ਇਹ ਸੰਸਾਰ ਚਲਿਆ ਜਾ ਰਿਹਾ ਹੈ। ਪਰੰਤੂ ਅਜੀਬ ਗੱਲ ਹੈ ਕਿ ਸਾਰੇ ਇਹੀ ਕਹਿੰਦੇ ਹਨ ਕਿ ਇਹ ਘਰ ਮੇਰਾ ਹੈ। ਜਦੋਂ ਅੰਤ ਕਾਲ ਆਉਂਦਾ ਹੈ ਤਾਂ ਉਸ ਦਾ ਕੁਝ ਵੀ ਨਹੀਂ ਰਹਿੰਦਾ। ਹੋਰ ਤੇ ਹੋਰ, ਬਹੁਤ ਯਤਨਾਂ ਨਾਲ ਸਾਂਭੇ ਹੋਏ ਸਰੀਰ ਨੂੰ ਵੀ ਅਗਨ ਭੇਟ ਕਰ ਦਿੱਤੀ ਜਾਂਦੀ ਹੈ। ਚੋਆ ਅਤੇ ਚੰਦਨ ਵਰਗੇ ਸੁਗੰਧਿਤ ਪਦਾਰਥ ਨਾਲ ਲਿਸ਼ਕਾਇਆ ਹੋਇਆ ਸਰੀਰ ਆਖਿਰ ਵਿਚ ਲਕੜ ਨਾਲ ਸਾੜ ਦਿੱਤਾ ਜਾਂਦਾ ਹੈ। ਕੁਝ ਵੀ ਸਥਾਈ ਨਹੀਂ ਹੈ। ਇਹ ਹੀ ਵਾਸਤਵਿਕਤਾ ਹੈ। ਇਸ ਨੂੰ ਸਭ ਗੁਣਵਾਨ ਭਲੀ ਭਾਂਤ ਸਮਝ ਲੈਣ। ਸਭ ਦੇ ਵੇਖਦੇ ਵੇਖਦੇ ਹਰ ਇਕ ਦਾ ਇਹ ਸੰਸਾਰ ਨਸ਼ਟ ਹੋ ਜਾਏਗਾ ਅਤੇ ਇਸ ਤਰ੍ਹਾਂ ਆਪਣਾ ਸਮਝਿਆ ਜਾਣ ਵਾਲਾ ਸਾਰਾ ਸੰਸਾਰ ਪਰਾਇਆ ਹੋ ਜਾਏਗਾ। ਇਸ ਨਾਲ ਫਿਰ ਕਿਸੇ ਪ੍ਰਕਾਰ ਦੀ ਕੋਈ ਸਾਂਝ ਜਾਂ ਸਰੋਕਾਰ ਨਹੀਂ ਰਹੇਗਾ।

ਇਥੇ ਕਬੀਰ ਜੀ ਨੇ ਸਪੱਸ਼ਟ ਘੋਸ਼ਣਾ ਕਰ ਦਿੱਤੀ ਹੈ ਕਿ ਇਸ ਸੰਸਾਰ ਵਿਚ ਜੋ ਬਣਿਆ ਹੈ, ਜੋ ਜੰਮਿਆ ਹੈ, ਉਹ ਵਿਨਾਸ਼ ਪ੍ਰਾਪਤ ਹੋ ਗਿਆ ਹੈ। ਇਹ ਸਾਰਾ ਸੰਸਾਰ ਗਤੀਮਾਨ ਹੈ। ਆਵਾਗਵਣ ਦਾ ਨਿਰੰਤਰ ਪ੍ਰਵਾਹ ਚਲ ਰਿਹਾ ਹੈ ਇਥੇ ਉਹੀ ਕੁਝ ਨਸ਼ਟ ਨਹੀਂ ਹੁੰਦਾ ਜੋ ਅਣਚਾਹਿਆ ਹੈ, ਸਗੋਂ ਉਹ ਸਭ ਕੁਝ ਨਸ਼ਟ ਹੋ ਰਿਹਾ ਹੈ ਜੋ ਬਹੁਤ ਪਿਆਰਾ ਹੈ, ਜੋ ਰੀਝ ਨਾਲ ਸਾਜਿਆ ਸੰਵਾਰਿਆ ਹੈ। ਕਾਲ ਚੱਕਰ ਨਿਰੰਤਰ ਚਲ ਰਿਹਾ ਹੈ। ਇਹ ਤੱਥ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ।

12

ਅਵਰ ਮੂਏ ਕਿਆ ਸੋਗੁ ਕਰੀਜੈ।
ਤਉ ਕੀਜੇ ਜਉ ਆਪਨ ਜੀਜੈ । ੧ ।
ਮੈ ਨ ਮਰਉ ਮਰਿਬੋ ਸੰਸਾਰਾ।
ਅਬ ਮੋਹਿ ਮਿਲਿਓ ਹੇ ਜੀਆਵਨਹਾਰਾ । ੧ । ਰਹਾਉ ।
ਇਆ ਦੇਹੀ ਪਰਮਲ ਮਹਕੰਦਾ।
ਤਾ ਸੁਖ ਬਿਸਰੇ ਪਰਮਾਨੰਦਾ । ੨ ।
ਕੂਅਟਾ ਏਕੁ ਪੰਚ ਪਨਿਹਾਰੀ।
ਟੂਟੀ ਲਾਜੁ ਪੰਚ ਮਤਿਹਾਰੀ । ੩ ।
ਕਹੁ ਕਬੀਰ ਇਕ ਬੁਧਿ ਬੀਚਾਰੀ।
ਨਾ ਓਹੁ ਕੂਅਟਾ ਨਾ ਪਨਿਹਾਰੀ । ੪ । ੧੨ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਮਨੁੱਖ ਨੂੰ ਸੰਸਾਰਕ ਮੋਹ ਤੋਂ ਕੱਢਣ ਦਾ ਯਤਨ ਕਰਦੇ ਹੋਇਆ ਕਿਹਾ ਹੈ ਕਿ ਕਿਸੇ ਦੇ ਮਰਨ ਤੇ ਤਦ ਹੀ ਸੋਗ ਕਰਨਾ ਬਣਦਾ ਹੈ ਜੇ ਆਪ ਇਸ ਸੰਸਾਰ ਵਿਚ ਜੀਉਂਦੇ ਰਹਿਣਾ ਹੋਵੇ। ਜਦ ਸਭ ਹੀ ਨਾਸ਼ਮਾਨ ਹਨ, ਤਾਂ ਫਿਰ ਸੋਗ ਕਿਸ ਗੱਲ ਦਾ। ਜਿਨ੍ਹਾਂ ਲੋਕਾਂ ਨੂੰ ਸਾਧਨਾਂ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਹੋ ਗਈ ਹੋਵੇ ਤਾਂ ਉਹ ਮਰਨ ਦੇ ਚੱਕਰ ਤੋਂ ਖਲਾਸ ਹੋ ਜਾਂਦੇ ਹਨ। ਫਿਰ ਤਾਂ ਮਾਯਾ ਜਾਲ ਵਿਚ ਫਸੇ ਹੋਏ ਲੋਕ ਹੀ ਮਰਦੇ ਹਨ। ਮਨੁੱਖ ਇਸ ਸਰੀਰ ਨੂੰ ਬਹੁਤ ਸਾਰੇ ਸੁਗੰਧਿਤ ਪਦਾਰਥਾ ਨਾਲ ਸੁੰਦਰ ਅਤੇ ਸ਼ੋਭਾਸ਼ਾਲੀ ਬਣਾਉਂਦਾ ਹੈ। ਇਕ ਪ੍ਰਕਾਰ ਨਾਲ ਉਹ ਐਸ਼ ਵਿਚ ਉਲਝ ਜਾਂਦਾ ਹੈ। ਪਰੰਤੂ ਸੰਸਾਰਕਤਾ ਵਿਚ ਲੀਨ ਹੋਣ ਨਾਲ ਧਰਮ ਸੱਤਾ ਭੁੱਲ ਜਾਂਦੀ ਹੈ, ਇਕ ਵਿਸ਼ੇਸ਼ ਵਿਥ ਪੈਦਾ ਹੋ ਜਾਂਦੀ ਹੈ। ਇਸ ਜੀਵਨ ਦਾ ਸਾਰਾ ਯਤਨ ਵਿਅਰਥ ਰਹਿੰਦਾ ਹੈ। ਇਥੇ ਖੂਹ ਅਤੇ ਪਨਿਹਾਰਨ ਦਾ ਰੂਪਕ ਵਰਤ ਕੇ ਸਪੱਸ਼ਟ ਕੀਤਾ ਗਿਆ ਹੈ ਕਿ ਜਿਵੇਂ ਰੱਸੀ ਤੋਂ ਬਿਨਾਂ ਖੂਹ ਵਿਚੋਂ ਪਾਣੀ ਕੱਢਣ ਦਾ ਯਤਨ ਵਿਅਰਥ ਹੈ, ਉਸੇ ਤਰ੍ਹਾਂ ਸੰਸਾਰਕਤਾ ਵਿਚ ਸੁੱਖ ਮਾਣਨ ਦਾ ਯਤਨ ਵੀ ਵਿਅਰਥ ਹੀ ਹੈ। ਪਰ ਜਦੋਂ ਵਿਚਾਰ ਕਰਨ ਵਾਲੀ ਬੁੱਧੀ ਜਾਗ੍ਰਿਤ ਹੋ ਜਾਂਦੀ ਹੈ, ਤਦ ਸਭ ਕੁਝ ਪਾਰਦਰਸ਼ੀ ਹੋ ਜਾਂਦਾ ਹੈ। ਸਰੀਰਕ ਮੋਹ ਟੁੱਟ ਜਾਂਦਾ ਹੈ ਅਤੇ ਮਨੁੱਖ ਨਿਰਮੋਹੀ ਹੋ ਜਾਂਦਾ ਹੈ।

ਇਥੇ ਸੰਸਾਰ ਵਿਚ ਮੋਹ ਪਾ ਕੇ ਕਿਸੇ ਦੇ ਮਰਨ ਤੇ ਸੋਗ ਮਨਾਉਣ ਦੇ ਸੰਦਰਭ ਵਿਚ ਸੰਸਾਰਕਤਾ ਵਿਚ ਨਾ ਉਲਝਣ ਪ੍ਰਤਿ ਸੁਚੇਤ ਕੀਤਾ ਗਿਆ ਹੈ ਕਿਉਂਕਿ ਸੰਸਾਰਕਤਾ ਵਿਚ ਸੁੱਖ ਅਨੁਭਵ ਕਰਨਾ ਵਿਅਰਥ ਹੈ। ਜਦੋਂ ਪਰਮਾਤਮਾ ਦੀ ਸੋਝੀ ਹੋ ਜਾਂਦੀ ਹੈ, ਬੁੱਧੀ ਵਿਕਸਿਤ ਹੋ ਜਾਂਦੀ ਹੈ, ਤਾਂ ਫਿਰ ਸੰਸਾਰਕਤਾ ਪ੍ਰਤਿ ਅਜਿਹੀ ਉਪਰਾਮਤਾ ਆ ਜਾਂਦੀ ਹੈ ਕਿ ਸਭ ਕੁਝ ਵਿਅਰਥ ਲਗਣ ਲਗ ਜਾਂਦਾ ਹੈ।

13

ਅਸਥਾਵਰ ਜੰਗਮ ਕੀਟ ਪਤੰਗਾ।
ਅਨਿਕ ਜਨਮ ਕੀਏ ਬਹੁ ਰੰਗਾ। ੧ ।
ਐਸੇ ਘਰ ਹਮ ਬਹੁਤ ਬਸਾਏ।
ਜਬ ਹਮ ਰਾਮ ਗਰਭ ਹੋਇ ਆਏ । ੧ । ਰਹਾਉ ।
ਜੋਗੀ ਜਤੀ ਪਤੀ ਬ੍ਰਹਮਚਾਰੀ।
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ । ੨ ।
ਸਾਕਤ ਮਰਹਿ ਸੰਤ ਸਭ ਜੀਵਹਿ । ੩ ।
ਕਹੁ ਕਬੀਰ ਪ੍ਰਭ ਕਿਰਪਾ ਕੀਜੈ।

ਹਾਰਿ ਪਰੇ ਅਬ ਪੂਰਾ ਦੀਜੈ। ੪ । ੧੩ ।

ਸੰਤ ਕਬੀਰ ਜੀ ਨੇ ਇਸ ਸ਼ਬਦ ਵਿਚ ਸਪੱਸ਼ਟ ਕੀਤਾ ਹੈ ਕਿ ਮੈਂ ਹੁਣ ਤਕ ਸਥਿਤ ਰਹਿਣ ਵਾਲੇ ਜੀਵਾਂ, ਚਲਣ ਫਿਰਨ ਵਾਲਿਆਂ ਜੀਵਾਂ, ਕੀੜਿਆਂ, ਪਤੰਗਾਂ ਆਦਿ ਦੇ ਅਨੇਕ ਜਨਮ ਧਾਰਨ ਕੀਤੇ ਹਨ। ਮਨੁੱਖ ਨੇ ਜਨਮ ਲੈਣ ਤੋਂ ਪਹਿਲਾਂ ਇਸ ਪ੍ਰਕਾਰ ਦੇ ਅਨੇਕ ਘਰ ਵਸਾਏ ਹਨ, ਅਨੇਕ ਜਨਮ ਵੱਖ ਵੱਖ ਜੂਨਾਂ ਵਿਚ ਧਾਰਨ ਕੀਤੇ ਹਨ। ਕਦੇ ਜੋਗੀ, ਜਤੀ, ਤਪਸਵੀ ਅਤੇ ਬ੍ਰਹਮਚਾਰੀ ਰਿਹਾ ਹਾਂ, ਕਦੇ ਰਾਜਾ, ਛਤ੍ਰਧਾਰੀ ਅਤੇ ਭਿਖਾਰੀ ਦਾ ਜਨਮ ਜੀਵਿਆ ਹਾਂ। ਜੋ ਮਨੁੱਖ ਰੱਬ ਨਾਲੋਂ ਟੁਟੇ ਰਹਿੰਦੇ ਹਨ, ਹਰਿ ਨਾਮ ਹਿਰਦੇ ਵਿਚ ਨਹੀਂ ਵਸਾਂਦੇ , ਅਸਲੋਂ ਉਨ੍ਹਾਂ ਮਰਿਆ ਹੀ ਸਮਝਿਆ ਜਾਏ। ਜਿਨ੍ਹਾਂ ਨੇ ਹਰਿ ਭਗਤੀ ਕਰਕੇ ਸੰਤ ਦੀ ਅਧਿਆਤਮਿਕ ਪਦਵੀ ਪ੍ਰਾਪਤ ਕੀਤੀ ਹੈ, ਉਹੀ ਜੀਉਂਦੇ ਰਹਿੰਦੇ ਹਨ ਅਤੇ ਆਪਣੀ ਜੀਭ ਨਾਲ ਰਾਮ ਨਾਮ ਰੂਪੀ ਰਸਾਇਣ ਪੀਂਦੇ ਹਨ। ਇਸ ਲਈ ਕਬੀਰ ਜੀ ਪਰਮਾਤਮਾ ਅੱਗੇ ਅਰਜ਼ੋਈ ਕਰਦੇ ਹਨ ਕਿ ਕ੍ਰਿਪਾ ਕਰਕੇ ਹੁਣ ਨਾਮ-ਰਸਾਇਣ ਰੂਪੀ ਅੰਮ੍ਰਿਤ ਦਾਤ ਬਖ਼ਸ਼ ਦਿਓ। ਕਿਉਂਕਿ ਅਨੇਕ ਪ੍ਰਕਾਰ ਦੇ ਯਤਨਾਂ ਦੇ ਬਾਵਜੂਦ ਪ੍ਰਾਪਤੀ ਨਹੀਂ ਹੋਈ। ਇਸ ਲਈ ਕ੍ਰਿਪਾ ਪ੍ਰਾਪਤੀ ਲਈ ਅਰਜ਼ੋਈ ਕੀਤੀ ਗਈ ਹੈ।

ਇਥੇ ਆਵਾਗੋਣ ਦਾ ਜ਼ਿਕਰ ਕਰਦਿਆਂ ਕਬੀਰ ਜੀ ਨੇ ਮਨੁੱਖ ਜਨਮ ਦੀ ਵਡਿਆਈ ਨੂੰ ਦਰਸਾਇਆ ਹੈ। ਕੇਵਲ ਇਹੀ ਇਕੋ ਇਕ ਜਨਮ ਹੈ ਜਿਸ ਵਿਚ ਕੋਈ ਵਿਅਕਤੀ ਸ਼ੁੱਧ ਹੋ ਸਕਦਾ ਹੈ, ਪਰਮਾਤਮਾ ਨਾਲ ਅਭੇਦ ਹੋ ਸਕਦਾ ਹੈ। ਪ੍ਰਭ ਸਿਮਰਣ ਦਾ ਆਨੰਦ ਮਾਣ ਸਕਦਾ ਹੈ। ਪਰ ਇਹ ਤਦ ਹੀ ਸੰਭਵ ਹੋ ਸਕਦਾ ਹੈ, ਜੇ ਪਰਮਾਤਮਾ ਆਪਣੀ ਕਿਰਪਾ ਕਰੇ। ਉਸ ਦੀ ਕਿਰਪਾ ਤੋਂ ਬਿਨਾਂ ਇਹ ਜਨਮ ਵੀ ਵਿਅਰਥ ਖ਼ਤਮ ਹੋ ਸਕਦਾ ਹੈ।

14

ਐਸੇ ਅਚਰਜੁ ਦੇਖਿਓ ਕਬੀਰ।
ਦਧਿ ਕੈ ਭੋਲੇ ਬਿਰੋਲੈ ਨੀਰੁ। ੧ । ਰਹਾਉ।
ਹਰੀ ਅੰਗੂਰੀ ਗਦਹਾ ਚਰੈ।
ਨਿਤ ਉਠਿ ਹਾਸੈ ਹੀਗੈ ਮਰੈ। ੨ ।
ਮਾਤਾ ਭੈਸਾ ਅੰਮੁਹਾ ਜਾਇ।
ਕੁਦਿ ਕੁਦਿ ਚਰੈ ਰਸਾਤਲਿ ਪਾਇ । ੨ ।
ਕਹੁ ਕਬੀਰ ਪਰਗਟੁ ਭਈ ਖੇਡ।
ਲੇਲੇ ਕਉ ਚੂਘੈ ਨਿਤ ਭੇਡ । ੩ ।
ਰਾਮ ਰਮਤ ਮਤਿ ਪਰਗਟੀ ਆਈ।
ਕਹੁ ਕਬੀਰ ਗੁਰਿ ਸੋਝੀ ਪਾਈ । ੪ । ੧੪ ।

ਇਹ ਸ਼ਬਦ ਸੰਤ ਕਬੀਰ ਦਾ ਨਹੀਂ, ਸਗੋਂ ਗਉੜੀ ਰਾਗ ਵਿਚਲੇ ਸ਼ਬਦਾਂ ਨਾਲ ਗੁਰੂ ਅਰਜਨ ਦੇਵ ਨੇ ਰਲਾਇਆ ਹੈ। ਕਬੀਰ ਜੀ ਨੂੰ ਸੰਬੋਧਨ ਕਰਦਿਆਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਹੇ ਕਬੀਰ ਇਕ ਅਸਚਰਜ ਭਰਿਆ ਦ੍ਰਿਸ਼ ਵੇਖਣ ਵਿਚ ਆਇਆ ਹੈ ਕਿ ਮਨੁੱਖ ਦਹੀਂ ਦੇ ਭੁਲੇਖੇ ਪਾਣੀ ਨੂੰ ਰਿੜਕ ਰਿਹਾ ਹੈ ਅਤੇ ਕੁੱਦਦਾ ਫਿਰਦਾ ਹੈ। ਉਹ ਮਸਤੇ ਹੋਏ ਝੋਟੇ ਵਾਂਗ ਰੋਕਿਆ ਰੁਕਦਾ ਨਹੀਂ। ਉਹ ਵਿਕਾਰਾਂ ਦੀ ਖੇਤੀ ਖਾਂਦਾ ਹੈ ਅਤੇ ਅਜਿਹਾ ਕਰਨ ਨਾਲ ਨਿੱਤ ਹੀ ਆਪਣੇ ਅਸਲੀ ਮਾਰਗ ਤੋਂ ਹਟਦਾ ਹੋਇਆ ਨਰਕਾਂ ਦਾ ਨਿਵਾਸੀ ਬਣਦਾ ਹੈ। ਕਬੀਰ ਜੀ ਕਹਿੰਦੇ ਹਨ ਕਿ ਇਹ ਖੇਡ ਬਹੁਤ ਹੀ ਸਪਸ਼ਟ ਹੈ ਕਿ ਲੇਲੇ ਭੇਡ ਚੁੰਘ ਰਹੀ ਸੀ। ਇਥੇ ਉਲਟਬਾਸੀ ਰਾਹੀਂ ਕਬੀਰ ਜੀ ਨੇ ਲੇਲੇ ਅਤੇ ਭੇਡ ਦੇ ਰੂਪਕ ਦੀ ਸਿਰਜਨਾ ਕੀਤੀ ਹੈ ਕਿ ਕਿਵੇਂ ਮਨ ਬੁੱਧੀ ਪਿਛੇ ਲੱਗਿਆ ਫਿਰਦਾ ਹੈ। ਇਸ ਸਾਰੇ ਦਾ ਸਹੀ ਬੋਧ ਨਹੀਂ ਹੋ ਰਿਹਾ ਸੀ। ਪਰੰਤੂ ਰਾਮ ਨਾਮ ਵਿਚ ਲੰਬੇ ਸਮੇਂ ਤਕ ਲੱਗੇ ਰਹਿਣ ਨਾਲ ਸਹੀ ਬੁੱਧੀ ਪ੍ਰਗਟ ਹੋ ਗਈ ਹੈ। ਜਿਸ ਦੇ ਪ੍ਰਗਟ ਹੋ ਜਾਣ ਨਾਲ ਗੁਰੂ ਦੀ ਅਗਵਾਈ ਪ੍ਰਾਪਤ ਹੋ ਗਈ ਹੈ। ਇਸ ਵਾਸਤੇ ਵਿਕਾਰਾਂ ਤੋਂ ਖਲਾਸੀ ਹੋ ਗਈ ਹੈ।

ਇਥੇ ਕਬੀਰ ਜੀ ਦੇ ਸੰਦਰਭ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਸੰਸਾਰ ਵਿਚ ਲੋਕੀ ਆਪਣਾ ਮਨ ਉਲਝਾ ਕੇ ਸੋਚਦੇ ਹਨ ਕਿ ਉਨ੍ਹਾਂ ਨੇ ਬਹੁਤ ਹੀ ਪ੍ਰਾਪਤੀਆਂ ਕਰ ਲਈਆਂ ਹਨ, ਪਰੰਤੂ ਇਹ ਸਭ ਕੁਝ ਵਿਅਰਥ ਅਤੇ ਫੋਕਟ ਯਤਨ ਹਨ। ਇਨ੍ਹਾਂ ਤੋਂ ਕੁਝ ਵੀ ਪ੍ਰਾਪਤ ਹੋਣ ਵਾਲਾ ਨਹੀਂ ਹੈ।

15

ਜਿਉਂ ਜਲ ਛੋਡਿ ਬਾਹਰਿ ਭਇਓ ਮੀਨਾ।
ਪੂਰਬ ਜਨਮ ਹਉ ਤਪ ਕਾ ਹੀਨਾ। ੧ ।

ਅਬ ਕਹੁ ਰਾਮ ਕਵਨ ਗਤਿ ਮੋਰੀ।
ਤਜੀਲੇ ਬਨਾਰਸ ਮਤਿ ਭਈ ਥੋਰੀ । ੧ । ਰਹਾਉ ।
ਸਗਲ ਜਨਮੁ ਸਿਵ ਪੁਰੀ ਗਵਾਇਆ।
ਮਰਤੀ ਬਾਰ ਮਗਹਰਿ ਉਠਿ ਆਇਆ। ੨ ।
ਬਹੁਤ ਬਰਸ ਤਪੁ ਕੀਆ ਕਾਸੀ।
ਮਰਨੁ ਭਇਆ ਮਗਹਰ ਕੀ ਬਾਸੀ । ੩ ।
ਕਾਸੀ ਮਗਹਰ ਸਮ ਬੀਚਾਰੀ।
ਓਛੀ ਭਗਤਿ ਕੈਸੇ ਉਤਰਸਿ ਪਾਰੀ। ੪ ।
ਕਹੁ ਗੁਰ ਗਜਿ ਸਿਵ ਸਭੁ ਕੋ ਜਾਨੈ।
ਮੁਆ ਕਬੀਰੁ ਰਮਤ ਸ੍ਰੀ ਰਾਮੈ। ੫ । ੧੫ ।

ਇਸ ਸ਼ਬਦ ਵਿਚ ਕਬੀਰ ਜੀ ਨੇ ਕਾਸ਼ੀ ਅਤੇ ਮਗਹਰ ਵਿਚ ਮਰਨ ਦੇ ਮਹੱਤਵ ਅਤੇ ਹਾਨੀ ਉਤੇ ਝਾਤ ਪਾਈ ਹੈ ਕਿ ਲੋਕਾਂ ਦੀ ਧਾਰਨਾ ਹੈ ਕਿ ਮੈਂ ਪਿਛਲੇ ਜਨਮ ਵਿਚ ਚੂੰਕਿ ਤਪ ਨਹੀਂ ਕੀਤਾ ਇਸ ਵਾਸਤੇ ਮੇਰੀ ਸਥਿਤੀ ਉਸ ਮੱਛ ਵਰਗੀ ਹੋ ਗਈ ਹੈ ਜੋ ਪਾਣੀ ਵਿਚੋ ਕੱਢ ਕੇ ਬਾਹਰ ਸੁਟ ਦਿੱਤਾ ਗਿਆ ਹੋਵੇ। ਅਜਿਹੀ ਸਥਿਤੀ ਵਿਚ ਮੇਰੀ ਕੀ ਗਤੀ (ਹਾਲਤ) ਹੋਵੇਗੀ। ਮੈਂ ਅੰਤਿਮ ਸਮੇ ਬਨਾਰਸ ਛੱਡ ਦਿੱਤਾ ਹੈ, ਜਦੋਂ ਮੁਕਤੀ-ਪ੍ਰਾਪਤੀ ਦਾ ਅਵਸਰ ਆ ਚੁਕਿਆ ਸੀ। ਸਾਰਾ ਜਨਮ ਤਾਂ ਕਾਸ਼ੀ ਵਿਚ ਕਟ ਦਿੱਤਾ ਅਤੇ ਮਰਨ ਵੇਲੇ ਉਥੋਂ ਉਠ ਕੇ ਮਗਹਰ ਵਿਚ ਆ ਗਿਆ। ਪਰੰਤੂ ਕਬੀਰ ਜੀ ਸਪੱਸ਼ਟ ਕਰਦੇ ਹਨ ਕਿ ਇਹ ਨਿਰਾ ਵਹਿਮ ਹੈ ਕਿ ਬਨਾਰਸ ਵਿਚ ਮਰਨ ਵਾਲਾ ਮੁਕਤ ਹੋਵੇਗਾ ਅਤੇ ਮਗਹਰ ਵਿਚ ਮਰਨ ਵਾਲੇ ਦੀ ਗਤੀ ਨਹੀਂ ਹੋਵੇਗੀ। ਸਭ ਦਾ ਵਿਚਾਰ ਹੈ ਕਿ ਇਸ ਪ੍ਰਕਾਰ ਦੀ ਹੋਛੀ ਭਗਤੀ ਨਾਲ ਪਾਰ ਉਤਾਰਾ ਨਹੀਂ ਹੋ ਸਕਦਾ। ਅਸਲ ਵਿਚ ਸ਼ਿਵ ਪੁਰੀ ਅਤੇ ਗਣੇਸ਼ਪੁਰੀ ਵਿਚ ਕੋਈ ਅੰਤਰ ਨਹੀਂ ਹੈ। ਕਬੀਰ ਦੇ ਅੰਦਰ ਮੈਂ/ਹਉਮੈਂ ਮਿਟ ਗਈ ਹੈ, ਫਿਰ ਸਭ ਕੁਝ ਇਕ ਸਮਾਨ ਹੈ, ਮੁਕਤੀ ਪ੍ਰਾਪਤ ਕਰਨ ਵਿਚ ਕੁਝ ਵੀ ਰੁਕਾਵਟ ਨਹੀਂ ਹੈ।

ਇਥੇ ਸਪੱਸ਼ਟ ਕੀਤਾ ਗਿਆ ਹੈ ਕਿ ਕਿਸੇ ਉਚੇਰੇ ਸਥਾਨ ਵਿਚ ਮਰਨ ਨਾਲ ਕੋਈ ਮੁਕਤ ਨਹੀਂ ਹੁੰਦਾ ਅਤੇ ਨਾ ਹੀ ਕੋਈ ਮਾੜੀ ਥਾਂ ਤੇ ਮਰਨ ਨਾਲ ਮੁਕਤ ਹੁੰਦਾ ਹੈ। ਅਸਲ ਵਿਚ, ਇਹ ਭਰਮ ਹੈ। ਮੁਕਤੀ ਵਿਸ਼ੇਸ਼ ਥਾਂ ਵਿਚ ਮਰਨ ਨਾਲ ਨਹੀਂ ਹੁੰਦੀ ਸਗੋਂ ਹਰਿ ਦੇ ਨਾਮ ਦੇ ਸਿਮਰਨ ਨਾਲ ਹੀ ਇਹ ਸੰਭਵ ਹੋ ਸਕਦੀ ਹੈ।

16

ਚੋਆ ਚੰਦਨ ਮਰਦਨ ਅੰਗਾ।
ਸੋ ਤਨੁ ਜਲੈ ਕਾਠ ਕੈ ਸੰਗਾ। ੧ ।
ਇਸੁ ਤਨ ਧਨ ਕੀ ਕਵਨ ਬਡਾਈ।
ਧਰਨਿ ਪਰੈ ਉਰਵਾਰਿ ਨ ਜਾਈ । ੧ । ਰਹਾਉ ।
ਰਾਤਿ ਜਿ ਸੋਵਹਿ ਦਿਨ ਕਰਹਿ ਕਾਮ।
ਇਕੁ ਖਿਨੁ ਲੇਹਿ ਨ ਹਰਿ ਕੋ ਨਾਮ । ੨ ।
ਹਾਥਿ ਤ ਡੋਰ ਮੁਖਿ ਖਾਇਓ ਤੰਬੋਰ।
ਮਰਤੀ ਬਾਰ ਕਸਿ ਬਾਧਿਓ ਚੋਰ । ੩ ।
ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ।
ਰਾਮੈ ਰਾਮ ਰਮਤ ਸੁਖੁ ਪਾਵੈ । ੪ ।
ਕਿਰਪਾ ਕਰਿ ਕੈ ਨਾਮ ਦ੍ਰਿੜਾਈ।
ਹਰਿ ਹਰਿ ਬਾਸੁ ਸੁੰਗਧ ਬਸਾਈ । ੫ ।
ਕਹਤ ਕਬੀਰ ਚੇਤਿ ਰੇ ਅੰਧਾ।
ਸਤਿ ਰਾਮੁ ਝੂਠਾ ਸਭ ਧੰਧਾ । ੧੬ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਦਸਿਆ ਹੈ ਕਿ ਮਨੁੱਖ ਜਿਸ ਸਰੀਰ ਉਤੇ ਖੁਸ਼ਬੂਦਾਰ ਪਦਾਰਥ ਮਲਦਾ ਹੈ, ਉਸ ਸਰੀਰ ਨੂੰ ਅੰਤ ਵਿਚ ਲੱਕੜਾਂ ਵਿਚ ਸਾੜਿਆ ਜਾਂਦਾ ਹੈ। ਦੁਨੀਆਂ ਵਿਚ ਤਨ ਅਤੇ ਧਨ ਦੋਵੇਂ ਮਹੱਤਵਹੀਨ ਹੋ ਜਾਂਦੇ ਹਨ ਕਿਉਂਕਿ ਇਹ ਇਥੇ ਹੀ

ਧਰਤੀ ਉਤੇ ਪਏ ਰਹਿ ਜਾਂਦੇ ਹਨ, ਬੰਦੇ ਦੇ ਨਾਲ ਨਹੀਂ ਜਾਂਦੇ। ਮਨੁੱਖ ਦੀ ਬੜੀ ਵਿਚਿਤ੍ਰ ਸਥਿਤੀ ਹੈ। ਉਹ ਰਾਤ ਤਾਂ ਸੌਂ ਕੇ ਕੱਟ ਦਿੰਦਾ ਹੈ ਅਤੇ ਦਿਨ ਕੰਮ-ਕਾਰ, ਵਿਉਪਾਰ ਕਰਦਿਆਂ ਬਤੀਤ ਕਰ ਦਿੰਦਾ ਹੈ। ਉਹ ਸੰਸਾਰਕਤਾ ਵਿਚ ਇਤਨਾ ਮਗਨ ਰਹਿੰਦਾ ਹੈ ਕਿ ਇਕ ਛਿਣ ਲਈ ਵੀ ਪਰਮਾਤਮਾ ਦੇ ਨਾਮ ਦੀ ਅਰਾਧਨਾ ਨਹੀਂ ਕਰਦਾ। ਉਨ੍ਹਾਂ ਮਨੁੱਖਾਂ ਨੂੰ ਨਿਸ਼ਚੇ ਹੀ ਅੰਤ ਵੇਲੇ ਚੋਰਾਂ ਵਾਂਗ ਬੰਨ੍ਹ ਕੇ ਲੈ ਜਾਇਆ ਜਾਵੇਗਾ ਜੋ ਹੱਥ ਵਿਚ ਬਾਜ਼ ਆਦਿ ਸ਼ਿਕਾਰੀ ਪੰਛੀ ਦੇ ਡਰ ਨੂੰ ਧਾਰੀ ਰਖਦੇ ਹਨ ਅਤੇ ਮੂੰਹ ਵਿਚ ਪਾਨ ਚਬਾਂਦੇ ਰਹਿੰਦੇ ਹਨ। ਜੋ ਵਿਅਕਤੀ ਗੁਰੂ ਦੇ ਮਤਿ ਅਨੁਰੂਪ ਪਰਮਾਤਮਾ ਦੇ ਰੰਗ ਵਿਚ ਰੰਗੀਜ ਕੇ ਹਰਿ ਗੁਣ ਗਾਉਂਦਾ ਰਹਿੰਦਾ ਹੈ, ਉਹ ਪ੍ਰਭੂ ਦੇ ਸਿਮਰਨ ਦਾ ਅਧਿਆਤਮਿਕ ਸੁੱਖ ਅਥਵਾ ਆਨੰਦ ਪ੍ਰਾਪਤ ਕਰਦਾ ਹੈ। ਪਰਮਾਤਮਾ ਕ੍ਰਿਪਾ ਕਰਕੇ ਜਿਸ ਨੂੰ ਆਪਣਾ ਨਾਮ ਜਪਾ ਦਿੰਦਾ ਹੈ, ਤਾਂ ਉਸ ਵਿਚ ਹਰਿ ਦੇ ਨਾਮ ਦੀ ਸੁਗੰਧੀ ਖਿਲਰ ਜਾਂਦੀ ਹੈ। ਅਜਿਹੀ ਸਥਿਤੀ ਪ੍ਰਾਪਤ ਕਰਨ ਲਈ ਪਰਮਾਤਮਾ ਦੀ ਅਰਾਧਨਾ ਕਰਨੀ ਚਾਹੀਦੀ ਹੈ ਕਿਉਂਕਿ ਸਤਿਨਾਮ ਤੋਂ ਬਿਨਾਂ ਹੋਰ ਸਭ ਕਾਰ-ਵਪਾਰ ਝੂਠਾ ਹੈ।

ਇਥੇ ਸੰਸਾਰਕ ਪਦਾਰਥਾਂ ਅਤੇ ਮਨੁੱਖੀ ਸਰੀਰ ਦੀ ਨਸ਼ਵਰਤਾ, ਮਾੜੇ ਕਰਮਾਂ ਦੀ ਸਜ਼ਾ ਨੂੰ ਸਪੱਸ਼ਟ ਕਰਕੇ ਹਰਿ ਨਾਮ ਦੇ ਸਿਮਰਨ ਵਲ ਮੋੜਿਆ ਗਿਆ ਹੈ ਕਿਉਂਕਿ ਇਸ ਸੰਸਾਰ ਵਿਚ ਇਕ ਹੀ ਸਥਾਈ ਵਸਤੂ ਹੈ। ਹੋਰ ਸਾਰਾ ਕੁਝ ਵਿਅਰਥ ਹੈ। ਮਰਨ ਤੋਂ ਪਿੱਛੋਂ ਪ੍ਰਾਪਤ ਹੋਣ ਵਾਲੇ ਜੀਵਨ ਵਿਚ ਪਰਮਾਤਮਾ ਦੇ ਨਾਮ ਸਿਮਰਨ ਦਾ ਫਲ ਹੀ ਪ੍ਰਾਪਤ ਹੋ ਸਕਦਾ ਹੈ, ਹੋਰ ਕੁਝ ਵੀ ਨਹੀਂ।

## ਅਭਿਆਸ ਲਈ ਪ੍ਰਸ਼ਨ

1. ਕੀ ਜੋਗ ਜਾਂ ਬ੍ਰਹਮ ਦੀ ਪ੍ਰਾਪਤੀ ਲਈ ਸਰੀਰਕ ਕਸ਼ਟ ਜ਼ਰੂਰੀ ਹਨ। ਬਾਣੀ ਵਿਚੋਂ ਉਦਾਹਰਣ ਦੇ ਕੇ ਸਪੱਸ਼ਟ ਕਰੋ।
2. ਸੰਸਾਰਕ ਮੋਹ ਮੁਕਤੀ ਵਿਚ ਬੰਧਨ ਪਾਉਂਦਾ ਹੈ ? ਬਾਣੀ ਵਿਚ ਉਦਾਹਰਣ ਦੇ ਕੇ ਸਪੱਸ਼ਟ ਕਰੋ।
3. ਕਬੀਰ ਰਚਨਾ ਦੀ ਅਜੋਕੇ ਸਮੇਂ ਵਿਚ ਕੀ ਸਾਰਥਿਕਤਾ ਹੋ ਸਕਦੀ ਹੈ। ਸਿੱਧ ਕਰੋ।

ਪਾਠ ਨੰਬਰ : 1.2

## ਰਾਗ ਆਸਾ : ਬਾਣੀ ਸੰਤ ਕਬੀਰ

1

ਗੁਰ ਚਰਨ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ।
ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ । ੧ ।
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੁਟੈ।
ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੇ । ੧ । ਰਹਾਉ।
ਮਾਇਆ ਫਾਸ ਬੰਧ ਨਹੀਂ ਫਾਰੇ ਮਾਰ ਮਨ ਸੁੰਨਿ ਨ ਲੂਕੇ।
ਆਪਾ ਪਦੁ ਨਿਰਬਾਣੁ ਨ ਚੀਨਿਟਾ ਇਨ ਬਿਧਿ ਅਭਿਉ ਨਾ ਚੂਕੇ । ੨ ।
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ।
ਉਦੇ ਅਸਤ ਕੀ ਮਨਿ ਬੁਧਿ ਨਾਸੀ ਤਉ ਸਦਾ ਸਹਜਿ ਲਿਵਲੀਣਾ । ੩ ।
ਜਿਉ ਪ੍ਰਤਿਬਿੰਬੁ ਬਿੰਬੁ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ।
ਕਹੁ ਕਬੀਰ ਐਸਾ ਗੁਣ ਭ੍ਰਮ ਭਾਗਾ ਭਉ ਮਨੁ ਸੁੰਨਿ ਸਮਾਨਾ । ੪ । ੧ ।

ਇਸ ਸ਼ਬਦ ਵਿਚ ਕਬੀਰ ਜੀ ਨੇ ਸੰਸਾਰ ਦੀ ਉਤਪੱਤੀ ਅਤੇ ਵਿਨਾਸ਼ ਬਾਰੇ ਆਪਣੇ ਗੁਰੂ ਅੱਗੇ ਬੜੇ ਗੰਭੀਰ ਪ੍ਰਸ਼ਨ ਰੱਖੇ ਹਨ। ਇਹ ਪ੍ਰਸ਼ਨ ਇਕ ਪ੍ਰਕਾਰ ਦੀ ਬੇਨਤੀ ਹੈ ਕਿ ਮੈਂ ਮਨੁੱਖਾ ਜੀਵਨ ਕਿਸ ਕਾਰਨ ਕਰਕੇ ਪ੍ਰਾਪਤ ਕੀਤਾ ਹੈ। ਸੰਸਾਰ ਕਿਉਂ ਜੰਮਦਾ ਹੈ, ਕਿਉਂ ਮਰਦਾ ਹੈ। ਇਸ ਗੱਲ ਦਾ ਮੈਨੂੰ ਗਿਆਨ ਨਹੀਂ ਇਸ ਸੰਬੰਧੀ ਮੈਨੂੰ ਸਮਝਾ ਦਿੱਤਾ ਜਾਏ। ਮੈਨੂੰ ਅਜਿਹੇ ਕੰਮ ਉੱਤੇ ਲਗਾ ਦਿੱਤਾ ਜਾਏ, ਜਿਸ ਨਾਲ ਸੰਸਾਰ ਦੇ ਭੈਅ ਅਤੇ ਬੰਧਨ ਟੁੱਟ ਜਾਣ। ਨਾਲ ਹੀ ਜਨਮ ਮਰਨ ਦੇ ਬੰਧਨਾਂ ਅਤੇ ਆਵਾਗਵਣ ਦੇ ਚੱਕਰ ਤੋਂ ਛੁੱਟ ਜਾਵਾਂ। ਮਨ ਨਾ ਤਾਂ ਮਾਇਆ ਦੇ ਬੰਧਨਾਂ ਨੂੰ ਤੋੜਨ ਦਾ ਯਤਨ ਕਰਦਾ ਹੈ ਅਤੇ ਨਾ ਹੀ ਪਰਮਾਤਮਾ ਵਿਚ ਲੀਨ ਹੁੰਦਾ ਹੈ। ਉਹ ਆਪਣੇ ਨਿੱਜ ਪਦ ਨੂੰ ਨਹੀਂ ਪਛਾਣਦਾ ਅਤੇ ਈਸ਼ਵਰੀ ਪ੍ਰਭਾਵ ਤੋਂ ਅਲੱਗ ਹੀ ਰਹਿੰਦਾ ਹੈ। ਉਹ ਅਭਾਵ ਨੂੰ ਭਾਵ ਸਮਝ ਲੈਂਦਾ ਹੈ। ਜਦੋਂ ਮਨ ਵਿਚੋਂ ਜਨਮ ਮਰਨ ਦੀਆਂ ਗੱਲਾਂ ਸਮਾਪਤ ਨਹੀਂ ਹੁੰਦੀਆ, ਤਦ ਤਕ ਇਹ ਸਹਿਜ ਅਵਸਥਾ ਵਿਚ ਲੀਨ ਨਹੀਂ ਹੋ ਸਕਦਾ। ਜਿਵੇਂ ਪ੍ਰਤਿਬਿੰਬ ਮੂਲ ਬਿੰਬ ਵਿਚ ਮਿਲ ਜਾਂਦਾ ਹੈ ਅਤੇ ਕੁੰਭ ਦਾ ਜਲ, ਜਲ ਵਿਚ ਸਮਾਅ ਜਾਂਦਾ ਹੈ, ਉਹ ਸਥਿਤੀ ਜੀਵ ਦੀ ਹੈ, ਉਹ ਵੀ ਆਪਣੀ ਆਤਮਾ ਗੁਣਾਂ ਨਾਲ ਵਿਕਸਿਤ ਕਰ ਕੇ ਪਰਮਾਤਮਾ ਵਿਚ ਲੀਨ ਕਰ ਦਿੰਦਾ ਹੈ।

ਇਥੇ ਕਬੀਰ ਜੀ ਨੇ ਸੰਸਾਰ ਦੇ ਆਵਾਗਵਣ ਅਤੇ ਉਤਪਤੀ ਅਤੇ ਵਿਨਾਸ਼ ਦੇ ਕਾਰਣਾਂ ਬਾਰੇ ਆਪਣੀ ਜਿਗਿਆਸਾ ਦੇ ਸੰਦਰਭ ਵਿਚ ਸਪੱਸ਼ਟ ਕੀਤਾ ਹੈ ਕਿ ਆਤਮਾ ਅਤੇ ਪਰਮਾਤਮਾ ਦੇ ਸੰਬੰਧ ਅੰਸ਼ ਅੰਸ਼ੀ ਵਾਲਾ ਹੈ। ਇਹ ਬਿੰਬ ਪ੍ਰਤਿਬਿੰਬ ਵਾਲਾ ਸੰਬੰਧ ਵੀ ਕਹਿ ਸਕਦੇ ਹਾਂ। ਅੰਤਰ ਕੇਵਲ ਮਾਯਾਵੀ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਉਂਜ ਆਤਮਾ ਪਰਮਾਤਮਾ ਇਕ ਹਨ, ਮਾਯਾਵੀ ਪਰਦਾਂ ਹਟਣ ਨਾਲ ਆਤਮਾ ਪਰਮਾਤਮਾ ਪਰਸਪਰ ਮਿਲ ਜਾਂਦੇ ਹਨ ਅਤੇ ਦੋਹਾਂ ਦੀ ਹੋਂਦ ਇਕ ਹੋ ਜਾਂਦੀ ਹੈ।

2

ਗਜ ਸਾਢੇ ਤ੍ਰੈ ਤ੍ਰੈ ਧੋਤੀਆ ਤਿਹਰੇ ਪਾਇਨਿ ਤਗ।
ਗਲੀ ਜਿਨ੍ਹਾਂ ਜਪਮਾਲੀਆ ਲੋਟੇ ਹਥਿ ਨਿਬਗ।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠੱਗ। ੧ ।
ਐਸੇ ਸੰਤ ਨ ਮੋਕਉ ਭਾਵਹਿ।
ਡਾਲਾ ਸਿਉ ਪੇਡਾ ਗਟਕਾਵਹਿ। ੧ । ਰਹਾਉ ।
ਬਾਸਨ ਮਾਲਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।

ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ । ੨ ।
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ।
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ । ੩ ।
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ।
ਕਹੁ ਕਬੀਰ ਜਿਸ ਸਤਿਗੁਰੁ ਭੇਟੈ ਪੁਨਰਪਿ ਜਨਮ ਨਾ ਆਵੈ । ੪ । ੨ ।

ਇਸ ਸ਼ਬਦ ਵਿਚ ਕਬੀਰ ਜੀ ਨੇ ਪਾਖੰਡੀ ਬ੍ਰਾਹਮਣਾਂ ਭਾਵ ਪੁਜਾਰੀਆਂ ਦੀ ਵਾਸਤਵਿਕ ਸਥਿਤੀ ਨੂੰ ਉਘਾੜਿਆ ਹੈ। ਕਿਵੇਂ ਪੁਜਾਰੀ ਲੋਕ ਸਾਢੇ ਤਿੰਨ ਗਜ ਦੀ ਧੋਤੀ ਬੰਨ੍ਹ ਕੇ ਗਲੇ ਵਿਚ ਜਪ-ਮਾਲਾ ਪਾ ਕੇ, ਹੱਥ ਵਿਚ ਲਿਸ਼ਕਦੇ ਹੋਏ ਲੋਟੇ ਫੜ ਕੇ ਅਤੇ ਜਨੇਊ ਧਾਰਨ ਕਰ ਕੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਬਣਾ ਕੇ ਫਿਰਦੇ ਹਨ ਪਰੰਤੂ ਇਨ੍ਹਾਂ ਨੂੰ ਸੰਤ ਨਹੀਂ ਸਮਝਣਾ ਚਾਹੀਦਾ। ਇਹ ਅਸਲੋਂ ਬਨਾਰਸ ਕੇ ਠੱਗ ਹਨ। ਇਸ ਪ੍ਰਕਾਰ ਦੇ ਠੱਗ ਨੂੰ ਕਬੀਰ ਜੀ ਵਰਗੇ ਸੱਚੇ ਸਾਧਕ ਭਲਾ ਕਿਵੇਂ ਚੰਗੇ ਲਗ ਸਕਦੇ ਹਨ। ਇਹ ਤਾਂ ਦਰਖਤਾਂ ਦੀਆਂ ਟਹਿਣੀਆਂ ਖਾ ਜਾਣ ਵਾਲੇ ਹਨ। ਬਰਤਨ ਚੰਗੀ ਤਰ੍ਹਾਂ ਸਾਫ ਕਰ ਕੇ, ਚੌਕਾ ਦੇ ਕੇ ਲਕੜੀਆਂ ਨੂੰ ਧੋ ਕੇ ਭੋਜਨ ਤਿਆਰ ਕਰਦੇ ਹਨ। ਅਜਿਹੇ ਸੁੱਚਮ ਦਾ ਦਾਵਾ ਕਰਨ ਵਾਲੇ ਅਸਲੋਂ ਮਨੁੱਖਾਂ ਨੂੰ ਖਾਣ ਵਾਲੇ ਹਨ। ਉਹ ਮੂਲ ਰੂਪ ਵਿਚ ਤਾਂ ਪਾਪੀ ਹਨ, ਪਰੰਤੂ ਆਪਣੇ ਆਪ 'ਅਪਰਸ' (ਸੁੱਚੇ) ਦਸਦੇ ਹਨ। ਉਹ ਆਪਣੇ ਇਸ ਭੇਖ ਕਰਕੇ ਪਾਪ ਕਰਮ ਵਿਚ ਮਗਨ ਰਹਿੰਦੇ ਹਨ। ਅਜਿਹੀ ਕਾਰਵਾਈ ਕਰਕੇ ਉਹ ਆਪ ਹੀ ਨਹੀਂ ਆਪਣੇ ਸਾਰੇ ਪਰਿਵਾਰ ਨੂੰ ਹੀ ਡੁਬੋ ਦਿੰਦੇ ਹਨ। ਅਸਲ ਵਿਚ ਬੰਦੇ ਦੇ ਵਸ ਵਿਚ ਕੁਝ ਵੀ ਨਹੀਂ, ਜਿਵੇਂ ਪਰਮਾਤਮਾ ਉਸ ਨੂੰ ਜਿਸ ਕੰਮ ਉਤੇ ਲਗਾਂਦਾ ਹੈ, ਉਹ ਉਸੇ ਵਿਚ ਲਗਦਾ ਹੈ। ਪਰ ਜੋ ਸਤਿਗੁਰੂ ਨੂੰ ਮਿਲ ਪੈਂਦਾ ਹੈ, ਉਸਦਾ ਆਵਾਗਵਣ ਖ਼ਤਮ ਹੋ ਜਾਂਦਾ ਹੈ।

ਇਥੇ ਬਾਹਰਲੇ ਦਿਖਾਵੇ ਦੇ ਪਾਖੰਡਾਂ ਨੂੰ ਨਕਾਰਿਆ ਗਿਆ ਹੈ। ਅਜਿਹੇ ਕਰਮਾਂ ਅਤੇ ਆਡੰਬਰਾਂ ਨਾਲ ਪਾਪਾਂ ਵਿਚ ਵਾਧਾ ਹੀ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਨਾਲ ਨਾ ਤਾਂ ਮੁਕਤੀ ਮਿਲਦੀ ਹੈ ਨਾਂ ਹੀ ਕੋਈ ਹੋਰ ਲਾਭ ਪ੍ਰਾਪਤ ਹੁੰਦਾ ਹੈ। ਸਭ ਕੁਝ ਪਰਮਾਤਮਾ ਦੇ ਹੱਥ ਵਿਚ ਹੈ। ਇਸ ਸਥਿਤੀ ਵਿਚ ਸਾਧਕ ਨੂੰ ਕੇਵਲ ਗੁਰੂ ਹੀ ਬਾਹਰ ਕੱਢ ਸਕਦਾ ਹੈ।

3

ਬਾਪਿ ਦਿਲਾਸਾ ਮੇਰੋ ਕੀਨਾ।
ਸੇਜ ਸੁਖਾਲੀ ਮੁਖਿ ਅੰਮ੍ਰਿਤ ਦੀਨਾ।
ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ।
ਆਗੈ ਗਇਆ ਨ ਬਾਜੀ ਹਾਰੀ । ੧ ।
ਮੁਈ ਮੇਰੀ ਮਾਈ ਹਉ ਖਰਾ ਸੁਖਾਲਾ।
ਪਹਿਰਉ ਨਹੀਂ ਦਗਲੀ ਲਗੈ ਨਾ ਪਾਲਾ । ੧ । ਰਹਾਉ।
ਬਲਿ ਤਿਸੁ ਬਾਪੈ ਜਿਨਿ ਹਉ ਜਾਇਆ।
ਪੰਚਾ ਤੇ ਮੇਰਾ ਸੰਗੁ ਚੁਕਾਇਆ।
ਪੰਚ ਮਾਰਿ ਪਾਵਾ ਤਲਿ ਦੀਨੇ।
ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ । ੨ ।
ਪਿਤਾ ਹਮਾਰੈ ਵਡ ਗੋਸਾਈ।
ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ।
ਸਤਿਗੁਰ ਮਿਲੇ ਤਾਂ ਮਾਰਗੁ ਦਿਖਾਇਆ।
ਜਗਤ ਪਿਤਾ ਮੇਰੈ ਮਨ ਭਾਇਆ । ੧ ।
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ।
ਏਕੈ ਠਾਹਰ ਦੂਹਾ ਬਸੇਰਾ।
ਕਹੁ ਕਬੀਰ ਜਿਨਿ ਏਕੋ ਬੂਝਿਆ।
ਗੁਰਪ੍ਰਸਾਦਿ ਮੈਂ ਸਭੁ ਕਿਛੁ ਸੁਇਆ । ੪ । ੩ ।

ਇਸ ਸ਼ਬਦ ਵਿਚ ਕਬੀਰ ਜੀ ਨੇ ਪਰਮ ਸੱਤਾ ਨਾਲ ਆਪਣੇ ਸੰਬੰਧ ਨੂੰ ਦਰਸਾਇਆ ਹੈ। ਉਸ ਪਿਤਾ ਨੇ ਹੀ ਦਿਲਾਸਾ ਦਿੱਤਾ

ਹੈ, ਸੁਖਮਈ ਸੇਜ ਬਖ਼ਸ਼ੀ ਹੈ ਅਤੇ ਮੁਖ ਵਿਚ ਅੰਮ੍ਰਿਤ ਚੋਇਆ ਹੈ। ਅਜਿਹੇ ਪਿਤਾ ਨੂੰ ਮਨੋ ਨਹੀਂ ਭੁਲਾਣਾ ਚਾਹੀਦਾ। ਅਜਿਹਾ ਕਰਨ ਨਾਲ ਅਗਲੇ ਸੰਸਾਰ ਵਿਚ ਅਰਥਾਤ ਪਰਮਾਤਮਾ ਦੇ ਦੁਆਰ ਉਤੇ ਅਸਵਿਕ੍ਰਿਤੀ ਦੀ ਸਥਿਤੀ ਨਹੀਂ ਵੇਖਣੀ ਪੈਂਦੀ। ਜਦੋਂ ਵਿਅਕਤੀ ਉਪਰੋਂ ਮਾਇਆ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ, ਤਾਂ ਉਹ ਪਾਪਾਂ ਤੋਂ ਮੁਕਤ ਹੋ ਜਾਂਦਾ ਹੇ, ਸਹੀ ਮਾਰਗ ਉਤੇ ਚਲਦਾ ਹੈ, ਉਹ ਅਗਿਆਨ ਦੇ ਅਸਰ ਤੋਂ ਬਾਹਰ ਨਿਕਲ ਜਾਂਦਾ ਹੈ, ਫਿਰ ਇਸ ਪ੍ਰਥਾਇ ਕੋਈ ਯਤਨ ਨਹੀਂ ਕਰਨੇ ਪੈਂਦੇ। ਉਸ ਪਰਮ ਪਿਤਾ ਤੋਂ ਆਪਾ ਵਾਰਨਾ ਚਾਹੀਦਾ ਹੈ ਜਿਸ ਨੇ ਜੀਵ ਨੂੰ ਇਸ ਸੰਸਾਰ ਵਿਚ ਲਿਆਂਦਾ ਹੈ, ਪੰਜ ਵਿਕਾਰਾਂ ਤੋਂ ਮੁਕਤ ਰੱਖਿਆ ਹੈ ਅਤੇ ਰਾਮ ਨਾਮ ਦੇ ਸਿਮਰਨ ਵਿਚ ਮਨ ਨੂੰ ਲਗਾਇਆ ਹੈ। ਅਜਿਹੇ ਪਿਤਾ ਤੋਂ ਸਚ ਮੁਚ ਕੁਰਬਾਨ ਹੋਣਾ ਚਾਹੀਦਾ ਹੈ। ਸਤਿਗੁਰੂ ਨੇ ਕ੍ਰਿਪਾ ਕਰਕੇ ਉਸ ਨਾਲ ਮਿਲਾ ਦਿੱਤਾ ਹੈ। ਅਜਿਹੀ ਅਵਸਥਾ ਵਿਚ ਪਿਤਾ ਪੁੱਤਰ ਦੇ ਮਿਲਾਪ ਦਾ ਅਹਿਸਾਸ ਹੁੰਦਾ ਹੈ, ਦੋਹਾਂ ਦਾ ਇਕੋ ਥਾਂ ਤੇ ਠਿਕਾਣਾ ਹੈ। ਜਿਸ ਨੇ ਗੁਰੂ ਦੀ ਕ੍ਰਿਪਾ ਨਾਲ ਉਸ ਪਰਮਾਤਮਾ ਨੂੰ ਸਮਝ ਲਿਆ ਹੈ, ਉਸ ਨੇ ਸਭ ਕੁਝ ਹੀ ਸਮਝ ਲਿਆ ਹੈ।

ਇਥੇ ਮਨੁੱਖ ਜਨਮ ਮਿਲਣ ਲਈ ਪਰਮਾਤਮਾ ਦੀ ਕ੍ਰਿਪਾ ਦਾ ਅਨੁਭਵ ਹੁੰਦਾ ਹੈ। ਮਾਇਆ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ। ਸਤਿਗੁਰੂ ਦੀ ਮਿਹਰ ਨਾਲ ਪਰਮਾਤਮਾ ਵਿਚ ਲੀਨਤਾ ਹੋ ਜਾਂਦੀ ਹੈ। ਆਤਮਾ ਅਤੇ ਪਰਮਾਤਮਾ ਪਿਉ ਪੁੱਤਰ ਵਾਂਗੂੰ ਇਕੋ ਥਾਂ ਤੇ ਸਥਿਤ ਹੋ ਜਾਂਦੇ ਹਨ। ਪਰਮਾਤਮਾ ਦਾ ਭੇਦ ਸਮਝਣ ਨਾਲ ਸਭ ਕੁਝ ਸਮਝਿਆ ਜਾ ਸਕਦਾ ਹੈ।

4

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ।
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਕੇ ਰਾਨੀ । ੧ ।
ਨਕਟੀ ਕੋ ਠਨਗਨੁ ਬਾਡਾਡੂੰ ਕਿਨਹਿ ਬਿਬੇਕੀ ਕਾਟੀ ਤੂੰ ।।।ਰਹਾਉ।
ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ।
ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ । ੨ ।
ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ।
ਓਹੁ ਹਮਾਰੇ ਮਾਥੇ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ । ੩ ।
ਨਾਕਹੁ ਕਾਟੀ ਕਾਨਹੁ ਕਾਟੀ ਕੂਟਿ ਕੈ ਡਾਰੀ।
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ । ੪ । ੪ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਕਿਹਾ ਕਿ ਵਾਮਾਚਾਰੀ ਮਨੁੱਖ ਇਕ ਬਰਤਨ ਵਿਚ ਕੁਕੜ ਦਾ ਰਿੰਨ੍ਹਿਆ ਹੋਇਆ ਮਾਸ ਪਾ ਲੈਂਦੇ ਹਨ ਅਤੇ ਇਕ ਵਿਚ ਸ਼ਰਾਬ ਭਰ ਲੈਂਦੇ ਹਨ। ਉਨ੍ਹਾਂ ਬਰਤਨਾਂ ਦੇ ਇਰਦ ਗਿਰਦ ਵਾਮਾਚਾਰੀ ਪੰਜ ਜੋਗੀ ਬੈਠਦੇ ਹਨ (ਅਰਥਾਤ-ਕਾਮਾਦਿਕ ਵਿਕਾਰ ਬੈਠ ਜਾਂਦੇ ਹਨ) ਅਤੇ ਉਨ੍ਹਾਂ ਦੇ ਵਿਚਾਲੇ ਮਾਇਆ ਰੂਪ ਰਾਣੀ (ਸੇਵਨ ਕਰਾਉਣ ਵਾਲੀ ਇਸਤਰੀ) ਬੈਠ ਜਾਂਦੀ ਹੈ। ਮਾਇਆ ਦਾ ਵਿਜੈਈ ਨਗਾਰਾ ਚੋਹਾਂ ਪਾਸੇ ਵਜਦਾ ਹੈ, (ਭਾਵ ਸਭ ਪਾਸੇ ਪ੍ਰਭਾਵ ਪਸਰਿਆ ਹੋਇਆ ਹੈ)। ਪਰੰਤੂ ਇਸ ਮਾਇਆ ਨੂੰ ਕਿਸੇ ਵਿਰਲੇ ਬਿਬੇਕੀ (ਸੂਝਵਾਨ ਸਾਧਕ) ਨੇ ਹੀ ਕੱਟਿਆ ਹੈ। ਮਾਇਆ ਦਾ ਸਭ ਵਿਚ ਵਾਸਾ ਹੈ। ਇਸ ਨੇ ਸਭ ਨੂੰ ਮਾਰ ਕੇ ਅਧੀਨ ਕੀਤਾ ਹੋਇਆ ਹੈ। ਸਭ ਨੇ ਇਸ ਨਾਲ ਨਿਕਟ ਸੰਬੰਧ ਕਾਇਮ ਕੀਤੇ ਹੋਏ ਹਨ। ਪਰੰਤੂ ਇਹ ਉਸ ਦੀ ਸੇਵਿਕਾ ਹੈ ਜਿਸ ਨੇ ਉਸ ਨਾਲ ਵਿਆਹ ਕਰ ਲਿਆ ਹੈ। (ਅਰਥਾਤ – ਜਿਸ ਸਾਧਕ ਨੇ ਆਪਣੇ ਵਿਵੇਕ ਰਾਹੀਂ ਇਸ ਨੂੰ ਕਾਬੂ ਕਰ ਲਿਆ ਹੈ)। ਇਹ ਵਿਵੇਕ ਹੀ ਮਾਯਾ ਦਾ ਸੁਆਮੀ ਹੈ ਅਤੇ ਅਜਿਹਾ ਵਿਅਕਤੀ ਹੀ ਸੰਤ ਅਖਵਾਉਂਦਾ ਹੈ। ਉਹੀ ਉਸ ਦੇ ਸਿਰ ਉਤੇ ਆਪਣੀ ਸਮਰੱਥਾ ਨੂੰ ਸਥਾਪਤ ਕਰਦਾ ਹੈ, ਹਰ ਕਿਸੇ ਦੀ ਮਜਾਲ ਨਹੀਂ ਜੋ ਉਸ ਦੇ ਨੇੜੇ ਜਾਵੇ ਸੰਤ ਹੀ ਇਸ ਵੈਰਨ ਦੀ ਸ਼ਕਤੀ ਨੂੰ ਸਮੇਟ ਕੇ ਆਪਣੇ ਅਧੀਨ ਰਖਦੇ ਹਨ ਬਾਕੀ ਸੰਸਾਰੀਆਂ ਲਈ ਉਹ ਬਹੁਤ ਪਿਆਰੀ ਹੈ।

ਇਥੇ ਸੰਤ ਕਬੀਰ ਜੀ ਨੇ ਮਾਯਾ ਦੀ ਸ਼ਕਤੀ ਅਤੇ ਪ੍ਰਭਾਵ ਨੂੰ ਬੜੇ ਸੁੰਦਰ ਢੰਗ ਨਾਲ ਪ੍ਰਗਟਾਇਆ ਹੈ। ਸਪੱਸ਼ਟ ਹੈ ਕਿ ਮਾਇਆ ਬਹੁਤ ਪ੍ਰਬਲ ਸ਼ਕਤੀ ਹੈ। ਕਾਮਾਦਿਕ ਵਿਕਾਰ ਉਸ ਦੀ ਸੰਤਾਨ ਹਨ ਜਿਨ੍ਹਾਂ ਦੁਆਰਾ ਉਹ ਆਪਣਾ ਗਲਬਾ ਸਾਰੇ ਸੰਸਾਰ ਉਤੇ ਪਾਈ ਰੱਖਦੀ ਹੈ। ਅਧਿਆਤਮਿਕ ਮਾਰਗ ਦੇ ਪਾਂਧੀ ਉਹ ਭ੍ਰਸ਼ਟ ਕਰਨ ਦਾ ਪੂਰਾ ਵਾਹ ਲਾਂਦੀ ਹੈ, ਪਰੰਤੂ ਸੰਤ ਲੋਕ ਆਪਣੇ ਬ੍ਰਹਮ ਗਿਆਨ ਦੁਆਰਾ ਸਦਾ ਉਸ ਨੂੰ ਆਪਣੇ ਪ੍ਰਭਾਵ ਵਿਚ ਰੱਖਦੇ ਹਨ।

5

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ।

ਲੁੰਜਿਤ ਮੁੰਜਿਤ ਮੋਨਿ ਜਟਾ ਧਰ ਅੰਤਿ ਤਊ ਮਾਰਨਾ । ੧ ।
ਤਾਤੇ ਸੇਵੀਅਲੇ ਰਾਮਨਾ । ਰਸਨਾ ਰਾਮ ਨਾਮ ਹਿਤੁ ਜਾਕੈ ਕਹਾ ਕਰੈ ਜਮਨਾ । ੧ । ਰਹਾਉ।
ਆਗਮ ਨਿਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ । ੨ ।
ਤੰਤ੍ਰ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ । ੨ ।
ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁਤ ਸੁੰਦਰ ਰਮਨਾ।
ਪਾਨ ਕਪੂਰ ਸੁ ਬਾਸਕ ਚੰਦਨ ਅੰਤਿ ਤਊ ਮਰਨਾ । ੩ ।
ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੁ ਨ ਊਬਰਨਾ।
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ । ੪ । ੫ ।

ਕਬੀਰ ਜੀ ਇਸ ਪਦ ਵਿਚ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਅਧਿਆਤਮਿਕ ਉਨਤੀ ਲਈ ਕਈ ਲੋਕ ਜੋਗੀ, ਸੰਨਿਆਸੀ, ਜਤੀ, ਤਪੀ ਅਤੇ ਤੀਰਥਾਂ ਉਤੇ ਯਾਤਰਾ ਕਰਨ ਵਾਲੇ ਹਨ। ਕਈ ਸਰੇਵੜੇ, ਬੈਰਾਗੀ, ਮੋਨਧਾਰੀ, ਜਟਾਧਾਰੀ ਹਨ। ਇਸ ਤਰ੍ਹਾਂ ਦੀ ਸਾਧਨਾ ਕਰਨ ਦੇ ਬਾਵਜੂਦ ਉਹ ਮਰ ਜਾਂਦੇ ਹਨ। ਜਦੋਂ ਇੰਨਾ ਕੁਝ ਕਰਨ ਤੇ ਵੀ ਮਰਨਾ ਨਿਸ਼ਚਿਤ ਹੈ ਤਾਂ ਫਿਰ ਰਾਮ ਨਾਮ ਦਾ ਸਿਮਰਨ ਕਿਉਂ ਨਾ ਕੀਤਾ ਜਾਏ ਜਿਸ ਕਰਕੇ ਜਮਰਾਜ ਦਾ ਡਰ ਨਸ਼ਟ ਹੋ ਜਾਏ। ਵੇਦਾਂ, ਸ਼ਾਸਤਰਾਂ, ਜੋਤਿਸ਼ਾਂ, ਵਿਆਕਰਨਾਂ, ਜੰਤਰਾਂ, ਮੰਤਰਾਂ ਅਤੇ ਹਰ ਪ੍ਰਕਾਰ ਦੀਆਂ ਔਸ਼ਧੀਆਂ ਜਾਣਨ ਵਾਲੇ ਵੀ ਅੰਤ ਨੂੰ ਮੌਤ ਨੂੰ ਪ੍ਰਾਪਤ ਹੁੰਦੇ ਹਨ। ਰਾਜਿਆਂ ਦੇ ਪਾਸ ਭੋਗ ਦੇ ਸਾਧਨ, ਸੁੰਦਰ ਇਸਤਰੀਆਂ ਅਤੇ ਸੁਗੰਧਿਤ ਪਦਾਰਥ ਆਦਿ ਅਨੇਕ ਪ੍ਰਕਾਰ ਦੇ ਮੌਜ ਮੇਲੇ ਦੀ ਵਿਵਸਥਾ ਹੁੰਦੀ ਹੈ ਪਰੰਤੂ ਉਨ੍ਹਾਂ ਨੇ ਵੀ ਅੰਤ ਨੂੰ ਅਵੱਸ਼ ਮਰਨਾ ਹੈ। ਵੇਦਾਂ, ਪੁਰਾਣਾਂ, ਸਮ੍ਰਿਤੀਆਂ ਆਦਿ ਅਨੇਕ ਧਰਮ ਪੁਸਤਕਾਂ ਖੋਜ ਕੇ ਸਪੱਸ਼ਟ ਹੋ ਗਿਆ ਹੈ ਕਿ ਕਿਸੇ ਦੁਆਰਾ ਵੀ ਮਨੁੱਖ ਮਾਯਾ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਤਾਂ ਫਿਰ ਕਿਉਂ ਨਾ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ ਜਾਏ, ਜਿਸ ਕਰਕੇ ਆਵਾਗੋਣ ਦਾ ਚੱਕਰ ਖ਼ਤਮ ਹੋ ਜਾਏ।

ਇਥੇ ਸੰਤ ਕਬੀਰ ਜੀ ਨੇ ਸਪੱਸ਼ਟ ਸਥਾਪਨਾ ਕੀਤੀ ਹੈ ਕਿ ਅਧਿਆਤਮਿਕ ਮਾਰਗ ਉਤੇ ਅੱਗੇ ਵਧਣ ਅਤੇ ਆਪਣਾ ਪਾਰ ਉਤਾਰਾ ਕਰਾਉਣ ਲਈ ਜੋ ਵੀ ਸਾਧਨ ਵਰਤੇ ਜਾ ਰਹੇ ਹਨ, ਉਹ ਵਿਅਰਥ ਹਨ ਕਿਉਂਕਿ ਉਨ੍ਹਾਂ ਤੋਂ ਕਿਸੇ ਪ੍ਰਕਾਰ ਦੀ ਕੋਈ ਸਫ਼ਲਤਾ ਪ੍ਰਾਪਤ ਨਹੀਂ ਹੋ ਸਕਦੀ। ਅਧਿਆਤਮਿਕ ਉਨਤੀ ਦਾ ਸਭ ਤੋਂ ਵਿਸ਼ਵਾਸਯੋਗ ਸਾਧਨ ਇਕ ਹੀ ਹੈ ਅਤੇ ਉਹ ਹੈ ਹਰਿ ਦੇ ਨਾਮ ਦਾ ਸਿਮਰਨ ਕਿਉਂਕਿ ਇਹ ਸਭ ਉਤੇ ਹਾਵੀ ਹੈ। ਕੋਈ ਵੀ ਇਸ ਦਾ ਵਿਰੋਧ ਨਹੀਂ ਕਰ ਸਕਦਾ।

6

ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ।
ਪਹਿਰਿ ਚੋਲਨਾ ਗਦਰਾ ਨਾਚੈ ਭੈਸਾ ਭਗਤਿ ਕਰਾਵੈ । ੧ ।
ਰਾਜਾ ਰਾਮ ਕਕਰੀਆ ਬੇਰੇ ਪਕਾਏ।
ਕਿਨੈ ਬੂਝਨਿ ਹਾਰੇ ਖਾਏ । ੧ । ਰਹਾਉ ।
ਬੈਠ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।
ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ । ੨ ।
ਬੰਝ ਕੇ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।
ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ । ੩ ।
ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ।
ਕਛੂਆ ਕਹੈ ਅੰਗਾਰ ਭਿਲੋਰਉ ਲੂਕੀ ਸਬਦੁ ਸੁਨਾਇਆ । ੪ । ੬ ।

ਇਹ ਕਬੀਰ ਜੀ ਦੀ ਲਿਖੀ ਹੋਈ ਉਲਟਬਾਸੀ ਹੈ ਜਿਸ ਵਿਚ ਹਰ ਗੱਲ ਦੇ ਉਲਟ ਅਰਥ ਹਨ। ਇਥੇ ਹਾਥੀ ਰਬਾਬੀ ਹੈ, ਬਲਦ ਜੋੜੀ ਵਜਾਣ ਵਾਲਾ ਹੈ ਅਤੇ ਕਾਂ ਤਾਲ ਦੇ ਰਿਹਾ ਹੈ, ਖੋਤਾ ਚੋਲਾ ਪਾ ਕੇ ਨਾਚ ਕਰ ਰਿਹਾ ਹੈ ਅਤੇ ਝੋਟਾ ਭਗਤੀ ਕਰ ਰਿਹਾ ਹੈ। ਮੇਰੇ ਪ੍ਰਭੂ ਨੇ ਅੱਕ ਦੀਆਂ ਕੁਕੜੀਆਂ ਦੇ ਅੰਬ ਪਕਾਏ ਹਨ। ਪਰੰਤੂ ਕਿਸੇ ਬੁਝਣ ਵਾਲੇ ਨੇ ਹੀ ਇਹ ਖਾਏ ਹਨ। ਸ਼ੇਰ ਘਰ ਬੈਠ ਕੇ ਪਾਨ ਲਗਾਉਂਦਾ ਹੈ ਅਤੇ ਘੀਸ ਬੀੜੇ ਬਣਾ ਕੇ ਲਿਆਂਦੀ ਹੈ। ਘਰ ਘਰ ਚੂਹੀਆਂ ਮੰਗਲ ਗੀਤ ਗਾ ਰਹੀਆਂ ਹਨ ਅਤੇ ਕਛੂਏ ਸੰਖ ਵਜਾ ਰਹੇ ਹਨ। ਬਾਞ ਦਾ ਪੁੱਤਰ ਵਿਆਹੁਣ ਲਈ ਚੱਲਿਆ ਹੈ, ਸੋਨੇ ਦੇ ਚੰਦੋਏ ਤਣੇ ਹੋਏ ਹਨ। ਉਸ ਰੂਪ ਸੁੰਦਰੀ ਪ੍ਰਾਪਤ ਹੋਈ ਹੈ ਅਤੇ ਸੇਹੇ ਅਤੇ ਸ਼ੇਰ ਨੇ ਗੁਣ ਗਾਏ ਹਨ। ਕੀੜੀ ਨੇ ਪਹਾੜ ਨੂੰ ਖਾ ਲਿਆ ਹੈ। ਕਛੂਏ ਨੂੰ ਨਿੱਘ ਦੀ ਲੋੜ ਹੈ ਅਤੇ ਲੂਕੀ (ਗੂੰਗੀ) ਸ਼ਬਦ ਸੁਣਾਉਂਦੀ ਹੈ। ਇਥੇ ਹਰ ਪ੍ਰਕਾਰ ਦੀਆਂ ਅਸੰਭਵ ਗੱਲਾਂ ਉਹ ਦੱਸੀਆਂ ਗਈਆਂ ਹਨ। ਹਰ ਸ਼ਬਦ ਦੇ ਅਰਥ ਅਭਿਧਾ ਸ਼ਕਤੀ

ਵਾਲੇ ਨਾ ਹੋ ਕੇ ਉਸ ਦੇ ਉਲਟ ਜਾਂ ਵਿੰਅਜਨਾ ਸ਼ਕਤੀ ਰਾਹੀਂ ਪ੍ਰਗਟਾਏ ਗਏ ਹਨ। ਇਥੇ ਹਰ ਇਕ ਵਸਤੂ ਦੇ ਸੁਭਾਅ ਅਨੁਸਾਰ ਗੱਲ ਕਰਕੇ ਉਸ ਦੇ ਉਲਟ ਜੋ ਅਰਥ ਕੀਤੇ ਗਏ ਹਨ ਇਹ ਅਸਲ ਵਿਚ ਉਨ੍ਹਾਂ ਦੇ ਸੁਭਾਅ ਦਾ ਆਰੋਪਣ ਸਰੀਰ ਦੇ ਅੰਗਾਂ ਉਤੇ ਕੀਤਾ ਗਿਆ ਹੈ ਅਤੇ ਕਿਸੇ ਗਿਆਨੀ ਪੁਰਸ਼ ਤੋਂ ਇਹ ਅਰਥ ਸਪਸ਼ਟ ਹੁੰਦੇ ਦੱਸੇ ਗਏ ਹਨ। ਇਥੇ ਸਭ ਕੁਝ ਮਨ ਦੇ ਦੁਆਲੇ ਘੁੰਮਦਾ ਹੈ, ਇੰਦਰੀਆਂ, ਦਸਮ ਦੁਆਰ, ਵਿਕਾਰ, ਬਿਰਤੀਆਂ ਆਦਿ ਸਮੇਟਿਆ ਗਿਆ ਹੈ। ਬ੍ਰਹਮ ਗਿਆਨ ਦੇ ਪ੍ਰਾਪਤ ਹੋ ਜਾਣ ਨਾਲ ਇਹ ਗੂੜ੍ਹ ਅਰਥ ਸਪਸ਼ਟ ਹੋ ਜਾਂਦੇ ਹਨ। ਸਭ ਕੁਝ ਅਨੁਕੂਲ ਹੋ ਜਾਂਦਾ ਹੈ ਅਤੇ ਪ੍ਰਭੂ ਭਗਤੀ ਲਈ ਰਸਤਾ ਮੋਕਲਾ ਹੋ ਜਾਂਦਾ ਹੈ। ਇਹ ਗੂੜ੍ਹ ਅਤੇ ਉਲਟੇ ਅਰਥਾਂ ਵਾਲੀ ਸ਼ੈਲੀ ਕਬੀਰ ਜੀ ਨੇ ਨਾਥ ਪੰਥੀਆਂ ਤੋਂ ਲਈ ਪ੍ਰਤੀਤ ਹੁੰਦੀ ਹੈ।

7

ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ।
ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ । ੧ ।
ਐਸਾ ਜੋਗੀ ਨਉਨਿਧਿ ਪਾਵੈ। ਤਲਕਾ ਬ੍ਰਹਮੁ ਲੇ ਗਗਨਿ ਚਰਾਵੈ । ੧ । ਰਹਾਉ ।
ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ।
ਪੰਚੁ ਤਤੁ ਕੀ ਕਰਿ ਮਿਰਗਾਣੀ ਗੁਰ ਕੇ ਮਾਰਗਿ ਚਾਲੈ । ੨ ।
ਦਇਆ ਫਾਹੁਰੀ ਕਾਇਆ ਕਹਿ ਧੂਈ ਦ੍ਰਿਸ਼ਟਿ ਕੀ ਅਗਨਿ ਜਲਾਵੈ।
ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ । ੩ ।
ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ।
ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ । ੪ । ੭ ।

ਇਸ ਸ਼ਬਦ ਵਿਚ ਕਬੀਰ ਜੀ ਨੇ ਸੱਚੇ ਯੋਗੀ ਦੇ ਸਰੂਪ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਸੱਚਾ ਯੋਗੀ ਉਹ ਹੈ ਜੋ ਹਰਿਨਾਮ ਆਪਣਾ ਬਟੂਆ (ਵਿਭੂਤੀ ਵਾਲਾ ਥੈਲਾ) ਬਣਾਂਦਾ ਹੈ। ਬਹੱਤਰ ਨਾੜੀਆਂ ਵਾਲੇ ਸਰੀਰ ਆਧਾਰੀ (ਝੋਲੀ ਅਥਵਾ ਟੇਕ ਲੈਣ ਵਾਲੀ ਲਕੜੀ) ਬਣਾਂਦਾ ਹੈ ਜਿਸ ਸਰੀਰ ਦਾ ਕੇਵਲ ਦਸਮ ਦੁਆਰ ਹੀ ਇਕ ਮਾਤਰ ਦਰਵਾਜਾ ਹੈ। ਇਸ ਸਰੀਰ ਦੀ ਭੂਮੀ ਭਾਵ ਖੇਤਰ ਵਿਚ ਹੀ ਭਿਖਿਆ ਮੰਗਦਾ ਹੈ। ਅਜਿਹਾ ਯੋਗੀ ਹੀ ਨੌ ਨਿੱਧਾਂ ਪ੍ਰਾਪਤ ਕਰ ਸਕਦਾ ਹੈ। ਆਤਮਾ ਨੂੰ ਮਾਇਆ ਦੇ ਪ੍ਰਭਾਵ ਤੋਂ ਉਪਰ ਚੁਕ ਲੈਂਦਾ ਹੈ। ਅਸਲ ਯੋਗੀ ਤਾਂ ਗਿਆਨ ਦੀ ਗੁਦੜੀ, ਧਿਆਨ ਦੀ ਸੂਈ, ਗੁਰੂ ਦਾ ਸ਼ਬਦ ਰੂਪ ਧਾਗਾ ਸੂਈ ਵਿਚ ਪਾਂਦਾ ਹੈ। ਪੰਜਾਂ ਤੱਤਾਂ ਦੀ ਮਿਰਗ ਛਾਲਾ ਬਣਾ ਕੇ ਗੁਰੂ ਦੇ ਸ਼ਬਦ ਦੀ ਅਗਵਾਈ ਵਿਚ ਚਲਦਾ ਹੈ। ਉਹ ਯੋਗੀ ਆਪਣੇ ਸਰੀਰ ਦੀ ਧੂਣੀ ਬਣਾ ਕੇ ਸਮ-ਦਰਸ਼ੀ ਦ੍ਰਿਸ਼ਟੀ ਅੰਗ ਬਣਾ ਕੇ ਦਇਆ ਰਾਖ ਇਕੱਠੀ ਕਰਨ ਵਾਲੀ ਪਹੋੜੀ ਬਣਾਉਂਦਾ ਹੈ। ਪਰਮਾਤਮਾ ਦੇ ਪਿਆਰ ਨੂੰ ਆਪਣੇ ਹਿਰਦੇ ਵਿਚ ਵਸਾਂਦਾ ਹੋਇਆ ਚੌਹਾਂ ਯੁਗਾਂ ਦੀ ਸਥਾਈ ਸਮਾਧੀ ਲਗਾਂਦਾ ਹੈ। ਸੱਚੇ ਯੋਗੀ ਦਾ ਕਰਤੱਵ ਬਣਦਾ ਹੈ ਕਿ ਜਿਸ ਪਰਮਾਤਮਾ ਦਾ ਦਿੱਤਾ ਹੋਇਆ ਇਹ ਸਰੀਰ ਹੈ ਅਤੇ ਜਿੰਦ ਹੈ, ਉਸ ਦੇ ਨਾਮ ਦਾ ਸਿਮਰਨ ਕੀਤਾ ਜਾਏ। ਜਦ ਯੋਗੀ ਇਸ ਪ੍ਰਕਾਰ ਦਾ ਆਚਾਰ ਕਰਨ ਲਗ ਜਾਂਦਾ ਹੈ ਤਾਂ ਪਰਮਾਤਮਾ ਉਸ ਨੂੰ ਆਪਣੇ ਦੁਆਰ ਉਤੇ ਸਵੀਕ੍ਰਿਤੀ ਦਾ ਪਰਵਾਨਾ ਬਖ਼ਸ਼ਦਾ ਹੈ।

ਇਥੇ ਕਬੀਰ ਜੀ ਨੇ ਯੋਗੀ ਦੇ ਬਾਹਰਲੇ ਆਕਾਰ ਪ੍ਰਕਾਰ ਅਤੇ ਚਿੰਨ੍ਹਾਂ ਦੀ ਥਾਂ ਉਨ੍ਹਾਂ ਦੇ ਮੁਕਾਬਲੇ ਤੇ ਸੱਚੀ ਯੋਗ ਸਾਧਨਾ ਦੇ ਅੰਗਾਂ ਨੂੰ ਸਪਸ਼ਟ ਕੀਤਾ ਹੈ। ਉਹ ਯੋਗ ਦੇ ਵਿਰੋਧੀ ਨਹੀਂ ਸਨ ਪਰੰਤੂ ਯੋਗ ਦੇ ਸਾਧਨਾਂ ਨਾਲ ਸੰਤੁਸ਼ਟ ਨਹੀਂ ਸਨ।

8

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਲਾਈ।
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ । ੧ ।
ਕਾਜੀ ਤੈ ਕਵਨ ਕਤੇਬ ਬਖਾਨੀ।
ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ । ੧ । ਰਹਾਉ ।
ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ।
ਜਉ ਰੇ ਖੁਦਾਇ ਮੁਹਿ ਤੁਰਕੁ ਕਰੇਗਾ ਆਪਨ ਹੀ ਕਟਿ ਜਾਈ । ੨ ।
ਸੁਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।
ਅਰਧ ਸੀਰੀਰੀ ਨਾਰਿ ਨ ਛੋਡੈ ਤਾਤੇ ਹਿੰਦੂ ਹੀ ਰਹੀਐ । ੩ ।
ਛਾਡਿ ਕਤੇਬ ਰਾਮ ਭਜੁ, ਬਉਰੇ ਜੁਲਮ ਕਰਤ ਹੈ ਭਾਰੀ।

ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਹਿਚਾਰੀ । ੪ । ੮ ।

ਕਬੀਰ ਜੀ ਨੇ ਇਸ ਸ਼ਬਦ ਵਿਚ ਵਾਦ ਵਿਵਾਦ ਕਰਨ ਵਾਲੇ ਵਿਅਕਤੀ ਨੂੰ ਸਮਝਾਉਂਦਿਆਂ ਕਿਹਾ ਹੈ ਕਿ ਦਿਲ ਵਿਚ ਚੰਗੀ ਤਰ੍ਹਾਂ ਨਾਲ ਵਿਚਾਰ ਕਰ ਲੈਣ ਕਿ ਬਹਿਸ਼ਤ (ਸਵਰਗ) ਅਤੇ ਦੋਜਕ (ਨਰਕ) ਕਿੱਥੋਂ ਆਈ ਹੈ। ਇਸੇ ਤਰ੍ਹਾਂ ਹਿੰਦੂ ਅਤੇ ਤੁਰਕ ਕਿਥੋਂ ਆਏ ਹਨ ਅਤੇ ਕਿਵੇਂ ਉਹਨਾਂ ਨੇ ਆਪਣੇ ਧਰਮ ਮਾਰਗ ਚਲਾਏ ਹਨ। ਕਾਜ਼ੀ ਨੂੰ ਸਪਸ਼ਟ ਕਰਦਿਆਂ ਦੱਸਿਆ ਹੈ ਕਿ ਕਿਹੜੀ ਕਿਤਾਬ (ਸਾਮੀ ਧਰਮ ਪੁਸਤਕ) ਵਿਚ ਇਸ ਪ੍ਰਕਾਰ ਦੀਆਂ ਗੱਲਾਂ ਕਹੀਆਂ ਹੋਈਆਂ ਹਨ। ਅਜਿਹੀਆਂ ਅਗਿਆਨ ਭਰੀਆਂ ਗੱਲਾਂ ਕਰਕੇ ਸਭ ਅਸਲੀਅਤ ਤੋਂ ਖੁੰਝ ਰਹੇ ਹਨ, ਉਨ੍ਹਾਂ ਨੂੰ ਸਹੀ ਸਥਿਤੀ ਦੀ ਖ਼ਬਰ ਤਕ ਨਹੀਂ ਹੈ। ਸੁੰਨਤ ਤਾਂ ਇਸਤਰੀ ਦੇ ਸਨੇਹ ਲਈ ਕੀਤੀ ਜਾਂਦੀ ਹੈ। ਇਸ ਨੂੰ ਮੁਸਲਮਾਨ ਹੋਣ ਦਾ ਪ੍ਰਮਾਣ ਨਹੀਂ ਕਿਹਾ ਜਾ ਸਕਦਾ ਹੈ। ਜੇ ਅਜਿਹਾ ਹੁੰਦਾ ਤਾਂ ਪਰਮਾਤਮਾ ਆਪ ਹੀ ਮਾਂ ਦੇ ਗਰਭ ਵਿਚ ਕਟ ਦਿੰਦਾ। ਜੇ ਸੁੰਨਤ ਕਰਨ ਨਾਲ ਕੋਈ ਮੁਸਲਮਾਨ ਹੋ ਜਾਂਦਾ ਹੈ ਤਾਂ ਫਿਰ ਜੋ ਗੰਭੀਰ ਪ੍ਰਸ਼ਨ ਸਾਹਮਣੇ ਆਉਂਦਾ ਹੈ, ਉਹ ਇਹ ਕਿ ਔਰਤ ਦਾ ਫਿਰ ਕੀ ਬਣੇਗਾ। ਉਹ ਅਰਧ ਸਰੀਰੀ ਤਾਂ ਹਿੰਦੂ ਹੀ ਰਹੇਗੀ ਇਸ ਲਈ ਹਿੰਦੂ ਰਹਿਮਈ ਠੀਕ ਹੈ। ਕਿਤੇਬਾਂ ਦੇ ਪਠਨ-ਪਾਠਨ ਛਡ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਕਿਉਂਕਿ ਪਾਠ ਪੂਜਾ ਤਾ ਆਤਮਾ ਉਤੇ ਜੁਲਮ ਢਾਂਣ ਵਾਂਗ ਹੈ। ਜਦੋਂ ਬੰਦਾ ਪਰਮਾਤਮਾ ਦੀ ਟੇਕ ਲੈ ਲੈਂਦਾ ਹੈ, ਤਾਂ ਤਰਕ ਅਤੇ ਉਨ੍ਹਾਂ ਦੀਆਂ ਦਲੀਲਾਂ ਨਸ਼ਟ ਹੋ ਜਾਂਦੀਆਂ ਹਨ। ਕਬੀਰ ਸੱਚੇ ਯੋਗ ਲਈ ਬਾਹਰਲੇ ਚਿੰਨ੍ਹਾਂ ਦੀ ਲੋੜ ਨਹੀਂ ਸਮਝਦੇ। ਸੱਚੇ ਦਿਲੋਂ ਕੀਤੀ ਭਗਤੀ ਹੀ ਸੱਚੀ ਭਗਤੀ ਹੈ। ਇਸ ਤੋਂ ਭਿੰਨ ਸਾਧਨਾ ਵਿਧੀ ਖੁਆਰ ਕਰਾਉਂਦੀ ਹੈ।

9

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ।
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ। ੧ ।
ਰੇ ਬਉਰੇ ਤੁਹਿ ਘਰਿ ਨ ਰਾਖੈ ਕੋਈ।
ਤੂੰ ਰਾਮ ਨਾਮੁ ਜਪਿ ਸੋਈ । ੧ । ਰਹਾਉ ।
ਕਾਕੀ ਮਾਤ ਪਿਤਾ ਕਹੁ ਕਾਕੋ ਕਵਨ ਪੁਰਖ ਕੀ ਜੋਈ।
ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ । ੨ ।
ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ।
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ । ੩ ।
ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ।
ਇਸੁ ਬੰਦੇ ਸਿਰਿ ਜੁਲਮ ਹੋਤ ਹੈ ਜਮੁ ਨਹੀਂ ਹਟੈ ਗੁਸਾਈ। ੪ । ੯ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਦੀਵੇ ਦੇ ਰੂਪਕ ਰਾਹੀ ਮਨੁੱਖ ਦੇ ਸ਼ਰੀਰ ਦੀ ਗਤੀਵਿਧੀ ਉੱਤੇ ਬੜੇ ਮਾਰਮਿਕ ਢੰਗ ਨਾਲ ਪ੍ਰਕਾਸ਼ ਪਾਇਆ ਹੈ। ਉਹਨਾਂ ਦੀ ਸਥਾਪਨਾ ਹੈ ਕਿ ਜਦ ਤਕ ਦੀਵੇ ਵਿਚ ਤੇਲ ਹੈ ਅਤੇ ਉਸਦੇ ਮੁਖ ਵਿਚ ਵਟੀ ਹੈ ਤਦ ਤਕ ਘਰ ਵਿਚ ਪਈ ਹਰ ਵਸਤੂ ਨਜ਼ਰ ਆਉਂਦੀ ਰਹਿੰਦੀ ਹੈ। ਤੇਲ ਦੇ ਮੁਕਣ ਅਤੇ ਵਟੀ ਦੇ ਰੁਕ ਜਾਣ (ਅਰਥਾਤ-ਖ਼ਤਮ ਹੋ ਜਾਣ) ਤੋਂ ਬਾਦ ਸਾਰਾ ਘਰ ਸੁੰਨਾ ਲੱਗਣ ਲੱਗ ਜਾਂਦਾ ਹੈ। ਇਹੀ ਸਥਿਤੀ ਮਨੁੱਖ ਦੇ ਸ਼ਰੀਰ ਦੀ ਹੈ। ਜਦੋਂ ਉਸ ਅੰਦਰੋਂ ਜੀਵਨ ਜੋਤਿ ਬੁਝ ਜਾਂਦੀ ਹੈ, ਤਾਂ ਉਹ ਸੁੰਨਾ ਹੈ, ਤਿਆਗਣ ਦੀ ਵਸਤੂ ਹੈ, ਫਿਰ ਉਸ ਨੂੰ ਘਰ ਵਿਚ ਕੋਈ ਵੀ ਨਹੀਂ ਰਹਿਣ ਦਿੰਦਾ। ਇਸ ਵਾਸਤੇ ਮਨੁੱਖ ਨੂੰ ਹਰਿ ਭਗਤੀ ਕਰਨੀ ਚਾਹੀਦੀ ਹੈ ਕਿਉਂਕਿ ਉਹੀ ਸਾਥ ਨਿਭਦੀ ਹੈ। ਫਿਰ ਸਰੀਰ ਪ੍ਰਤੀ ਸਭ ਦੀ ਪਹੁੰਚ ਬਦਲ ਜਾਂਦੀ ਹੈ, ਨ ਕੋਈ ਮਾਤਾ ਹੈ, ਨਾ ਪਿਤਾ, ਨਾ ਹੀ ਕੋਈ ਪਤੀ ਜਾਂ ਪਤਨੀ। ਸਰੀਰ ਦੇ ਭਾਂਡੇ ਦੇ ਭਜਣ ਤੋਂ ਬਾਦ ਫਿਰ ਕੋਈ ਵਾਟ ਨਹੀਂ ਪੁਛਦਾ, ਬਸ ਬਾਹਰ ਕੱਢਣ ਦੀ ਰਟ ਲਗਾ ਲੈਂਦੇ ਹਨ। ਮਾਤਾ ਘਰ ਬੈਠੀ ਰੋਂਦੀ ਰਹਿੰਦੀ ਹੈ, ਭਰਾ ਭਾਈ ਦਾਹ ਸੰਸਕਾਰ ਲਈ ਲੈ ਜਾਂਦੇ ਹਨ, ਇਸਤਰੀ ਵਾਲ ਖਿਲਾਰ ਕੇ ਰੋਂਦੀ ਹੈ, ਪਰ ਜੀਵ ਇਨ੍ਹਾਂ ਸਾਰਿਆਂ ਸੰਬੰਧਾਂ ਦਾ ਸਾਥ ਛੱਡ ਕੇ ਇਕੱਲਾ ਹੀ ਜਾਂਦਾ ਹੈ। ਸੰਸਾਰਕ ਜਿਗਿਆਸੂ ਨੂੰ ਸਮਝਾਂਉਂਦੇ ਹੋਏ ਕਬੀਰ ਸਪਸ਼ਟ ਕਰਦੇ ਹਨ ਇਸ ਸੰਸਾਰ ਦੀ ਵਿਚਿਤਰ ਗੱਲ ਇਹੀ ਹੈ। ਬੰਦੇ ਉਤੇ ਉਸਦੇ ਕਰਮਾਂ ਅਨੁਸਾਰ ਦੰਡ ਲਗਦੇ ਹਨ ਅਤੇ ਜਮਕਾਲ ਉਸ ਦਾ ਪਿੱਛਾ ਨਹੀਂ ਛਡਦਾ।

ਇਥੇ ਸੰਸਾਰ ਦੀ ਨਾਸ਼ਮਾਨਤਾ, ਮਨੁੱਖ ਦੇ ਸਰੀਰ ਦੀ ਅਸਥਿਰਤਾ, ਉਸ ਪ੍ਰਤੀ ਸੰਬੰਧੀਆਂ ਦਾ ਵਿਵਹਾਰ ਆਦਿ ਅਨੇਕ ਪੱਖਾਂ ਉੱਤੇ ਪ੍ਰਕਾਸ਼ ਪਾਂਦੇ ਹੋਇਆਂ ਕਬੀਰ ਜੀ ਨੇ ਹਰਿ ਭਗਤੀ ਦੀ ਅਹਿਮੀਅਤ ਦਰਸਾਈ ਹੈ ਕਿਉਂਕਿ ਉਹੀ ਨਾਲ ਨਿਭਦੀ ਹੈ। ਇਸ ਲਈ ਬੰਦੇ ਨੂੰ ਸੰਸਾਰਕਤਾ ਤੋਂ ਬੇਮੁਖ ਹੋ ਕੇ ਰਾਮ ਨਾਮ ਦੇ ਸਿਮਰਨ ਵਿਚ ਲੱਗਣਾ ਚਾਹੀਦਾ ਹੈ।

ਪਾਠ ਨੰਬਰ : 1.3

## ਰਾਗ ਪ੍ਰਭਾਤੀ : ਬਾਣੀ ਸੰਤ ਕਬੀਰ

1

ਮਰਨ ਜੀਵਨ ਕੀ ਸੰਕਾ ਨਾਸੀ।
ਆਪਨ ਰੰਗਿ ਸਹਜ ਪਰਗਾਸੀ। ੧ ।
ਪ੍ਰਗਟੀ ਜੋਤਿ ਮਿਟਿਆ ਅੰਧਿਆਰਾ।
ਰਾਮ ਰਤਨੁ ਪਾਇਆ ਕਰਤ ਬੀਚਾਰਾ। ੧ । ਰਹਾਉ।
ਜਹ ਅਨੰਦੁ ਦੁਖੁ ਦੂਰਿ ਪਇਆਨਾ।
ਮਨੁ ਮਾਨਕੁ ਲਿਵ ਤਤੁ ਲੁਕਾਨਾ। ੨ ।
ਜੋ ਕਿਛੁ ਹੋਆ ਸੁ ਤੇਰਾ ਭਾਣਾ।
ਜੋਇਵ ਬੂਝੈ ਸੁ ਸਹਜਿ ਸਮਾਣਾ। ੩ ।
ਕਹਤੁ ਕਬੀਰੁ ਕਿਲਬਿਖ ਗਏ ਖੀਣਾ।
ਮਨੁ ਭਇਆ ਜਗ ਜੀਵਨ ਲੀਣਾ। ੪ । ੧ ।

ਕਬੀਰ ਜੀ ਨੇ ਇਸ ਸ਼ਬਦ ਵਿਚ ਦਸਿਆ ਹੈ ਕਿ ਜਦੋਂ ਪਰਮਾਤਮਾ ਮਨੁੱਖ ਦੇ ਅੰਦਰ ਸਹਿਜ (ਅਧਿਆਤਮੀ) ਪ੍ਰਕਾਸ਼ ਕਰ ਦਿੰਦਾ ਹੈ, ਤਾਂ ਜਨਮ ਮਰਨ ਦਾ ਤੌਖਲਾ, ਭਾਵ ਆਵਾਗਵਣ ਦਾ ਭੈ ਮਿਟ ਜਾਂਦਾ ਹੈ। ਕਿਉਂਕਿ ਬ੍ਰਹਮ ਗਿਆਨ ਦੇ ਪ੍ਰਾਪਤ ਹੋ ਜਾਣ ਨਾਲ ਮਾਇਆ ਦੁਆਰਾ ਪੈਦਾ ਕੀਤਾ ਅੰਧਕਾਰ ਭਾਵ ਅਗਿਆਨ ਨਸ਼ਟ ਹੋ ਜਾਂਦਾ ਹੈ ਅਤੇ ਪਰਮ ਤੱਤ ਜਾਂ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਥੇ ਇਸ ਪ੍ਰਕਾਰ ਦਾ ਬ੍ਰਹਮੀ ਆਨੰਦ ਉਪਲਬਧ ਹੋ ਜਾਂਦਾ ਹੈ, ਫਿਰ ਉਥੋਂ ਦੁਖ ਦਰਦ ਸਭ ਦੂਰ ਹੋ ਜਾਂਦੇ ਹਨ। ਸਹਿਜ ਅਵਸਥਾ ਪਸਰ ਜਾਂਦੀ ਹੈ। ਇਸ ਤਰ੍ਹਾਂ ਨਾਲ ਅੰਧਕਾਰਮਈ ਮਨ ਪ੍ਰਕਾਸ਼ਮਈ ਬਣ ਕੇ ਪਰਮਾਤਮਾ ਦੀ ਲਿਵ ਵਿਚ ਮਗਨ ਹੋ ਜਾਂਦਾ ਹੈ। ਜੋ ਜੀਵ (ਮਨੁੱਖ) ਇਹ ਸਮਝ ਲੈਂਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਸਭ ਪਰਮਾਤਮਾ ਦੇ ਭਾਣੇ ਅਨੁਸਾਰ ਹੈ ਤਾਂ ਉਹ ਪਰਮਾਤਮਾ ਵਿਚ ਲਿਵਲੀਨ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਸਭ ਪਾਪ ਨਸ਼ਟ ਹੋ ਜਾਂਦੇ ਹਨ. ਅਤੇ ਮਨ ਜਗਤ ਨੂੰ ਜੀਵਨ ਪ੍ਰਦਾਨ ਕਰਨ ਵਾਲੇ ਪ੍ਰਭੂ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ। ਇਹ ਤਦਾਕਾਰਤਾ ਦੀ ਅਵਸਥਾ ਹੈ।

ਇਥੇ ਸਪਸ਼ਟ ਕੀਤਾ ਗਿਆ ਹੈ ਕਿ ਮਨੁੱਖ ਸੰਸਾਰ ਵਿਚ ਜਨਮ ਲੈ ਕੇ ਮਾਇਆ ਕੇ ਪ੍ਰਭਾਵ ਸਦਕਾ ਆਪਣੇ ਅਸਲੇ ਤੋਂ ਪਰੇ ਹਟ ਜਾਂਦਾ ਹੈ ਅਤੇ ਆਪਣੀ ਹੋਂਦ ਦੇ ਅਹਿਸਾਸ ਨੂੰ ਜਤਾਂਦਾ ਹੋਇਆ ਕਈ ਪ੍ਰਕਾਰ ਦੇ ਪਾਪ ਕਰਦਾ ਹੈ। ਇਸ ਤਰ੍ਹਾਂ ਉਹ ਆਵਾਗੌਣ ਦੇ ਚੱਕਰ ਵਿਚ ਉਲਝਦਾ ਜਾਂਦਾ ਹੈ। ਪਰ ਜਦੋਂ ਉਸ ਦੇ ਅੰਦਰ ਬ੍ਰਹਮ ਜੋਤਿ ਪ੍ਰਕਾਸ਼ਿਤ ਹੋ ਜਾਂਦੀ ਹੈ ਅਤੇ ਉਹ ਪਰਮਾਤਮਾ ਦਾ ਭਾਣਾ ਮੰਨਣ ਲਗ ਜਾਂਦਾ ਹੈ, ਤਾਂ ਸਭ ਕੁਝ ਸਹਿਜ ਹੋ ਜਾਂਦਾ ਹੈ। ਇਹ ਜਨਮ ਮਰਨ ਦਾ ਭੈ ਅਤੇ ਪਾਪਾਂ ਦਾ ਪ੍ਰਭਾਵ ਭੁਲ ਜਾਂਦਾ ਹੈ।

2

ਅਲਹੁ ਏਕ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸ ਕੇਰਾ।
ਹਿੰਦੂ ਮੂਰਤਿ ਨਾਮ ਨਿਵਾਸੀ ਦੁਹਿ ਮਹਿ ਤਤੁ ਨ ਹੇਰਾ। ੧ ।
ਅਲਹ ਰਾਮ ਜੀਵਉ ਤੇਰੇ ਨਾਈ।
ਤੂ ਕਰਿ ਮਿਹਰਾਮਤਿ ਸਾਈ । ੧ । ਰਹਾਉ।
ਦਖਨ ਦੇਸ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ।
ਦਿਲ ਮਹਿ ਖੋਜ ਦਿਲੈ ਦਿਲਿ ਖੋਜਹਿ ਏਹੀ ਠਉਰੁ ਮੁਕਾਮਾ । ੨ ।
ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ।
ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ । ੩ ।

ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏ।
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੇ ਜਾਏ । ੪ ।
ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮਾਰੇ।
ਕਬੀਰ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ । ੫ ।
ਕਹਤੁ ਕਬੀਰ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ।
ਕੇਵਲ ਨਾਮ ਜਪਹੁ ਰੇ ਪਾਨੀ ਤਬ ਹੀ ਨਿਹਚੈ ਤਰਨਾ। ੬ । ੨ ।

ਇਸ ਸ਼ਬਦ ਵਿਚ ਕਬੀਰ ਜੀ ਨੇ ਹਿੰਦੂ ਅਤੇ ਮੁਸਲਮਾਨ ਧਰਮਾਂ ਦੇ ਆਗੂਆਂ ਨੂੰ ਸਮਝਾਂਦੇ ਹੋਇਆਂ ਉਨ੍ਹਾਂ ਦੇ ਭਰਮ ਪੂਰਨ ਵਿਸ਼ਵਾਸ ਉਤੇ ਝਾਤ ਪਾਈ ਹੈ। ਬੜੀ ਦਲੀਲ ਨਾਲ ਸਮਝਾਂਦੇ ਹੋਇਆਂ ਕਿਹਾ ਹੈ ਕਿ ਜੇ ਰੱਬ ਮਸਜਿਦ ਵਿਚ ਵਸਦਾ ਹੈ ਤਾਂ ਫਿਰ ਹੋਰ ਸਾਰਾ ਮੁਲਕ ਕਿਸਦਾ ਹੈ। ਇਸੇ ਤਰ੍ਹਾਂ ਹਿੰਦੂ ਪਰਮਾਤਮਾ ਨੂੰ ਮੂਰਤੀ ਵਿਚ ਸਥਿਤ ਦਸਦਾ ਹੈ। ਅਸਲ ਵਿਚ ਇਨ੍ਹਾਂ ਦੋਹਾਂ ਨੇ ਵਾਸਤਵਿਕਤਾ ਨੂੰ ਨਹੀਂ ਪਛਾਣਿਆ ਹੈ। ਕਬੀਰ ਜੀ ਉਸ ਪਰਮਾਤਮਾ ਦੀ ਮਿਹਰ ਦੀ ਯਾਚਨਾਂ ਕਰ ਕੇ ਉਸ ਦੇ ਨਾਮ ਨੂੰ ਜਪਦੇ ਹੋਇਆ ਜੀਵਨ ਜੀਣਾ ਚਾਹੁੰਦੇ ਹਨ। ਮੁਸਲਮਾਨ ਪੱਛਮ ਵਿਚ ਪਰਮਾਤਮਾ ਦਾ ਟਿਕਾਣਾ ਮੰਨਦੇ ਹਨ ਅਤੇ ਹਿੰਦੂ ਦੱਖਣ ਵਿਚ ਪਰੰਤੂ ਅਸਲ ਵਿਚ ਪਰਮਾਤਮਾ ਦੀ ਸਥਿਤੀ ਹਿਰਦੇ ਦੇ ਅੰਦਰ ਹੈ, ਉਥੋਂ ਹੀ ਇਸ ਨੂੰ ਲੱਭਣਾ ਚਾਹੀਦਾ ਹੈ। ਬ੍ਰਹਮਣ ਚੌਵੀ ਇਕਾਦਸ਼ੀਆਂ ਦਾ ਮਹਾਤਮ ਮੰਨਦੇ ਹਨ ਅਤੇ ਮੁਸਲਮਾਨ ਰਮਜ਼ਾਨ ਮਹੀਨੇ ਦਾ। ਕੀ ਖਜ਼ਾਨਾ ਭਾਵ ਧਾਰਮਿਕ ਪ੍ਰਾਪਤੀ ਇਕੋ ਮਹੀਨੇ ਭਾਵ ਦਿਨਾਂ ਤਕ ਸੀਮਿਤ ਹੈ। ਅਸਲ ਵਿਚ ਇਹ ਸਭ ਭਰਮ ਹੈ ਦਿਖਾਵਾ ਹੈ ਪਾਖੰਡ ਹੈ। ਉੜੀਸਾ ਪ੍ਰਦੇਸ਼ (ਭਾਵ ਜਗਨਨਾਥ ਮੰਦਿਰ ਪੁਰੀ) ਵਿਚ ਇਸ਼ਨਾਨ ਕਰਨ ਜਾਂ ਕਾਅਬੇ ਵਿਚ ਸਿਰ ਨਿਵਾਉਣ ਦਾ ਕੀ ਲਾਭ ਜੇ ਮਨ ਵਿਚ ਕਪਟ ਪਾਲਿਆ ਹੋਇਆ ਹੈ। ਪਰਮਾਤਮਾ ਨੇ ਜਿਤਨੇ ਵੀ ਮਰਦ ਜਾਂ ਔਰਤਾਂ ਸਾਜੇ ਹਨ, ਇਹ ਉਸ ਦਾ ਹੀ ਰੂਪ ਹਨ। ਸਾਰੇ ਗੁਰੂ ਪੀਰ ਸਭ ਦੇ ਸਾਂਝੇ ਹਨ, ਕਿਸੇ ਦਾ ਵੱਖਰਾ ਨਹੀਂ ਹੈ। ਇਸ ਲਈ ਕਬੀਰ ਜੀ ਨੇ ਸਿਖਿਆ ਦਿੱਤੀ ਹੈ ਕਿ ਸਾਰੇ ਇਸਤਰੀ ਮਰਦ ਇਕ ਪਰਮਾਤਮਾ ਦੀ ਸ਼ਰਨ ਵਿਚ ਪੈਣ ਅਤੇ ਰਾਮ ਦਾ ਨਾਮ ਜਪਣ ਕਿਉਂਕਿ ਤਦ ਹੀ ਭਵ ਸਾਗਰ ਤੋਂ ਤਰਨਾ ਸੰਭਵ ਹੋ ਸਕਦਾ ਹੈ।

ਇਥੇ ਕਬੀਰ ਜੀ ਨੇ ਪਰਮਾਤਮਾ ਦੇ ਨਿਵਾਸ ਸਥਾਨ ਅਤੇ ਉਸ ਦੀ ਭਗਤੀ ਸੰਬੰਧੀ ਫੈਲਾਈਆਂ ਕ੍ਰਾਂਤੀਆਂ ਦਾ ਨਿਵਾਰਣ ਕਰਦੇ ਹੋਇਆਂ ਸੱਚੇ ਦਿਲੋਂ ਰਾਮ ਨਾਮ ਦਾ ਸਿਮਰਨ ਕਰਨ ਉੱਤੇ ਬਲ ਦਿੱਤਾ ਹੈ।

3

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕੁ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।੧। ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰ ਰਹਿਓ ਸਬ ਠਾਂਈ। ੧ । ਰਹਾਉ।
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨ. ਹਾਰੈ।
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ। ੨ ।
ਸਭ ਮਹਿ ਸਚਾ ਏਕੋ ਸੋਈ ਤਿਸਕਾ ਕੀਆ ਸਭੁ ਕਛੁ ਹੋਈ।
ਹੁਕਮੁ ਪਛਾਨੈ ਸੁ ਏਕੈ ਜਾਨੈ ਬੰਦਾ ਕਹੀਐ ਸੋਈ । ੩ ।
ਅਲਹੁ ਅਲਖੁ ਨਾਂ ਜਾਈ ਲਖਿਆ ਗੁਰ ਗੁੜੁ ਦੀਨਾ ਮੀਠਾ।
ਕਹਿ ਕਬੀਰ ਮੇਰੀ ਸੰਕਾ ਨਾਸੀ ਸਜਰਬ ਨਿਰੰਜਨੁ ਡੀਠਾ । ੪ । ੩ ।

ਇਸ ਸ਼ਬਦ ਵਿਚ ਕਬੀਰ ਜੀ ਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ ਪ੍ਰਭੂ ਦੁਆਰਾ ਮੰਨਦੇ ਹੋਇਆਂ ਸਪੱਸ਼ਟ ਕੀਤਾ ਹੈ ਕਿ ਸਭ ਤੋਂ ਪਹਿਲਾਂ ਪ੍ਰਭੂ ਨੇ ਆਪਣਾ ਨੂਰ ਅਥਵਾ ਪ੍ਰਕਾਸ਼ ਪੈਦਾ ਕੀਤਾ ਅਤੇ ਉਸ ਦੀ ਕੁਦਰਤ (ਸ਼ਕਤੀ) ਤੋਂ ਹੀ ਸਾਰੇ ਬੰਦੇ ਹੋਂਦ ਵਿਚ ਆਏ ਹਨ। ਜਦੋਂ ਉਸ ਪਰਮਾਤਮਾ ਦੇ ਇਕੋ ਨੂਰ ਤੋਂ ਸਾਰਾ ਜਗਤ ਪੈਦਾ ਹੋਇਆ ਹੈ ਅਤੇ ਸਾਰੇ ਮਨੁੱਖ ਉਸੇ ਦੀ ਸ੍ਰਿਸ਼ਟੀ ਹਨ, ਤਾਂ ਮਾੜੇ ਚੰਗੇ ਦਾ ਸੁਆਲ ਕਿਉਂ ਉਠਦਾ ਹੈ। ਕਬੀਰ ਨੇ ਇਸ ਪ੍ਰਕਾਰ ਦੀ ਸੋਚ ਕਰਨ ਵਾਲਿਆਂ ਤੰਬੀਹ ਕੀਤੀ ਹੈ ਕਿ ਕਿਸੇ ਪ੍ਰਕਾਰ ਦੇ ਭਰਮ ਵਿਚ ਨਹੀਂ ਰਹਿਣਾ ਚਾਹੀਦਾ ਉਹ ਪਰਮਾਤਮਾ ਸਾਰੀ ਖਲਕਤ ਵਿਚ ਵਸਦਾ ਹੈ ਅਤੇ ਸਾਰੀ ਖਲਕਤ ਉਸੇ ਦੀ ਪੈਦਾ ਕੀਤੀ ਹੋਈ ਹੈ ਉਹੀ ਹਰ ਇਕ ਸਥਾਨ ਵਿਚ ਵਿਆਪਤ ਹੈ। ਉਸ ਪਰਮ ਸ੍ਰੇਸ਼ਠ ਕੁੰਮਿਹਾਰ ਨੇ ਇਕੋ ਹੀ ਸਾਮਗਰੀ ਨਾਲ ਬੰਦਿਆਂ ਦੀ ਸਿਰਜਨਾ ਕੀਤੀ ਹੈ। ਇਨ੍ਹਾਂ ਸਭ ਵਿਚ ਕੋਈ ਕਮੀ ਨਹੀਂ ਹੈ ਅਤੇ ਨਾ ਹੀ ਸਿਰਜਨਹਾਰ ਵਿਚ ਕੁਝ ਘਾਟ ਹੈ। ਸਭ ਵਿਚ ਇਕ ਸਤਿ ਸਰੂਪ ਪਰਮਾਤਮਾ ਵਸ ਰਿਹਾ ਹੈ। ਉਸੇ ਦਾ ਕੀਤਾ ਸਭ ਕੁਝ ਹੋ ਰਿਹਾ ਹੈ। ਜੋ ਉਸ ਪਰਮਾਤਮਾ ਦਾ ਹੀ ਇਹ ਸਾਰਾ ਖੇਲ ਪਸਾਰਾ ਮੰਨਦਾ ਹੈ, ਉਹੀ ਹੀ ਸੱਚੇ ਅਰਥਾਂ ਵਿਚ ਬੰਦਾ ਹੈ। ਪਰਮਾਤਮਾ ਅਲਖ ਹੈ, ਉਸ ਦਾ ਭੇਦ ਨਹੀਂ ਪਾਇਆ ਜਾ ਸਕਦਾ।

ਪਰ ਪਰਮਾਤਮਾ ਨੇ ਬ੍ਰਹਮ ਗਿਆਨ ਰੂਪੀ ਗੁੜ ਪ੍ਰਦਾਨ ਕੀਤਾ ਹੈ। ਜਿਸ ਨਾਲ ਸਭ ਪ੍ਰਕਾਰ ਦੇ ਭਰਮ ਮਿਟ ਗਏ ਹਨ ਅਤੇ ਹਰ ਇਕ ਥਾਂ ਤੇ ਪਰਮਾਤਮਾ ਹੀ ਮੌਜੂਦ ਨਜ਼ਰ ਆਣ ਲਗਿਆ ਹੈ।

ਇਥੇ ਸਪਸ਼ਟ ਕੀਤਾ ਗਿਆ ਹੈ ਪਰਮਾਤਮਾ ਨੇ ਆਪਣੀ ਜੋਤਿ ਤੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਸ ਵਿਚ ਕੋਈ ਚੰਗਾ ਮਾੜਾ ਨਹੀਂ। ਸਿਰੁ ਧਰਮ ਦੇ ਪ੍ਰਚਾਰਕਾਂ ਨੇ ਭਰਮ ਫੈਲਾਇਆ ਹੋਇਆ ਹੈ ਸਭ ਵਿਚ ਇਕੋ ਸੱਚਾ ਪ੍ਰਭੂ ਵਸਦਾ ਹੈ। ਉਸਦਾ ਹੁਕਮ ਮੰਨਣਾ ਚਾਹੀਦਾ ਹੈ। ਗੁਰੂ ਦੀ ਕ੍ਰਿਪਾ ਦੁਆਰਾ ਉਸ ਦੀ ਸੋਝੀ ਹੁੰਦੀ ਹੈ।

4

ਬੇਦ ਕਤੇਬ ਕਹਹੁ ਮਤ ਝੂਠੇ ਝੂਠ ਜੋ ਨ ਬਿਚਾਰੈ।
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉਂ ਮੁਰਗੀ ਮਾਰੈ। ੧ ।
ਮੁਲਾ ਕਹਹੁ ਨਿਆਉ ਖੁਦਾਈ
ਤੇਰੇ ਮਨ ਕਾ ਭਰਮੁ ਨਾ ਜਾਈ । ੧ । ਰਹਾਉ।
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲ ਕੀਆ।
ਜੋਤਿ ਸਰੂਪਿ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ। ੨ ।
ਕਿਆ ਉਜੂ ਪਾਕੁ ਕੀਆ ਮੂਹੁ ਧੋਇਆ ਕਿਆ ਮਸੀਤਿ ਸਿਰ ਨਾਇਆ।
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ। ੩ ।
ਤੂੰ ਨਾਪਾਕੁ ਪਾਕ ਨਹੀਂ ਸੂਝਿਆ ਤਿਸੁ ਕਾ ਮਰਮੁ ਨ ਜਾਨਿਆ।
ਕਹਿ ਕਬੀਰ ਭਿਸਤਿ ਤੇ ਚੂਕਾ ਦੋਜ਼ਕ ਸਿਉ ਮਨੁ ਮਾਨਿਆ । ੪ ।  ੪ ।

ਇਸ ਸ਼ਬਦ ਵਿਚ ਕਬੀਰ ਜੀ ਨੇ ਧਰਮ-ਆਗੂਆਂ ਨੂੰ ਸਮਝਾਇਆ ਹੈ ਕਿ ਜੋ ਉਹ ਧਰਮ ਪੁਸਤਕਾਂ (ਕੁਰਾਨ ਅਤੇ ਵੇਦ) ਨੂੰ ਝੂਠਾ ਠਹਿਰਾਂਦੇ ਹਨ, ਝੂਠੇ ਅਸਲ ਵਿਚ ਉਹ ਆਪ ਹਨ, ਕਿਉਂਕਿ ਉਹ ਉਨ੍ਹਾਂ ਦਾ ਵਿਚਾਰ ਪੂਰਵਕ ਅਧਿਐਨ ਨਹੀਂ ਕਰਦੇ। ਜਦ ਮੁੱਲਾ ਇਹ ਕਹਿੰਦਾ ਹੈ ਕਿ ਸਭ ਵਿਚ ਅੱਲਾ ਵੱਸਦਾ ਹੈ ਤਾਂ ਭਲਾ ਫਿਰ ਉਹ ਮੁਰਗੀ ਨੂੰ ਕਿਉਂ ਮਾਰਦਾ ਹੈ। ਉਹ ਲੋਕਾਂ ਨੂੰ ਨਿਆਅ ਦੀ ਗੱਲ ਦੱਸਦਾ ਹੈ, ਪਰੰਤੂ ਉਸ ਦੇ ਆਪਣੇ ਮਨ ਵਿਚ ਨਿਆਅ ਕਰਨ ਦੀ ਭਾਵਨਾ ਕਿਉਂ ਨਹੀ ਪੈਦਾ ਹੁੰਦੀ। ਰੱਬ ਨੂੰ ਅਰਪਿਤ ਕਰਨ ਲਈ ਜੀਵਦੀ ਵਸਤੂ (ਮੁਰਗਾ) ਲਿਆਂਦੀ ਗਈ, ਉਸ ਨੂੰ ਮਾਰਿਆ ਗਿਆ ਮਰਨ ਨਾਲ ਉਸ ਦੀ ਜਿੰਦ ਨਿਕਲ ਗਈ ਅਤੇ ਉਹ ਕੇਵਲ ਮਿੱਟੀ ਰਹਿ ਗਈ। ਤਾਂ ਫਿਰ ਕੀ ਰੱਬ ਦੀ ਭੇਂਟ ਮਿੱਟੀ ਚੜ੍ਹਾਈ ਗਈ। ਜਦ ਉਸ ਪਰਮਾਤਮਾ ਦੀ ਜੋਤਿ ਸਭ ਵਿਚ ਵਿਆਪਤ ਹੈ ਤਾਂ ਫਿਰ ਜੋਤਿ ਨੂੰ ਹੀ ਜੋਤਿ ਦੀ ਕੁਰਬਾਨੀ ਦੇਣ ਦਾ ਕੀ ਲਾਭ, ਕੋਈ ਵੱਖਰੀ ਵਸਤੂ ਦੇਣੀ ਹੀ ਉਚਿਤ ਹੋ ਸਕਦੀ ਹੈ। ਅਜਿਹੀ ਅਵਸਥਾ ਵਿਚ ਕੀ ਮੂੰਹ ਦਾ ਧੋਣਾ ਅਤੇ ਵਜ ਕਰਨਾ ਅਤੇ ਕੀ ਮਸਜਿਦ ਵਿਚ ਜਾ ਕੇ ਸਿਰ ਨਿਵਾਣਾ, ਸਭ ਵਿਅਰਥ ਹਨ। ਜੇ ਮਨ ਵਿਚ ਕਪਟ ਹੈ, ਤਾਂ ਹਜ ਕਰਨ ਅਤੇ ਕਾਅਬੇ ਵਿਚ ਜਾਣ ਦਾ ਕੀ ਲਾਭ ਹੈ। ਸੱਚ ਤਾਂ ਇਹ ਹੈ ਕਿ ਮੁੱਲਾਂ ਹੁੰਦਾ ਨਾਪਾਕ ਹੈ, ਉਸ ਨੂੰ ਪਾਕ (ਪਵਿਤਰ) ਪਰਮਾਤਮਾ ਦੀ ਸਹੀ ਸੋਝੀ ਹੋਈ ਨਹੀਂ ਹੈ, ਉਹ ਵਾਸਤਵਿਕ ਸਰੂਪ ਨੂੰ ਸਮਝਣ ਦੀ ਡੂੰਘਾਈ ਤਕ ਨਹੀਂ ਉਤਰਿਆ। ਅਜਿਹੀ ਸਥਿਤੀ ਵਿਚ ਉਹ ਬਹਿਸ਼ਤ (ਸਵਰਗ) ਦੀ ਪ੍ਰਾਪਤੀ ਤੋਂ ਵਾਂਝਿਆ ਹੋ ਗਿਆ ਹੈ ਅਤੇ ਦੋਜਕ (ਨਰਕ) ਦੇ ਨਿਵਾਸ ਨਾਲ ਹੀ ਉਸਦਾ ਮਨ ਤ੍ਰਿਪਤ ਹੋ ਗਿਆ ਹੈ।

ਇਥੇ ਸੰਤ ਕਬੀਰ ਜੀ ਨੇ ਜੀਵਾਂ ਤੇ ਅਤਿਆਚਾਰ ਅਤੇ ਧਾਰਮਕ-ਪੁਸਤਕਾਂ ਦੇ ਝੂਠੇ ਵਿਵਾਦ ਨੂੰ ਨਕਾਰਦੇ ਹੋਇਆਂ ਸੱਚੇ ਦਿਲੋਂ ਧਰਮ ਸਾਧਨਾ ਕਰਨ ਤੇ ਬਲ ਦਿੱਤਾ ਹੈ ਕਿਉਂਕਿ ਵਿਖਾਵੇ ਦੀ ਸਾਧਨਾ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ, ਵਿਅਰਥ ਦਾ ਯਤਨ ਮਾਤਰ ਹੈ।

5

ਸੁਨੁ ਸੰਧਿਆ ਤੇਰੀ ਦੇਵ ਦੇਵਾਕਰਿ ਅਧਪਤਿ ਆਦਿ ਸਮਾਈ।
ਸਿਧ ਸਮਾਧਿ ਅੰਤੁ ਨਹੀਂ ਪਾਇਆ ਲਾਗਿ ਰਹੇ ਸਰਨਾਈ। ੧ ।
ਲੇਹੁ ਆਰਤੀ ਹੋ ਪੁਰਖੁ ਨਿਰੰਜਨ ਸਤਿਗੁਰ ਪੂਜਹੁ ਭਾਈ।
ਠਾਢਾ ਬ੍ਰਹਮਾ ਨਿਗਮ ਬੀਚਾਰੈ ਅਖਲੁ ਨ ਲਖਿਆ ਜਾਈ।੧।ਰਹਾਉ।
ਤਤੁ ਤੇਲੁ ਨਾਮ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ।
ਜੋਤਿ ਲਾਇ ਜਗਦੀਸ ਜਗਾਇਆ ਬੂਝੇ ਬੂਝਨਹਾਰਾ। ੨ ।
ਪੰਚੇ ਸਬਦੁ ਅਨਾਹਦ ਬਾਜੇ ਸੰਗੇ ਸਾਰਿੰਗ ਪਾਨੀ।
ਕਬੀਰਦਾਸ ਆਰਤੀ ਕੀਨੀ ਨਿਰੰਕਾਰ ਨਿਰਬਾਨੀ । ੩ । ੪ ।

ਇਸ ਸ਼ਬਦ ਵਿਚ ਸੰਤ ਕਬੀਰ ਜੀ ਨੇ ਯੋਗ ਸਾਧਨਾ ਦੀ ਨਿਰਾਰਥਕਤਾ ਵਲ ਸੰਕੇਤ ਕੀਤਾ ਹੈ। ਪ੍ਰਭੂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਹੇ ਦੇਵ, ਹੇ ਪ੍ਰਕਾਸ਼ ਪੁੰਜ, ਹੇ ਆਦਿ ਦੇਵ, ਹੇ ਸਾਰੀ ਸ੍ਰਿਸ਼ਟੀ ਵਿਚ ਵਿਆਪਤ ਪਰਮਾਤਮਾ। ਸਾਰੇ ਯੋਗੀਆਂ ਨੇ ਸਮਾਧੀਆਂ ਲਗਾ ਕੇ ਤੇਰਾ ਅੰਤ ਪ੍ਰਾਪਤ ਕਰਨ ਦਾ ਯਤਨ ਕੀਤਾ ਹੈ, ਪਰੰਤੂ ਅੰਤ ਨਹੀਂ ਪਾ ਸਕੇ ਅਤੇ ਹਾਰ ਕੇ ਤੇਰੀ ਸ਼ਰਨ ਵਿਚ ਪੈ ਗਏ ਹਨ। ਇਸ ਲਈ ਉਸ ਪਰਮਾਤਮਾ ਦੀ ਆਰਤੀ ਗੁਰੂ ਦੇ ਉਪਦੇਸ਼ ਅਨੁਸਾਰ ਉਤਾਰੇ। ਉਹ ਪਰਮਾਤਮਾ ਨਿਰੰਜਨ ਅਤੇ ਅਲਖ ਹੈ, ਉਸਦਾ ਭੇਦ ਨਹੀਂ ਪਾਇਆ ਜਾ ਸਕਦਾ। ਉਸ ਦੇ ਦੁਆਰ ਉਤੇ ਬ੍ਰਹਮਾ ਵੀ ਖੜੋਤਾ ਹੋਇਆ ਵਿਚਾਰ ਪੂਰਵਕ ਆਰਾਧਨਾ ਕਰ ਰਿਹਾ ਹੈ। ਉਸ ਪਰਮਾਤਮਾ ਦੀ ਸੱਚੀ ਆਰਤੀ ਤਾਂ ਇਹ ਹੈ ਕਿ ਗਿਆਨ ਦਾ ਤੇਲ ਪਾ ਕੇ ਨਾਮ ਦੀ ਵੱਟੀ ਬਣਾ ਕੇ ਇਸ ਰਾਹੀਂ ਸਰੀਰ ਰੂਪ ਮੰਦਿਰ ਵਿਚ ਉਜਾਲਾ ਕੀਤਾ ਜਾਏ। ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਸ ਪ੍ਰਕਾਰ ਦਾ ਦੀਪਕ ਈਸ਼ਵਰ ਨੇ ਹੀ ਬ੍ਰਹਮੀ ਜੋਤਿ ਨਾਲ ਜਗਾਇਆ ਹੈ। ਸੂਝਵਾਨ ਜਾਂ ਭੀਤਰੀ ਗਿਆਨ ਰੱਖਣ ਵਾਲੇ ਹੀ ਇਸ ਵਿਚਿਤਰ ਪ੍ਰਕ੍ਰਿਆ ਨੂੰ ਸਮਝਦੇ ਹਨ ਅੰਤ ਵਿਚ ਕਬੀਰ ਜੀ ਨੇ ਸਪੱਸ਼ਟ ਕੀਤਾ ਹੈ ਕਿ ਉਸ ਨੇ ਵੀ ਨਿਰੰਕਾਰ ਦੀ ਇਸ ਪ੍ਰਕਾਰ ਦੀ ਸੱਚੇ ਮਨੋ ਆਰਤੀ ਕੀਤੀ ਹੈ ਜਿਸ ਦੇ ਫਲਸਰੂਪ ਅਨਹਦ ਸ਼ਬਦ ਹੋ ਰਿਹਾ ਹੈ ਅਤੇ ਅੰਦਰ ਕਈ ਪ੍ਰਕਾਰ ਦੇ ਵਾਜਿਆਂ ਭਾਵ ਵਾਦਯੰਤ੍ਰਾਂ ਤੋਂ ਪੈਦਾ ਹੋਣ ਵਾਲੀ ਧੁਨੀ ਹੋ ਰਹੀ ਹੈ।

ਇਥੇ ਕਬੀਰ ਜੀ ਨੇ ਕਰਮ-ਕਾਂਡਾਂ ਅਤੇ ਯੋਗਿਕ ਵਿਧੀ ਰਾਹੀਂ ਪਰਮਾਤਮਾ ਨੂੰ ਪਾ ਸਕਣਾ ਸੰਭਵ ਨਾ ਦੱਸ ਕੇ ਪਰਮਾਤਮਾ ਦੀ ਜੋਤਿ ਨਾਲ ਅੰਤਰ ਆਤਮਾ ਦੇ ਪ੍ਰਕਾਸ਼ਿਤ ਹੋਣ ਤੋਂ ਪਿੱਛੋਂ ਹੀ ਬ੍ਰਹਮ ਆਨੰਦ ਦੀ ਪ੍ਰਾਪਤੀ ਸੰਭਵ ਦੱਸੀ ਹੈ। ਇਹ ਸਭ ਕੁਝ ਪਰਮਾਤਮਾ ਦੀ ਕ੍ਰਿਪਾ ਰਾਹੀਂ ਹੀ ਉਪਲਬਧ ਹੁੰਦਾ ਹੈ।

## ਅਭਿਆਸ ਲਈ ਪ੍ਰਸ਼ਨ

1. ਸੰਸਾਰ ਦੀ ਉਤਪਤੀ ਸੰਬੰਧੀ ਕਬੀਰ ਜੀ ਦੇ ਕੀ ਵਿਚਾਰ ਸਨ ਸਪੱਸ਼ਟ ਕਰੋ।
2. ਕਬੀਰ ਬਾਣੀ ਵਿਚ ਸਮਕਾਲੀ ਧਰਮਾਂ ਸੰਬੰਧੀ ਕਿਸ ਕਿਸਮ ਦੀਆਂ ਟਿਪਣੀਆਂ ਪ੍ਰਾਪਤ ਹਨ, ਚਰਚਾ ਕਰੋ।
3. ਕਬੀਰ ਜੀ ਦਾ ਪਾਖੰਡੀ ਬ੍ਰਾਹਮਣਾਂ ਬਾਰੇ ਕੀ ਵਿਚਾਰ ਹੈ ਉਦਾਹਰਣ ਸਹਿਤ ਸਪੱਸ਼ਟ ਕਰੋ।

ਪਾਠ ਨੰਬਰ : 1.4

## ਸੰਤ ਕਬੀਰ ਦੀ ਅਧਿਆਤਮਿਕ ਵਿਚਾਰਧਾਰਾ

ਸੰਤ ਕਬੀਰ ਮੱਧ ਯੁਗ ਦੇ ਇਕ ਸਮਰੱਥਾਵਾਨ ਧਰਮ ਸਾਧਕ ਹਨ। ਉੱਤਰ ਭਾਰਤ ਵਿਚ ਨਿਰਗੁਣਵਾਦੀ ਭਗਤੀ ਭਾਵਨਾ ਦਾ ਵਿਕਾਸ ਕਰਨ ਵਾਲਿਆਂ ਵਿਚ ਕਬੀਰ ਜੀ ਦਾ ਸਥਾਨ ਪ੍ਰਮੁੱਖ ਹੈ। ਉਨ੍ਹਾਂ ਨੇ ਆਪਣੇ ਯੁਗ ਦੀਆਂ ਵਿਚਾਰਧਾਰਾਵਾਂ ਦਾ ਪ੍ਰਭਾਵ ਗ੍ਰਹਿਣ ਵੀ ਕੀਤਾ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਵੀ ਕੀਤਾ। ਆਪ ਪੁਰਾਤਨ ਭਾਰਤੀ ਚਿੰਤਨ ਅਤੇ ਮੱਧ ਯੁੱਗ ਦੇ ਭਗਤੀ ਅੰਦੋਲਨ ਦੇ ਵਿਚਕਾਰ ਖੜੇ ਸਨ। ਇਕ ਪਾਸੇ ਉਹ ਪੁਰਾਤਨ ਰੂੜ੍ਹ ਪਰੰਪਰਾਵਾਂ ਅਤੇ ਮਾਨਤਾਵਾਂ ਦਾ ਨਿਖੇਧ ਕਰਦੇ ਸਨ ਅਤੇ ਦੂਜੇ ਪਾਸੇ ਉਨ੍ਹਾਂ ਵਿਚਲੇ ਨਰੋਏ ਤੱਤਾਂ ਦਾ ਭਾਵੀਕਰਣ ਕਰਕੇ ਯੁੱਗ ਦੇ ਬੋਧ ਅਤੇ ਲੋੜ ਅਨੁਸਾਰ ਨਵਾਂ ਰੂਪ ਦਿੰਦੇ ਸਨ। ਇਸ ਤੋਂ ਇਲਾਵਾ ਇਕ ਅਨੁਭਵੀ ਅਤੇ ਸੰਵੇਦਨਸ਼ੀਲ ਸਾਧਕ ਹੋਣ ਕਾਰਨ ਆਪਣੇ ਅਨੁਭਵ ਦੇ ਆਧਾਰ ਤੇ ਕਈ ਸਥਾਪਨਾਵਾਂ ਕੀਤੀਆਂ ਜੋ ਆਉਣ ਵਾਲੇ ਸੰਤਾਂ ਲਈ ਦਿਸ਼ਾ-ਸੰਕੇਤ ਬਣੀਆਂ। ਉੱਤਰੀ ਭਾਰਤ ਦੀ ਭਗਤੀ ਲਹਿਰ ਅਤੇ ਉਸ ਵਿਚਲੀ ਚਿੰਤਨ-ਧਾਰਾ ਨੂੰ ਸਮਝਣ ਲਈ ਕਬੀਰ ਬਾਣੀ ਦੀ ਵਿਚਾਰਧਾਰਾ ਨੂੰ ਸਮਝਣਾ ਅਤਿ ਜ਼ਰੂਰੀ ਹੈ। ਸੱਚ ਤਾਂ ਇਹ ਹੈ ਕਿ ਨਿਰਗੁਣ ਕਾਵਿਧਾਰਾ ਦਾ ਵਿਵਸਥਿਤ ਆਰੰਭ ਆਪ ਜੀ ਦੀ ਬਾਣੀ ਤੋਂ ਹੁੰਦਾ ਹੈ। ਇਹੀ ਕਾਰਨ ਹੈ ਕਿ ਆਪ ਦੀ ਬਾਣੀ ਦੀ ਆਤਮਾ ਸਮਝ ਕੇ ਹੀ ਨਿਰਗੁਣ ਭਗਤੀ ਅੰਦੋਲਨ ਦੀ ਸੋਚ ਨੂੰ ਪਛਾਣਿਆ ਜਾ ਸਕਦਾ ਹੈ। ਹੁਣ ਕਬੀਰ ਦੇ ਅਧਿਆਤਮਿਕ ਚਿੰਤਨ ਦੇ ਵੱਖ-ਵੱਖ ਪੱਖਾਂ ਨੂੰ ਕੁਝ ਵਿਸਤਾਰ ਸਹਿਤ ਸਮਝ ਲੈਣਾ ਉਚਿਤ ਹੋਵੇਗਾ।

ਸੰਤ ਕਬੀਰ ਜੀ ਦੇ ਪਰਮਾਤਮਾ ਸੰਬੰਧੀ ਵਿਚਾਰ ਅਧਿਕ ਤੌਰ ਤੇ ਅਨੁਭਵ ਤੇ ਆਧਾਰਿਤ ਹਨ। ਸੋਰਠ ਰਾਗ ਦੇ ਇਕ ਸ਼ਬਦ ਵਿਚ ਆਪ ਜੀ ਨੇ ਸਪਸ਼ਟ ਸਥਾਪਨਾ ਕੀਤੀ ਹੈ ਕਿ ਉਨ੍ਹਾਂ ਨੂੰ ਬ੍ਰਹਮ ਦਾ ਸਾਖਿਆਤਕਾਰ ਪ੍ਰਾਪਤ ਹੋ ਚੁੱਕਿਆ ਹੈ। ਫਿਰ ਉਨ੍ਹਾ ਨੂੰ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਵੇਖਣ ਦੀ ਲੋੜ ਹੀ ਨਹੀਂ ਰਹਿ ਗਈ। ਉਹ ਉਸ ਪਰਮਾਤਮਾ ਵਿਚ ਇਤਨੇ ਮਗਨ ਹਨ ਕਿ ਕਿਸੇ ਹੋਰ ਬਾਰੇ ਗੱਲ ਤਕ ਵੀ ਨਹੀਂ ਕੀਤੀ ਜਾ ਸਕਦੀ

ਦੁਇ ਦੁਇ ਲੋਚਨ ਪੇਖਾ। ਹਉ ਹਰਿ ਬਿਨੁ ਅਉਰੁ ਨਾ ਦੇਖਾ।
ਨੈਨ ਰਹੇ ਰੰਗੁ ਲਾਈ। ਅਬ ਬੇ ਗਲ ਕਹਨੁ ਨ ਜਾਈ।
ਕਹਿ ਕਬੀਰ ਰੰਗਿ ਰਾਤਾ। ਮਿਲਿਓ ਜਗਜੀਵਨ ਦਾਤਾ।

(ਆਦਿ ਗ੍ਰੰਥ 655)

ਸਪੱਸ਼ਟ ਹੈ ਕਿ ਪਰਮਾਤਮਾ ਬਾਰੇ ਕਬੀਰ ਜੀ ਦੀ ਮਾਨਤਾ ਉਨ੍ਹਾਂ ਦੀ ਰਹੱਸ ਅਨੁਭੂਤੀ ਉਤੇ ਆਧਾਰਿਤ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਇਕੋ ਹੀ ਹੈ। ਉਹ ਪਰੇ ਤੋਂ ਪਰੇ ਅਤੇ ਨੇੜੇ ਤੋਂ ਨੇੜੇ ਹੈ। ਅਸਲ ਵਿਚ, ਉਹ ਸਰਬਤ੍ਰ ਵਿਆਪਕ ਹੈ। ਉਸ ਨੂੰ ਸਵੱਛ ਅੰਤਹਕਰਣ ਵਿਚ ਹੀ ਵਿਚਾਰਿਆ ਜਾ ਸਕਦਾ ਹੈ -

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ।
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ।

(ਆਦਿ ਗ੍ਰੰਥ 483)

ਕਬੀਰ ਨੇ ਪਰਮਾਤਮਾ ਨੂੰ ਇਕ ਅਜਿਹੀ ਸ਼ਕਤੀ ਮੰਨਿਆ ਹੈ ਕਿ ਜੋ ਕਿਸੇ ਖਾਸ ਧਰਮ ਵਰਗ ਜਾਂ ਦੇਸ਼ ਦੇ ਕਲਾਵੇ ਤੋਂ ਮੁਕਤ ਅਤੇ ਸਰਬ ਸਾਂਝੀ ਹੈ। ਉਨ੍ਹਾਂ ਅਨੁਸਾਰ ਰੂਰਾਮਗ੍ਰ ਦਸ਼ਰਥ ਦੇ ਪੁੱਤਰ ਰਾਮ ਨ ਹੋ ਕੇ ਸਾਰੀ ਸ੍ਰਿਸ਼ਟੀ ਵਿਚ ਰਮਣ ਕਰ ਰਹੀ ਅਗਾਧ ਸੱਤਾ ਹੈ। ਉਸ ਤੋਂ ਹੀ ਸਾਰੀਆਂ ਸੰਸਾਰਕ ਸ਼ਕਤੀਆਂ, ਸ਼ਕਤੀ ਗ੍ਰਹਿਣ ਕਰਦੀਆਂ ਹਨ। ਸਾਰੇ ਦੇਵੀ ਦੇਵਤੇ, ਸਾਰੀਆਂ ਕੁਦਰਤੀ ਸ਼ਕਤੀਆਂ, ਸਾਰੇ ਧਰਮ ਗ੍ਰੰਥ ਅਸਲ ਵਿਚ ਉਸ ਦੇ ਸਿਰਜੇ ਤੇ ਸੰਵਾਰੇ ਹੋਏ ਹਨ ਜਿਵੇ :-

ਕੋਟਿ ਸੂਰ ਜਾ ਕੈ ਪਰਗਾਸੁ। ਕੋਟ ਮਹਾਦਵੇ ਅਰੁ ਕਬਿਲਾਸ।
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ। ਬ੍ਰਹਮਾ ਕੋਟਿ ਬੇਦ ਉਚਰੈ।
ਜਉ ਜਾਚਉ ਤਉ ਕੇਵਲ ਰਾਮ।

ਆਨ ਦੇਵ ਸਿਉ ਨਾਹੀ ਕਾਮ। ੧ । ਰਹਾਉ।
ਕੋਟਿ ਚੰਦ੍ਰਮੇ ਕਰਹਿ ਚਰਾਕ। ਸੁਰ ਤੇਤੀਸ ਉਜੇਵਹਿ ਪਾਕ।
ਨਵਗ੍ਰਹਿ ਕੋਟਿ ਠਾਡੇ ਦਰਬਾਰ। ਧਰਮ ਕੋਟਿ ਜਾ ਕੇ ਪ੍ਰਤਿਹਾਰ।

(ਆਦਿ ਗ੍ਰੰਥ ਪੰਨਾ 1162-3)

ਉਹ ਪ੍ਰਭੂ ਮੂਰਤੀ ਵਿਚ ਸਥਿਤ ਨਾ ਹੋ ਕੇ (ਰੁਸਿਆਮ ਮੂਰਤਿ ਨਾਹਿਗੁ) ਨਿਰਾਕਾਰ, ਨਿਰਵਿਕਾਰ, ਨਿਰੰਜਨ, ਹਰ ਪ੍ਰਕਾਰ ਦੇ ਸੰਕਟਾਂ ਤੋ ਮੁਕਤ, ਨਾਮ ਰੂਪਾਤਮਕ ਜਗਤ ਦੇ ਆਵਾਗੌਣ ਤੋਂ ਉੱਚਾ ਅਜਿਹਾ ਤਤ੍ਵ ਹੈ ਜਿਸ ਦਾ ਨਾ ਕੋਈ ਪਿਤਾ ਹੈ ਅਤੇ ਨਾ ਹੀ ਮਾਤਾ। ਉਹ ਅਜੂਨੀ, ਅਜਨਮਾ ਅਤੇ ਸੰਸਾਰਕ ਬੰਧਨਾਂ ਅਥਵਾ ਸੰਬੰਧਾਂ ਤੋਂ ਅਤੀਤ ਹੈ -

ਸੰਕਟਿ ਨਹੀਂ ਪਰੈ ਜੋਨਿ ਨਹੀਂ ਆਵੈ ਨਾਮੁ ਨਿਰੰਜਨ ਜਾ ਕੋ ਰੇ।
ਕਬੀਰ ਕੋ ਸੁਆਮੀ ਐਸੇ ਠਾਕੁਰੁ ਜਾ ਕੇ ਮਾਈ ਨਾ ਬਾਪੋ ਰੇ।

(ਆਦਿ ਗ੍ਰੰਥ ਪੰਨਾ 339)

ਉਹ ਪਰਮਾਤਮਾ ਸੰਸਾਰ ਦੇ ਅਣੂ ਅਣੂ ਵਿਚ ਰਮ ਰਿਹਾ ਹੈ। ਉਸ ਦਾ ਤਿੰਨ ਲੋਕਾਂ ਵਿਚ ਵਿਸਤਾਰ ਹੋਇਆ ਹੈ। ਉਹ ਬੋਹੜ ਦੇ ਬੀਜ ਵਿਚ ਵੀ ਮੌਜੂਦ ਹੈ 'ਬਟਕ ਬੀਜ ਮਹਿ ਰਵਿ ਰਹਿਓ ਜਾਕੇ ਤੀਨਿ ਲੋਕ ਬਿਸਥਾਰ।'

ਵਿਦਵਾਨਾਂ ਨੇ ਕਬੀਰ ਬਾਣੀ ਦੇ ਆਧਾਰ ਤੇ ਮੰਨਿਆ ਹੈ ਕਿ ਕਬੀਰ ਨੇ ਹਰ ਪ੍ਰਕਾਰ ਦੀਆਂ ਸਾਧਨਾਂ ਪ੍ਰਣਾਲੀਆਂ ਦੁਆਰਾ ਸਵੀਕਾਰੇ ਬ੍ਰਹਮ ਦੇ ਸਰੂਪ ਨੂੰ ਆਪਣੀ ਪਕੜ ਵਿਚ ਲੈ ਕੇ ਇਕ ਵਿਆਪਕ ਧਾਰਨਾ ਬਣਾਈ ਹੈ, ਜੋ ਪਰੰਪਰਾਗਤ ਨਹੀਂ ਹੈ, ਮੌਲਿਕ ਰਚਨਾ-ਸ਼ੈਲੀ ਕਰ ਕੇ ਨਵੇਂ ਰੰਗ ਵਾਲੀ ਹੈ। ਇਹ ਵਰਣਨ ਸ਼ੈਲੀ ਵਿਅਕਤ ਅਤੇ ਅਵਿਅਕਤ ਦੋਹਾਂ ਰੂਪ ਵਿਚ ਸਾਡੇ ਸਾਹਮਣੇ ਆਈ ਹੈ। ਇਸ ਸੰਬੰਧ ਵਿਚ ਡਾ. ਗੋਬਿੰਦ ਤ੍ਰਿਗੁਣਾਇਤ ਨੇ ਆਪਣੀ ਪੁਸਤਕ ਕਬੀਰ ਕੀ ਵਿਚਾਰਧਾਰਾ ਵਿਚ ਕਿਹਾ ਹੈ ਕਿ 'ਕਬੀਰ ਜੀ ਦਾ ਪ੍ਰਮੁੱਖ ਪ੍ਰਤਿਪਾਦਿਤ ਵਿਸ਼ਾ ਭਗਵਾਨ ਦਾ ਅਵਿਅਕਤ ਸਰੂਪ ਹੀ ਹੈ। ਬ੍ਰਹਮ ਦੇ ਅਵਿਅਕਤ ਸਰੂਪ ਦਾ ਜਿਤਨੇ ਢੰਗਾਂ ਨਾਲ ਨਿਰੂਪਣ ਸੰਭਵ ਹੋ ਸਕਦਾ ਹੈ, ਕਬੀਰ ਜੀ ਨੇ ਕੀਤਾ ਹੈ। ਉਨ੍ਹਾਂ ਦਾ ਅਵਿਅਕਤ ਬ੍ਰਹਮ ਨਿਰੂਪਣ ਬਹੁਤ ਕੁਝ ਉਪਨਿਸ਼ਦਾਂ ਵਿਚ ਵਰਣਿਤ ਬ੍ਰਹਮ ਦੇ ਅਵਿਅਕਤ ਸਰੂਪ ਦੇ ਢੰਗ ਉਤੇ ਹੀ ਹੈ। ਪਰੰਤੂ ਕਿਤੇ ਕਿਤੇ ਉਸ ਉਤੇ ਯੋਗੀਆਂ ਦੇ ਦ੍ਵੈਤ, ਵਿਲਖਣ, ਜੋਤਿਵਾਦ, ਸੂਫ਼ੀਆਂ ਦੇ ਨੂਰਵਾਦ, ਸ਼ਬਦਵਾਦ, ਸ਼ੂਨਯਵਾਦ ਆਦਿ ਦੀ ਛਾਇਆ ਵੀ ਦਿਸ ਪੈਂਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਕਬੀਰ ਜੀ ਨੂੰ ਜਿਤਨੇ ਵੀ ਦਰਸ਼ਨਾਂ ਦੀ ਜਾਣਕਾਰੀ ਸੀ, ਉਨ੍ਹਾਂ ਸਾਰਿਆਂ ਵਿਚ ਗਣਿਤ ਬ੍ਰਹਮ ਦੇ ਨਿਰੂਪਿਤ ਅਵਿਅਕਤ ਸਰੂਪ ਵਿਚ ਸਮੇਟਣ ਦਾ ਯਤਨ ਕੀਤਾ ਹੈ।

ਡਾ. ਤ੍ਰਿਗੁਣਾਇਤ ਨੇ ਅੱਗੇ ਦਸਿਆ ਹੈ ਕਿ ਬ੍ਰਹਮ ਦੇ ਵਿਅਕਤ ਰੂਪ ਦਾ ਜੋ ਵਰਣਨ ਕਬੀਰ ਜੀ ਦੀ ਬਾਣੀ ਵਿਚ ਮਿਲਦਾ ਹੈ, ਉਹ ਅਧਿਕਤਰ ਭਾਵਨਾ ਮੂਲਕ ਜਾਂ ਬੁੱਧਮੂਲਕ ਹੀ ਹੈ। ਭਗਤੀ ਭਾਵਨਾ ਦੇ ਆਵੇਸ਼ ਵਿਚ ਉਨ੍ਹਾਂ ਨੇ ਕਈ ਸਥਲਾਂ ਤੇ ਭਗਵਾਨ ਦਾ ਵਰਣਨ ਸੁਆਮੀ ਤੁਲਸੀਦਾਸ ਦੇ ਢੰਗ ਤੇ ਸਗੁਣ ਅਤੇ ਸਾਕਾਰ ਰੂਪ ਵਿਚ ਕੀਤਾ ਹੈ। ਕਦੇ ਕਦੇ ਉਹ ਮਨ ਆਦਿ ਨੂੰ ਵੀ ਬ੍ਰਹਮ ਕਹਿ ਦਿੰਦੇ ਹਨ। ਪਰੰਤੂ ਵਿਅਕਤ ਬ੍ਰਹਮ ਦੇ ਇਹ ਸਾਰੇ ਸਰੂਪ ਇਕ ਤਰ੍ਹਾਂ ਨਾਲ ਸਥੂਲ ਇੰਦਰੀਆਂ ਤੋਂ ਅਤੀਤ ਹਨ। ਕਬੀਰ ਜੀ ਨੇ ਕਿਤੇ ਵੀ ਬ੍ਰਹਮ ਦੇ ਸਥੂਲ ਇੰਦਰੀਆਂ ਦੁਆਰਾ ਗ੍ਰਹਿਣ ਕੀਤੇ ਜਾ ਸਕਣ ਵਾਲੇ ਸਰੂਪ ਦਾ ਚਿਤ੍ਰਣ ਨਹੀਂ ਕੀਤਾ। ਇਹੀ ਕਾਰਨ ਹੈ ਕਿ ਉਨ੍ਹਾਂ ਵਿਚ ਅਵਤਾਰਵਾਦ ਦੇ ਚਿੰਨ੍ਹ ਲਭਣ ਤੇ ਵੀ ਨਹੀਂ ਮਿਲਦੇ। ਇਸ ਅਰਥ ਵਿਚ ਕਬੀਰ ਜੀ ਨਿਰਗੁਣਵਾਦੀ ਹਨ।

ਕਬੀਰ ਜੀ ਨੇ ਬ੍ਰਹਮ ਦਾ ਜੋ ਵਰਣਨ ਕੀਤਾ ਹੈ, ਉਹ ਕਿਸੇ ਪ੍ਰਕਾਰ ਦੀ ਸ਼ਾਸਤਰੀ ਸ਼ੈਲੀ ਵਿਚ ਨਹੀਂ ਕੀਤਾ। ਡਾ. ਤ੍ਰਿਗੁਣਾਇਤ ਅਨੁਸਾਰ ਉਨ੍ਹਾਂ ਦੀ ਅਭਿਵਿਅਕਤੀ ਅਧਿਕਤਰ ਉਪਦੇਸ਼ਾਤਮਕ, ਭਾਵਨਾਤਮਕ, ਰਹੱਸਾਤਮਕ ਅਤੇ ਬੁੱਧੀਮੂਲਕ ਸ਼ੈਲੀ ਵਿਚ ਹੋਈ ਹੈ। ਉਪਨਿਸ਼ਦਾਂ ਵਿਚ ਵੀ ਬ੍ਰਹਮ ਦਾ ਵਰਣਨ ਅਧਿਕਤਰ ਰਹੱਸਮਈ ਭਾਵਨਾਤਮਕ ਸ਼ੈਲੀ ਵਿਚ ਹੋਇਆ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਬ੍ਰਹਮ ਸੰਬੰਧੀ ਮਾਨਤਾਵਾਂ ਉਪਨਿਸ਼ਦਾਂ ਨਾਲ ਦੂਰ ਤਕ ਸਮਾਨਤਾ ਰਖਦੀਆਂ ਹਨ। ਉਨ੍ਹਾਂ ਨੇ ਉਪਨਿਸ਼ਦਾਂ ਦੇ ਅਦ੍ਵੈਤਵਾਦ ਦੀ ਪੂਰਨ ਪ੍ਰਤਿਸ਼ਠਾ ਕੀਤੀ ਹੈ। ਕਬੀਰ ਦਾ ਬ੍ਰਹਮ ਨਿਰੂਪਣ ਅਧਿਕਤਰ ਅਦ੍ਵੈਤੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਬ੍ਰਹਮ ਧਾਰਨਾ ਅਧਿਆਤਮੀ ਹੈ, ਸ਼ਾਸਤ੍ਰੀ ਨਹੀਂ ਹੈ।

ਸਪੱਸ਼ਟ ਹੈ ਕਿ ਕਬੀਰ ਜੀ ਨੇ ਬ੍ਰਹਮ ਸੰਬੰਧੀ ਆਪਣੀਆਂ ਜੋ ਮਾਨਤਾਵਾਂ ਸਥਾਪਤ ਕੀਤੀਆਂ ਹਨ, ਉਹ ਲਕੀਰ ਤੋਂ ਕਟਵੀਆਂ ਹਨ। ਇਹ ਵੀ ਯੋਗ-ਸਾਧਨਾ ਦੀ ਵਿਚਾਰਧਾਰਾ ਅਪਣਾਉਂਦੀਆਂ ਹਨ ਅਤੇ ਨਾ ਹੀ ਹਿੰਦੂ ਧਰਮ ਦੀਆਂ ਸ਼ਾਸਤਰੀ ਅਤੇ ਦਾਰਸ਼ਨਿਕ ਪਰੰਪਰਾਵਾਂ ਨਾਲ ਆਪਣਾ ਕੋਈ ਉਚੇਚਾ ਸੰਬੰਧ ਸਥਾਪਤ ਕਰਦੀਆਂ ਹਨ। ਇਹ ਅਸਲ ਵਿਚ ਇਕ ਧਰਮ ਸਾਧਕ ਦੇ ਉਦਗਾਰ ਹਨ ਜੋ ਸਵੈ ਅਨੁਭੂਤ ਹੋਣ ਦੇ ਨਾਲ ਨਾਲ ਸੰਕਟ ਜਕੜੇ ਸਮਾਜ ਦਾ ਦਿਸ਼ਾ-ਨਿਰਦੇਸ਼ਨ ਕਰਦੇ ਹਨ।

ਕਬੀਰ ਜੀ ਨੇ ਪਰਮਾਤਮਾ ਦੇ ਨਿਰੂਪਣ ਉਤੇ ਬਹੁਤ ਵਿਸਤਾਰ ਨਾਲ ਲਿਖਿਆ ਹੈ। ਕਾਰਨ ਸਪੱਸ਼ਟ ਹੈ ਕਿ ਕਬੀਰ ਸਾਧਨਾ ਦਾ

ਮੁੱਖ ਪ੍ਰਯੋਜਨ ਹੀ ਮਨੁੱਖ ਦੀ ਆਤਮਾ ਨੂੰ ਅਧਿਆਤਮਿਕ ਤੌਰ ਤੇ ਉਨੱਤ ਕਰਕੇ ਉਸ ਨੂੰ ਮੋਖ ਮਾਰਗ ਉੱਤੇ ਸਫਲਤਾ ਪੂਰਵਕ ਅੱਗੇ ਵਧਾਉਣਾ ਹੈ। ਉਨ੍ਹਾਂ ਨੇ ਬੂੰਦ-ਸਮੁੰਦਰ ਜਾਂ ਅੰਸ਼-ਅੰਸ਼ੀ ਭਾਵ ਦੀ ਸਥਾਪਨਾ ਕਰਦਿਆਂ ਦੇਹ ਦੇ ਅੰਦਰ ਵਸਦੇ ਤੱਤ ਨੂੰ ਪ੍ਰਭੂ ਦਾ ਅੰਸ਼ ਮੰਨਿਆ ਹੈ – 'ਕਹੁ ਕਬੀਰ ਇਹੁ ਰਾਮ ਕਾ ਅੰਸ਼'। ਇਸ ਤੱਥ ਨੂੰ ਦੀਪਕ ਵਿਚ ਬਲਦੇ ਤੇਲ ਅਤੇ ਬੱਤੀ ਦੇ ਉਪਮਾਨ-ਵਿਧਾਨ ਰਾਹੀਂ ਸਪਸ਼ਟ ਕੀਤਾ ਹੈ ਕਿ ਜਦ ਤਕ ਦੀਪਕ ਵਿਚ ਤੇਲ ਮੌਜੂਦ ਹੈ, ਬੱਤੀ ਜਲਦੀ ਰਹਿੰਦੀ ਹੈ। ਤੇਲ ਦੇ ਮੁਕਣ ਨਾਲ ਸਾਰੀ ਕਾਰਵਾਈ ਠੱਪ ਹੋ ਜਾਂਦੀ ਹੈ। ਜਦੋ ਆਤਮ-ਤਤ ਸਰੀਰ ਵਿਚੋਂ ਨਿਕਲ ਜਾਂਦਾ ਹੈ ਤਾਂ ਇਹ ਸਰੀਰ ਸੁੰਨੇ ਮੰਦਿਰ ਵਰਗਾ ਨਿਰਾਰਥਕ ਹੋ ਜਾਂਦਾ ਹੈ –

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ।
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ।

(ਆਦਿ ਗ੍ਰੰਥ, ਪੰਨਾ : 477)

ਬਿਲਕੁਲ ਸਪੱਸ਼ਟ ਹੈ ਕਿ ਸੰਤ ਕਬੀਰ ਪਰਮਾਤਮਾ ਅਤੇ ਜੀਵ ਨੂੰ ਅਭਿੰਨ ਮੰਨਦੇ ਹੋਇਆਂ ਸਾਰਿਆਂ ਜੀਵਾਂ ਵਿਚ ਇਕੋ ਪਰਮ ਤੱਤ ਦੀ ਹੋਂਦ ਸਿੱਧ ਕਰਦੇ ਹਨ। ਉਸ ਪਰਮਾਤਮਾ ਨੇ ਹੀ ਆਪਣੀ ਜੋਤਿ ਨੂੰ ਸਭ ਵਿਚ ਸਥਿਤ ਕੀਤਾ ਹੋਇਆ ਹੈ। ਉਹ ਸਭ ਦਾ ਸਿਰਜਨਹਾਰ ਹੈ। ਉਸ ਤੋਂ ਭਿੰਨ ਕਿਸੇ ਹੋਰ ਸੱਤਾ ਨੂੰ ਮੰਨਣਾ ਭਰਮ ਹੈ। ਉਸ ਪਰਮ ਸੱਤਾ ਦੁਆਰਾ ਸਿਰਜੀ ਸਾਰੀ ਮਨੁੱਖਤਾ ਇਕ ਸਮਾਨ ਹੈ। ਉਚ-ਨੀਚ ਦੀ ਕਲਪਨਾ ਵਿਅਰਥ ਹੈ ਅਤੇ ਵਸਤੂ-ਸਥਿਤੀ ਦੇ ਉਲਟ ਹੈ –

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।
ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸਬ ਠਾਂਈ।

(ਆਦਿ ਗ੍ਰੰਥ, ਪੰਨਾ 1349-50)

ਇਸ ਗੱਲ ਨੂੰ ਹੋਰ ਸਪਸ਼ਟ ਕਰਦਿਆਂ ਕਬੀਰ ਜੀ ਨੇ ਗੌਡ ਰਾਗ ਵਿਚ ਕਿਹਾ ਹੈ ਕਿ ਆਤਮਾ ਨਾ ਮਨੁੱਖ ਹੈ ਅਤੇ ਨਾ ਹੀ ਦੇਵਤਾ, ਨਾ ਉਹ ਜਤੀ ਹੈ ਅਤੇ ਨਾ ਹੀ ਸ਼ਿਵ ਦਾ ਉਪਾਸਕ ਹੈ। ਨਾ ਉਹ ਜੋਗੀ ਹੈ ਅਤੇ ਨਾ ਹੀ ਅਵਧੂਤ, ਨਾ ਹੀ ਇਸ ਦੀ ਕੋਈ ਮਾਂ ਹੈ ਅਤੇ ਨਾ ਹੀ ਇਹ ਕਿਸੇ ਦਾ ਪੁੱਤਰ ਹੈ। ਇਸ ਸਰੀਰ ਵਿਚ ਕੌਣ ਵਸਦਾ ਹੈ, ਇਸ ਦਾ ਅੰਤ ਅਜੇ ਤਕ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤਾ। ਉਹ ਗ੍ਰਿਹਸਤੀ ਜਾਂ ਉਦਾਸੀ ਵੀ ਨਹੀਂ ਹੈ, ਨਾ ਉਹ ਰਾਜਾ ਹੈ, ਨਾ ਹੀ ਰੰਕ, ਨਾ ਉਹ ਬ੍ਰਾਹਮਣ ਅਤੇ ਨਾ ਹੀ ਸ਼ੂਦਰ ਹੈ। ਉਹ ਜਨਮ ਮਰਨ ਦੇ ਚੱਕਰ ਤੋਂ ਪਰੇ ਹੈ। ਅਸਲ ਵਿਚ ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ ਅਤੇ ਅਮਿਟ ਹੈ –

ਨਾ ਇਹੁ ਮਾਨਸੁ ਨ ਇਹ ਦੇਉ।
ਨਾ ਇਹੁ ਜਤੀ ਕਹਾਵੈ ਸੇਉ।
ਨਾ ਇਹੁ ਜੋਗੀ ਨ ਅਵਧੂਤਾ।
ਨਾਂ ਇਸੁ ਮਾਇ ਨਾ ਕਾਹੂ ਪੂਤਾ। ੧ ।
ਇਆ ਮੰਦਰ ਮਹਿ ਕੋਨ ਬਸਾਈ।
ਤਾਕਾ ਅੰਤੁ ਨ ਕੋਊ ਪਾਈ । ੧ । ਰਹਾਉ।
ਨਾ ਇਹੁ ਗਿਰਹੀ ਨ ਉਦਾਸੀ।
ਨਾ ਇਹੁ ਰਾਜ ਨ ਭੀਖ ਮੰਗਾਸੀ।
ਨਾਂ ਇਸੁ ਪਿੰਡ ਨ ਰਕਤੁ ਰਾਤੀ।
ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ। ੨ ।
ਕਹੁ ਕਬੀਰ ਇਹ ਰਾਮ ਕੀ ਅੰਸੁ।
ਜਸ ਕਾਗਦ ਪਰ ਮਿਟੈ ਨ ਮੰਸ । ੪ ।

(ਆਦਿ ਗ੍ਰੰਥ, ਪੰਨਾ : 87)

ਦੇਹ ਵਿਚ ਦਾਖ਼ਲ ਹੋ ਜਾਣ ਬਾਦ ਮਨੁੱਖ ਆਪਣੀ ਸਖਸ਼ੀਅਤ ਬਣਾਉਂਦਾ ਹੈ। ਉਸ ਨੂੰ ਸੋਝੀ ਹੁੰਦੀ ਹੈ। ਮਨੁੱਖਾ ਜਨਮ ਦੁਰਲਭ ਹੈ, ਬਾਰ ਬਾਰ ਪ੍ਰਾਪਤ ਨਹੀਂ ਹੁੰਦਾ। ਭਗਤੀ ਸਾਧਨਾਂ ਰਾਹੀਂ ਮਨੁੱਖਾ ਦੇਹੀ ਮਿਲਦੀ ਹੈ ਇਸ ਦੀ ਲੋਚਾ ਦੇਵਤੇ ਤਕ ਕਰਦੇ ਹਨ। ਇਸ ਦੇਹੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਦੀ ਹੋਂਦ ਵੇਲੇ ਹਰਿ-ਨਾਮ ਦਾ ਭਜਨ ਕੀਤਾ ਜਾ ਸਕਦਾ ਹੈ ਅਤੇ ਕਰਨਾ ਚਾਹੀਦਾ

ਹੈ। ਅਜਿਹਾ ਕਰ ਸਕਣਾ ਕਿਸੇ ਹੋਰ ਦੇਹੀ ਵਿਚ ਸੰਭਵ ਨਹੀਂ ਹੈ। ਬਸ, ਇਹ ਹੀ ਇਕ ਮਾਤਰ ਅਜਿਹੀ ਜੂਨ ਹੈ ਜਿਸ ਰਾਹੀਂ ਮਨੁੱਖ ਪਰਮ-ਪੁਰਸ਼ਾਰਥ ਪ੍ਰਾਪਤ ਕਰ ਸਕਦਾ ਹੈ 'ਇਸ ਦੇਹੀ ਕਉ ਸਿਮਰਹਿ ਦੇਵ। ਸੋ ਦੇਹੀ ਭਜੁ ਹਰਿ ਕੀ ਸੇਵ।' (1159) ਪਰ ਇਹ ਦੇਹ ਅਸਲ ਵਿਚ ਮਿੱਟੀ ਦਾ ਪਿੰਡ ਹੈ 'ਮਾਟੀ ਕੇ ਹਮ ਪੂਤਲੇ'। ਇਸ ਲਈ ਮਨੁੱਖ ਲਈ ਬੜਾ ਜ਼ਰੂਰੀ ਹੈ ਕਿ ਉਹ ਦੇਹੀ ਦਾ ਸਦ-ਉਪਯੋਗ ਕਰੇ। ਪਰ ਮਨੁੱਖ ਵਾਸਤਵਿਕ ਮਾਰਗ ਤੋਂ ਹਟ ਕੇ ਪਤੰਗੇ ਵਾਂਗ ਸੋਨੇ (ਧਨ) ਅਤੇ ਇਸਤਰੀ ਦੇ ਆਕਰਸ਼ਣ ਕਰਕੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਮਰਦਾ ਹੈ। ਇਸ ਲਈ ਕਬੀਰ ਜੀ ਅਨੁਸਾਰ ਮਨੁੱਖ ਵਿਵੇਕ ਦੁਆਰਾ ਵਿਕਾਰਾਂ ਨੂੰ ਪਰੇ ਸੁੱਟ ਦੇਣਾ ਚਾਹੀਦਾ ਹੈ –

ਜਗ ਜੀਵਨੁ ਐਸਾ ਸੁਪਨੇ ਜੈਸਾ ਜੀਵਨ ਸੁਪਨ ਸਮਾਨ।
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨ। । ।
ਬਾਬਾ ਮਾਇਆ ਮੋਹ ਹਿਤੁ ਕੀਨੇ।
ਜਿਨਿ ਗਿਆਨੁ ਰਤਨੁ ਹਿਰਿ ਲੀਨੇ । ੧ । ਰਹਾਉ।
ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ।
ਕਾਲ ਫਾਸ ਨਾ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ। ੨ ।
ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ।
ਕਹਿ ਕਬੀਰ ਜਗੁ ਜੀਵਨੁ ਅਸਾ ਦੁਤੀਆ ਨਾਹੀ ਕੋਇ। ੩ ।

(ਆਦਿ ਗ੍ਰੰਥ, ਪੰਨਾ : 482)

ਕਬੀਰ ਜੀ ਨੇ ਮਨੁੱਖ ਭਾਵ ਜੀਵਾਤਮਾ ਦੇ ਦੋ ਰੂਪ ਮੰਨੇ ਹਨ : ਇਕ ਗਿਆਨੀ ਅਤੇ ਦੂਜਾ ਅਗਿਆਨੀ। ਜੋ ਵਿਸ਼ੇ ਵਾਸ਼ਨਾਵਾਂ ਵਿਚ ਮਗਨ ਹੋ ਜਾਂਦਾ ਹੈ, ਸੰਸਾਰਕ ਪ੍ਰਪੰਚ ਨੂੰ ਹੀ ਆਪਣਾ ਸਥਾਈ ਨਿਵਾਸ ਬਣਾ ਲੈਂਦਾ ਹੈ, ਹਰਿਨਾਮ ਨੂੰ ਭੁਲਾ ਕੇ ਆਪਣੀ ਹੋਂਦ ਦਾ ਅਹਿਸਾਸ ਕਰਨ ਲਗ ਜਾਂਦਾ ਹੈ, ਅਜਿਹਾ ਜੀਵਾਤਮਾ ਅਗਿਆਨੀ ਹੈ, ਸਹੀ ਮਾਰਗ ਤੋਂ ਖੁੰਝਿਆ ਹੋਇਆ ਹੈ। ਇਸ ਦੇ ਵਿਪਰੀਤ ਜੋ ਜੀਵਾਤਮਾ ਸਰੀਰ ਵਿਚ ਰਹਿੰਦਾ ਹੋਇਆ ਵੀ ਵਿਵੇਕ ਨਾਲ ਆਪਣੇ ਅਸਲੇ ਨਾਲ ਜੁੜਿਆ ਰਹਿੰਦਾ ਹੈ, ਆਪਣੇ ਮੂਲ ਤੋਂ ਭਲੀਭਾਂਤ ਪਰਿਚਿਤ ਹੈ ਅਤੇ ਉਸ ਨਾਲ ਜੁੜੇ ਰਹਿਣ ਲਈ ਧਰਮ ਸਾਧਨਾ ਵਿਚ ਮਗਨ ਰਹਿੰਦਾ ਹੈ। ਉਹ ਅਗਿਆਨ ਦੀ ਨੀਂਦਰ ਵਿਚ ਕਦੇ ਨਹੀ ਸੌਂਦਾ – 'ਅੰਧਕਾਰ ਸੁਖਿ ਕਬਹਿ ਨ ਸੋਈ ਹੈ।' ਅਗਿਆਨੀ ਜੀਵ ਨੂੰ ਗਿਆਨੀ ਬਣਨ ਲਈ ਵਿਵੇਕ ਦਾ, ਗਿਆਨ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਦੁਨਿਆਵੀ ਗਿਆਨ ਨਹੀਂ, ਬ੍ਰਹਮ ਗਿਆਨ ਹੈ, ਇਹ ਆਤਮ-ਅਨੁਭਵ ਹੈ, ਸਤਿ ਸਰੂਪ ਪਰਮਾਤਮਾ ਦੀ ਪਛਾਣ ਹੈ ਸਚਮੁਚ ਜਦ ਗਿਆਨ ਦੀ ਹਨੇਰੀ ਵਗਦੀ ਹੈ ਤਾਂ ਭਰਮ ਦਾ ਛੱਪਰ ਉਡ ਪੁਡ ਜਾਂਦਾ ਹੈ –

ਦੇਖੋ ਭਾਈ ਗਿਆਨ ਕੀ ਆਈ ਆਂਧੀ।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ । ੧ । ਰਹਾਉ।
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।
ਤਿਸਨਾ ਛਾਨਿ ਪਰੀ ਧਰਿ ਊਪਰਿ ਦੁਰਮਤਿ ਭਾਂਡਾ ਫੂਟਾ । ੧ ।
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾ।
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾਂ । ੨ ।

(ਆਦਿ ਗ੍ਰੰਥ ਪੰਨਾ 331-32)

ਅਗਿਆਨ ਅਵਿਦਿਆ ਭਾਵ ਮਾਇਆ ਦਾ ਬੰਧਕ ਹੈ। ਮਾਯਾ ਅਜਿਹੀ ਮਨਮੋਹਕ ਸ਼ਕਤੀ ਹੈ ਜਿਸ ਨੂੰ ਸੰਸਾਰ ਦੇ ਸਾਰੇ ਜੀਵਾਂ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ 'ਜੇਤੇ ਜੀਆ ਤੇਤੇ ਡਹਕਾਈ।' ਪਰੰਤੂ ਸੰਤ ਕਬੀਰ ਇਤਨੇ ਸਸ਼ਕਤ ਸਾਧਕ ਸਨ ਕਿ ਉਹ ਆਪ ਸਦਾ ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹੇ ਹਨ। ਉਨ੍ਹਾਂ ਨੇ ਆਪਣੇ ਸਾਧਨਾਂ ਦੇ ਬਲ ਉੱਤੇ ਮਾਯਾ ਦੇ ਪ੍ਰਭਾਵਾਤਮਕ ਬੰਧਨਾਂ ਨੂੰ ਕੱਟ ਸੁਟਿਆ ਹੈ –

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ।

(ਆਦਿ ਗ੍ਰੰਥ ਪੰਨਾ 476)

ਇਸ ਤੋਂ ਇਲਾਵਾ ਕਬੀਰ ਜੀ ਨੇ ਮਾਇਆ ਨੂੰ ਨਾਗਨ, ਠਗਨੀ., ਠਗਉਰੀ, ਪਾਪਣੀ, ਘਾਤਣੀ ਆਦਿ ਨਾਵਾਂ ਨਾਲ ਚਿਤਰਿਆ ਹੈ। ਜੋ ਵਿਅਕਤੀ ਮਾਇਆ ਤੋਂ ਪ੍ਰਭਾਵਿਤ ਹੈ, ਉਹ ਅਗਿਆਨੀ ਹੈ ਅਤੇ ਜੋ ਇਸ ਦੇ ਪ੍ਰਭਾਵ ਤੋਂ ਪਰੇ ਹੈ ਉਹ ਗਿਆਨੀ ਹੈ। ਮਨੁੱਖ

ਦੇ ਸਰੀਰ ਵਿਚ ਮਾਇਆ ਦੀ ਆਧਾਰ-ਭੂਮੀ ਮਨ ਹੈ। ਉਹ ਇਸੇ ਮਨ ਵਿਚ ਟਿਕਦੀ ਹੈ ਅਤੇ ਇੱਥੋਂ ਹੀ ਆਪਣੀ ਕ੍ਰਿਆ ਦਾ ਸੰਚਾਰ ਕਰਦੀ ਹੈ। ਜਦੋਂ ਉਹ ਮਨ ਦੇ ਆਸਨ ਉੱਤੇ ਬੈਠਦੀ ਹੈ, ਤਾਂ ਮਨ ਚੰਚਲ ਹੋ ਜਾਂਦਾ ਹੈ, ਚੰਚਲ ਮਨ ਤੋਂ ਹੀ ਸਾਰੇ ਵਿਕਾਰ ਪੈਦਾ ਹੁੰਦੇ ਹਨ। ਇਹ ਮਨ ਦਾ ਅੰਧਕਾਰਮਈ ਪੱਖ ਹੈ। ਮਨ ਦਾ ਦੂਜਾ ਰੂਪ, ਜੋ ਮਾਇਆ ਤੋਂ ਮੁਕਤ ਹੈ, ਪ੍ਰਕਾਸ਼ਮਈ ਹੈ। ਗੁਰੂ ਦੀ ਕ੍ਰਿਪਾ ਦੁਆਰਾ ਜਦੋਂ ਮਨ ਵਿਚ ਗਿਆਨ ਦਾ ਪ੍ਰਵੇਸ਼ ਹੁੰਦਾ ਹੈ, ਉਸ ਦੀ ਸਥਿਤੀ ਅੰਧਕਾਰ ਤੋਂ ਪ੍ਰਕਾਸ਼ ਵਲ ਬਦਲ ਜਾਂਦੀ ਹੈ। ਇਸ ਅਵਸਥਾ ਨੂੰ ਸੰਤਾਂ ਨੇ ਪ੍ਰਕਾਸ਼ਮਈ ਮਨ ਦੁਆਰਾ ਅੰਧਕਾਰਮਈ ਮਨ ਨੂੰ ਮਾਰਨਾ ਕਿਹਾ ਹੈ –

ਮਮਾ ਮਨ ਸਿਉ ਕਾਜੁ ਹੈ ਮਨੁ ਸਾਧੇ ਸਿਧਿ ਹੋਇ।
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ।

(ਆਦਿ ਗ੍ਰੰਥ, ਪੰਨਾ : 342)

ਜੀਵਾਤਮਾ ਪਰਮਾਤਮਾ ਦਾ ਅੰਸ਼ ਹੁੰਦੇ ਹੋਇਆਂ ਵੀ ਪ੍ਰਭੂ ਦੇ ਵਸ ਵਿਚ ਹੈ, ਇਸ ਦੀ ਕੋਈ ਸੁਤੰਤਰ ਸੱਤਾ ਨਹੀਂ। ਇਹ ਉਹੀ ਕੁਝ ਕਰਦਾ ਹੈ ਜੋ ਪਰਮਾਤਮਾ ਕਰਾਉਂਦਾ ਹੈ। ਜੋ ਲੋਕ ਹਉਮੈ ਦੇ ਵਸ ਹੋ ਕੇ ਜਾਂ ਮਨ ਅਨੁਸਾਰ ਚਲ ਕੇ ਅਧਿਆਤਮਿਕ ਉਨਤੀ ਕਰਨਾ ਚਾਹੁੰਦੇ ਹਨ, ਉਹ ਅਸਲ ਵਿਚ ਅਸੰਭਵਤਾ ਦੀ ਖੇਡ ਖੇਡ ਰਹੇ ਹਨ। ਉਹ ਜਿਸ ਮਾਰਗ ਉਤੇ ਪੈਰ ਧਰਦੇ ਹਨ, ਫਿਸਲ ਜਾਂਦੇ ਹਨ –

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ।
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ।

(ਆਦਿ ਗ੍ਰੰਥ, ਪੰਨਾ 1369)

ਜਦ ਤਕ ਮਨ ਵਿਚ ਹਉਮੈ ਦੀ ਭਾਵਨਾ ਹੈ ਤਦ ਤਕ ਮਨੁੱਖ ਦੀ ਕੋਈ ਅਧਿਆਤਮਿਕ, ਸਿੱਧੀ ਨਹੀਂ ਹੋ ਸਕਦੀ, ਸਾਰੇ ਕੰਮ ਵਿਗੜਦੇ ਹੀ ਰਹਿੰਦੇ ਹਨ – 'ਜਬ ਲਗੁ ਮੇਰੀ ਮੇਰੀ ਕਰੈ। ਤਬ ਲਗੁ ਕਾਜੁ ਏਕੁ ਨਹੀ ਸਰੈ।' ਇਸ ਤੋਂ ਛੁਟ ਕਬੀਰ ਜੀ ਨੇ ਹਉਮੈ ਨੂੰ ਮਾਰਨ ਦੀ ਤਾਕੀਦ ਕਰਦਿਆਂ ਜੰਗਲ ਵਿਚ ਸ਼ੇਰ ਦੀ ਹੋਂਦ ਕਾਰਨ ਜੰਤੂਆਂ ਦੇ ਨਾ ਵਿਕਸਿਤ ਹੋਣ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਇਕ ਰੂਪਾਤਮਕ ਸਿਰਜਣਾ ਵਿਚ ਦੱਸਿਆ ਹੈ ਕਿ ਜਦ ਤਕ ਹਉਮੈ ਰੂਪੀ ਸ਼ੇਰ ਸਰੀਰ ਰੂਪੀ ਬਨ ਵਿਚ ਰਹਿੰਦਾ ਹੈ, ਤਦ ਤਕ ਬਨ ਹਰਿਆ ਭਰਿਆ ਨਹੀਂ ਰਹਿ ਸਕਦਾ ਫਿਰ ਜਦੋਂ ਨਿਮਰਤਾ ਰੂਪੀ ਗਿੱਦੜ ਹਉਮੈ ਰੂਪੀ ਸ਼ੇਰ ਨੂੰ ਖਾ ਜਾਂਦਾ ਹੈ ਤਾਂ ਸਭ ਪਾਸੇ ਖੇੜਾ ਪਸਰ ਜਾਂਦਾ ਹੈ –

ਜਬ ਲਗੁ ਸਿੰਘੁ ਰਹੈ ਬਨ ਮਾਹਿ।
ਤਬ ਲਗੁ ਬਨੁ ਫੂਲੈ ਹੀ ਨਾਹਿ। (ਆਦਿ ਗ੍ਰੰਥ ਪੰਨਾ : 1161)

ਹਉਮੈ ਭਾਵ ਮਾਇਆ ਦੇ ਪ੍ਰਭਾਵ ਅਧੀਨ ਕੀਤੇ ਕਰਮ ਕਦੇ ਪੁੰਨ ਦਾ ਰੂਪ ਨਹੀਂ ਧਾਰਨ ਕਰ ਸਕਦੇ, ਉਹ ਕੇਵਲ ਪਾਪਾਂ ਦਾ ਹੀ ਸੰਚਨ ਹੈ। ਇਹੀ ਆਵਾਗੌਣ ਦਾ ਮੂਲ ਕਾਰਨ ਹੈ, ਕਿਉਂਕਿ ਕੀਤੇ ਹੋਏ ਕਰਮਾਂ ਦੇ ਆਧਾਰ ਤੇ ਹੀ ਫਲ ਮਿਲਦਾ ਹੈ ਅਤੇ ਫਲ ਭੋਗਣ ਲਈ ਭਿੰਨ-ਭਿੰਨ ਜੂਨਾ ਵਿਚ ਜਨਮ ਲੈਣਾ ਪੈਂਦਾ ਹੈ – 'ਆਵਾਗਵਨੁ ਹੋਤ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ।' ਕਰਮਾਂ ਨਾਲ ਸੰਬੰਧਿਤ ਪੁੰਨ-ਪਾਪ ਦੇ ਆਧਾਰ ਤੇ ਸਵਰਗ ਅਤੇ ਨਰਕ ਦੀ ਕਲਪਨਾਂ ਧਰਮ ਸ਼ਾਸਤ੍ਰੀਆਂ ਨੇ ਕੀਤੀ ਹੈ। ਪਰ ਭਗਤ-ਸਾਧਕ ਇਸ ਪ੍ਰਕਾਰ ਦੇ ਚੱਕਰ ਵਿਚ ਨਾ ਪੈ ਕੇ ਹਰਿ-ਭਗਤੀ ਵਿਚ ਆਪਣੇ ਮਨ ਨੂੰ ਲਗਾਈ ਰਖਦੇ ਹਨ। ਉਨ੍ਹਾ ਨੂੰ ਨਾ ਮਾਯਾ ਦਾ ਡਰ ਹੈ, ਨਾ ਕਰਮ ਫਲਾਂ ਦਾ, ਜੋ ਹੋਣਾ ਹੈ, ਹੋਈ ਜਾਏ। ਕਿਸੇ ਪ੍ਰਕਾਰ ਦਾ ਡਰ ਮਨ ਵਿਚ ਨਾ ਰਖ ਕੇ ਹਰਿ ਦਾ ਜਸ ਗਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਉੱਤਮ ਹੋਰ ਕੋਈ ਧਨ ਨਹੀਂ ਹੈ –

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ।
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ।
ਰਮਈਆ ਗੁਨ ਗਾਈਐ ਜਾ ਤੇ ਪਾਈਐ ਧਰਮ ਨਿਧਾਨ।

(ਆਦਿ ਗ੍ਰੰਥ, ਪੰਨਾ : 337)

ਕਬੀਰ ਨੇ ਕਿਤੇ ਕਿਤੇ ਸੰਸਾਰ ਦੇ ਸਰੂਪ ਉੱਤੇ ਵੀ ਪ੍ਰਕਾਸ਼ ਪਾਇਆ ਹੈ। ਸੰਸਾਰ ਬਾਰੇ ਕਬੀਰ ਦਾ ਦ੍ਰਿਸ਼ਟੀਕੋਣ ਅਦ੍ਵੈਤਵਾਦੀਆਂ ਵਾਲਾ ਹੈ। ਬ੍ਰਹਮ ਨੂੰ ਸਦੀਵੀ ਸਤਿ ਮੰਨਣ ਵਾਲੇ ਕਬੀਰ ਜੀ ਲਈ ਦੁਨੀਆਂ ਦੀ ਕੋਈ ਪਰਮਾਰਥਕ ਸੱਤਾ ਨਹੀਂ ਹੈ। ਕਿਉਂਕਿ ਉਹ ਖੁਦ ਵੇਖ ਰਹੇ ਹਨ ਕਿ ਸੰਸਾਰਕ ਵਸਤੂਆਂ ਪੈਦਾ ਹੋ ਰਹੀਆਂ ਹਨ, ਵਿਕਾਸ ਕਰਦੀਆਂ ਹਨ ਅਤੇ ਫਿਰ ਖ਼ਤਮ ਹੋ ਜਾਂਦੀਆਂ ਹਨ। ਇਹ ਸਾਰਾ ਖੇਲ ਬਾਜ਼ੀਗਰ ਦੀ ਬਾਜ਼ੀ ਵਾਂਗ ਹੈ ਜੋ ਪਹਿਲਾਂ ਖੇਡ ਪਾਂਦਾ ਹੈ ਅਤੇ ਫਿਰ ਆਪ ਹੀ ਸਮੇਟ ਲੈਂਦਾ ਹੈ। ਇਹ ਦੁਨੀਆਂ ਜਾਦੂਈ

ਖੇਡ ਹੈ, ਮਨੁੱਖ ਦੇ ਅਧਿਆਤਮਿਕ ਵਿਕਾਸ ਲਈ ਇਸ ਵਿਚ ਕੁਝ ਵੀ ਸਹਾਇਕ ਨਹੀਂ ਹੈ –

'ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।'

(ਆਦਿ ਗ੍ਰੰਥ ਪੰਨਾ : 227)

ਇਕ ਹੋਰ ਸ਼ਲੋਕ ਵਿਚ ਕਬੀਰ ਜੀ ਨੇ ਜਗਤ ਨੂੰ ਕਾਲਖ ਦੀ ਕੋਠੜੀ ਕਿਹਾ ਹੈ ਅਤੇ ਇਸ ਵਿਚ ਵੜਨ ਅਥਵਾ ਖੰਚਿਤ ਹੋਣ ਵਾਲਿਆਂ ਨੂੰ ਮੂਰਖ ਕਿਹਾ ਹੈ –

ਕਬੀਰ ਜਗੁ ਕਾਜਲੁ ਕੀ ਕੋਠਰੀ ਅੰਧ ਪਰੇ ਤਿਸ ਮਾਹਿ।
ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ।

(ਆਦਿ ਗ੍ਰੰਥ, ਪੰਨਾ : 1365)

ਸਪੱਸ਼ਟ ਹੈ ਕਿ ਕਬੀਰ ਜੀ ਨੇ ਪਰਮਾਰਥਕ ਦ੍ਰਿਸ਼ਟੀ ਤੋਂ ਕੋਈ ਮਹੱਤਵ ਨਹੀਂ ਦਿੱਤਾ, ਪਰੰਤੂ ਇਸ ਜਗਤ ਦੇ ਵਿਵਹਾਰਕ ਰੂਪ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਸ ਜਗਤ ਨੇ ਭਾਵੇਂ ਨਾਸ ਹੀ ਹੋਣਾ ਹੈ ਪਰ ਇਸ ਦੇ ਵਿਵਹਾਰਕ ਰੂਪ ਦਾ ਸਪੱਸ਼ਟ ਅਨੁਭਵ ਹੁੰਦਾ ਹੈ, ਸਗੋਂ ਉਹ ਮਨੁੱਖ ਦੀ ਅਧਿਆਤਮਿਕ ਸਾਧਨਾ ਦੀ ਖੇਡ ਦਾ ਮੈਦਾਨ ਹੈ। ਅਸਲ ਵਿਚ ਪਰਮਾਰਥ ਦੇ ਨਾਲ ਵਿਵਹਾਰ ਦਾ ਬਹੁਤ ਨਿਕਟ ਸੰਬੰਧ ਹੈ। ਸੰਸਾਰ ਪ੍ਰਾਣੀਆਂ ਦਾ ਕਰਮ ਖੇਤਰ ਹੈ। ਕਰਮਾਂ ਦੇ ਫਲ ਭੋਗਣ ਲਈ ਸੰਸਾਰ ਦਾ ਵਿਧਾਨ ਹੋਇਆ ਹੈ। ਇਸ ਕਰਮ ਖੇਤਰ ਵਿੱਚ ਵਿਚਰੇ ਬਿਨਾਂ ਪਰਮਾਰਥ ਦਾ ਆਨੰਦ ਨਹੀਂ ਮਾਣਿਆ ਜਾ ਸਕਦਾ। ਇਸ ਲਈ ਪਰਮਾਰਥ ਦੀ ਪ੍ਰਾਪਤੀ ਲਈ ਵਿਵਹਾਰ ਦੀ ਆਪਣੀ ਮੌਲਿਕ ਭੂਮਿਕਾ ਹੈ। ਇਸੇ ਲਈ ਕਬੀਰ ਜੀ ਵਿਵਹਾਰਕ ਤੌਰ ਤੇ ਸੰਸਾਰ ਨੂੰ ਮਹਤਵ ਦਿੰਦੇ ਹਨ, ਪਰ ਪਰਮਾਰਥਕ ਦ੍ਰਿਸ਼ਟੀ ਤੋਂ ਇਹ ਸਭ ਕੁਝ ਵਿਅਰਥ ਹੈ – 'ਅੰਤ ਕੀ ਬਾਰ ਨਹੀਂ ਕਛੂ ਤੇਰਾ।'

ਕਬੀਰ ਜੀ ਨੇ ਸੰਸਾਰ ਦੀ ਉਤਪੱਤੀ ਦੇ ਕੁਝ ਕੁ ਕਾਰਨਾਂ ਵੱਲ ਵੀ ਸੰਕੇਤ ਕੀਤਾ ਹੈ। ਇਕ ਕਾਰਨ ਤਾਂ ਓਅੰਕਾਰ ਮੰਨਿਆ ਹੈ ਅਤੇ ਨੂਰ ਤੋਂ ਵੀ ਜਗਤ ਦੀ ਉਤਪਤੀ ਦੱਸੀ ਹੈ – 'ਏਕ ਨੂਰ ਤੇ ਸਭ ਜਗ ਉਪਜਿਆ। ਇਸ ਤੋਂ ਬਾਅਦ ਉਤਪੰਨ ਹੋਣ ਵਾਲੀਆਂ ਵਸਤੂਆਂ ਦਾ ਉਲੇਖ ਕੀਤਾ ਹੈ ਪਰੰਤੂ ਕਿਤੇ ਵੀ ਕੋਈ ਸਪਸ਼ਟ ਧਾਰਨਾ ਵਿਵਸਥਿਤ ਰੂਪ ਵਿਚ ਸਾਹਮਣੇ ਨਹੀਂ ਆਈ। ਫਿਰ ਵੀ ਕਬੀਰ ਜੀ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਵਿਵਹਾਰਕ ਤੌਰ ਤੇ ਇਸ ਜਗਤ ਵਿਚ ਕਿਤਨਾ ਹੀ ਕਿਉਂ ਮਗਨ ਹੋਇਆ ਜਾਏ, ਪਰੰਤੂ ਇਕ ਗੱਲ ਭਲੀ ਭਾਂਤ ਸਪਸ਼ਟ ਹੈ ਕਿ ਇਹ ਸਭ ਕੁਝ ਤਕ ਤਦ ਹੀ ਅਰਥਪੂਰਨ ਹੈ, ਜਦ ਤਕ ਮਨੁੱਖ ਜੀਉਂਦਾ ਹੈ। ਮਰਨ ਤੋਂ ਪਿਛੋਂ ਇਸ ਸੰਸਾਰ ਦੀ ਕੋਈ ਚੀਜ਼ ਵੀ ਨਾਲ ਨਹੀਂ ਜਾਂਦੀ, ਸਭ ਕੁਝ ਇਥੇ ਹੀ ਧਰਿਆ ਧਰਾਇਆ ਰਹਿ ਜਾਂਦਾ ਹੈ –

ਨਾਗੇ ਆਵਨ ਨਾਗ ਜਾਨਾ।
ਕੋਇ ਨ ਰਹਿ ਹੈ ਰਾਜਾ ਰਾਨਾ । ੧ ।
ਰਾਮੁ ਰਾਜਾ ਨਉਨਿਧਿ ਮੇਰੈ।
ਸੰਪੈ ਹੇਤੁ ਕਲਤੁ ਧਨੁ ਤੇਰੇ । ੧ । ਰਹਾਉ।
ਆਵਤ ਸੰਗ ਨ ਜਾਤ ਸੰਗਾਤੀ।
ਕਹਾ ਭਇਓ ਦਰਿ ਬਾਧੇ ਹਾਥੀ। ੨ ।
ਲੰਕਾ ਗਢੁ ਸੋਨੇ ਕਾ ਭਇਆ।
ਮੂਰਖੁ ਰਾਵਨੁ ਕਿਆ ਲੇ ਗਇਆ । ੩ ।
ਕਹਿ ਕਬੀਰ ਕਿਛ ਗੁਨੁ ਬੀਚਾਰਿ।
ਚਲੇ ਜੁਆਰੀ ਦੇਇ ਹਥ ਝਾਰਿ। ੪ ।

(ਆਦਿ ਗ੍ਰੰਥ, ਪੰਨਾ : 1157)

ਮੁਕਤੀ ਸੰਬੰਧੀ ਸੰਤ ਕਬੀਰ ਜੀ ਦੀ ਧਾਰਨਾ ਹੈ ਕਿ ਇਹ ਭਵਸਾਗਰ ਤੋਂ ਤਰ ਜਾਣ ਦੀ ਸਥਿਤੀ ਹੈ। ਕਹਿਣ ਤੋਂ ਭਾਵ ਸੰਸਾਰਕ ਪ੍ਰਪੰਚ ਤੋ ਖਲਾਸ ਹੋਣ ਦਾ ਹੈ। ਇਹ ਬਹੁਤ ਉਚੀ ਮਾਨਸਿਕ ਅਵਸਥਾ ਹੈ। ਇਹ ਅਵਸਥਾ ਹਰ ਪੱਖੋਂ ਸਾਤਵਿਕ ਹੈ, ਪੂਰੀ ਤਰ੍ਹਾਂ ਨਿਰਮਲ ਹੈ। ਇਸ ਦੀ ਨਿਰਮਲਤਾ ਗੰਗਾ ਜਲ ਵਰਗੀ ਹੈ। ਜਦ ਇਸ ਅਵਸਥਾ ਵਿਚ ਸਾਧਕ ਪਹੁੰਚ ਜਾਂਦਾ ਹੈ ਤਾਂ ਕਿਸੇ ਪ੍ਰਕਾਰ ਦੀ ਅਧਿਆਤਮਿਕ ਸਾਧਨਾ ਦੀ ਲੋੜ ਹੀ ਨਹੀਂ ਰਹਿੰਦੀ, ਨਾ ਹੀ ਪਰਮਾਤਮਾ ਅੱਗੇ ਅਰਜੋਈ ਕਰਨ ਦੀ ਲੋੜ ਰਹਿੰਦੀ ਹੈ ਸਗੋਂ ਮਨ ਦੀ ਨਿਰਮਲ ਅਵਸਥਾ ਹੋ ਜਾਣ ਤੇ ਪਰਮਾਤਮਾ ਹੋਂਦ ਹੀ ਕਬੀਰ ਨੂੰ ਬੈਕੁੰਠ ਵਿਚ ਸਥਾਨ ਦੇਣ ਲਈ ਤਤਪਰ ਹੋ ਜਾਂਦਾ ਹੈ। ਪਰੰਤੂ ਇਹ ਸਾਰਾ ਕੁਝ ਪ੍ਰਾਪਤ ਕਰ ਲੈਣਾ ਸਰਲ ਨਹੀਂ ਹੈ। ਇਸ ਪ੍ਰਕ੍ਰਿਆ ਨੂੰ ਸਪਸ਼ਟ ਕਰਨ ਲਈ ਕਬੀਰ ਜੀ ਨੇ ਹਾਥੀ ਅਤੇ ਤੰਗ ਦੁਆਰ ਦਾ ਰੂਪਕ

ਵਰਤਿਆ ਹੈ। ਰਾਈ ਦੇ ਦਸਵੇਂ ਹਿੱਸੇ ਜਿੰਨੇ ਤੰਗ ਦੁਆਰ ਤੋਂ ਹਾਥੀ ਦਾ ਲੰਘਣਾ ਸਰਲ ਨਹੀਂ ਹੈ। ਇਸੇ ਤਰ੍ਹਾਂ ਮੁਕਤੀ ਦੇ ਦੁਆਰ ਤੋਂ ਲੰਘਣ ਵਾਸਤੇ ਮਨ ਨੂੰ ਵਿਕਾਰਾਂ ਦੇ ਜਮਘਟ ਨੂੰ ਹਟਾਉਣਾ ਹੋਵੇਗਾ ਅਤੇ ਆਪਣੇ ਆਪ ਨੂੰ ਮਾੜੇ ਕਰਮਾਂ ਤੋਂ ਮੁਕਤ ਕਰਕੇ ਹੌਲਾ ਅਥਵਾ ਪਤਲਾ ਕਰਨਾ ਹੋਵੇਗਾ ਤਦ ਹੀ ਉਸ ਮਾਰਗ ਉਤੇ ਕਦਮ ਧਰੇ ਜਾ ਸਕਣਗੇ –

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਵੇਂ ਭਾਇ।
ਮਨੁ ਤਉ ਮੰਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ।

(ਆਦਿ ਗ੍ਰੰਥ, ਪੰਨਾ 1367)

ਮਾਨਸਿਕ ਵਿਕਾਰ ਹੀ ਮਨੁੱਖ ਨੂੰ ਗਲਤ ਮਾਰਗ ਉਪਰ ਪਾਉਂਦੇ ਹਨ। ਇਹੀ ਅਧਿਆਤਮਿਕ ਉਨਤੀ ਵਿਚ ਰੁਕਾਵਟ ਬਣਦੇ ਹਨ। ਇਹ ਵਿਕਾਰ ਮਾਇਆ ਦੀ ਇਕ ਤਰ੍ਹਾਂ ਦੀ ਸੰਤਾਨ ਹਨ। ਇਹ ਮਾਇਆਵੀ ਸੰਤਾਨ ਤੋਂ ਪਿੱਛਾ ਛੁਡਾਣਾ ਬਹੁਤ ਜ਼ਰੂਰੀ ਹੈ। ਮਨ ਦੇ ਪਵਿੱਤਰ ਹੋ ਜਾਣ ਨਾਲ ਰੁਚੀ ਤਮੋ ਗੁਣ ਤੋਂ ਸਤੋ ਗੁਣ ਵਲ ਵਿਕਾਸ ਕਰਦੀ ਹੈ। ਸਪਸ਼ਟ ਹੈ ਕਿ ਮੁਕਤੀ ਦੀ ਅਵਸਥਾ ਪ੍ਰਾਪਤ ਕਰਨਾ ਤਦ ਹੀ ਸੰਭਵ ਹੈ ਜੇ ਮਨ ਨੂੰ ਚੰਗੀ ਤਰ੍ਹਾਂ ਨਾਲ ਮਾਰ ਲਿਆ ਜਾਵੇ। ਮਨ ਦਾ ਮਾਰਨਾ ਮਨ ਨੂੰ ਕਾਬੂ ਕਰਨਾ ਹੈ। ਜਦੋਂ ਮਨ ਕਾਬੂ ਹੋ ਜਾਂਦਾ ਹੈ। ਭਰਮ ਮਿਟ ਜਾਂਦੇ ਹਨ, ਤਾਂ ਸੰਸਕਾਰ ਪ੍ਰਪੰਚ ਤੋਂ ਆਪਣੇ ਆਪ ਖਲਾਸੀ ਹੋ ਜਾਂਦੀ ਹੈ – 'ਮੁਕਤ ਭਏ ਬਿਨਸੈ ਭ੍ਰਮ ਥਾਂਟ।

ਮੁਕਤੀ ਲਈ ਦੇਹੀ ਸਮੇਤ ਮਰਨਾ ਜ਼ਰੂਰੀ ਨਹੀਂ ਹੈ। ਵਿਕਾਰਾਂ ਨੂੰ ਮਾਰਕੇ ਮਨ ਨੂੰ ਸਥਿਰ ਕਰਨਾ ਹੀ ਮੁਕਤੀ ਹੈ। ਹਰਿ ਨਾਮ ਵਿਚ ਮਗਨ ਹੋਣ ਨਾਲ ਨਾਮ-ਰੂਪਾਤਮਕ ਜਗਤ ਦੀਆਂ ਸੀਮਾਵਾਂ ਮਿਟ ਜਾਂਦੀਆਂ ਹਨ। ਜੀਉਂਦੇ ਜੀ ਹਰਿ ਭਗਤੀ ਦੁਆਰਾ ਆਪਣੀ ਹੋਂਦ ਦਾ ਅਹਿਸਾਸ ਖਤਮ ਹੋ ਜਾਂਦਾ ਹੈ। ਫਿਰ ਕਿਰਨ ਦੇ ਸੂਰਜ ਵਿਚ ਮਿਲਣ ਵਾਂਗ ਜਾਂ ਜਲ ਦੇ ਸਮੁੰਦਰ ਵਿਚ ਸਮਾਉਣ ਦੇ ਸਮਾਨ ਸਾਧਕ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ –

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ।
ਜਬ ਪ੍ਰਆਪਾ ਪਰ ਕਾ ਮਿਟਿ ਗਇਆ ਜਤੁ ਦੇਖਉ ਤਤ ਤੂ।

(ਆਦਿ ਗ੍ਰੰਥ ਪੰਨਾ 1375)

ਡਾ. ਗੋਬਿੰਦ ਤ੍ਰਿਗੁਣਾਇਤ ਨੇ ਦਸਿਆ ਹੈ ਕਿ ਕਬੀਰ ਜੀ ਦੀ ਮੁਕਤੀ ਸੰਬੰਧੀ ਧਾਰਨਾ ਬਹੁਤ ਕੁਝ ਮੌਲਿਕ ਹੈ। ਉਹ ਪੂਰਨ ਅਦ੍ਵੈਤਵਾਦੀ ਹੁੰਦੇ ਹੋਇਆ ਵੀ ਸੂਫੀਆ ਦੇ ਮਾਰੁੰਤ, ਜੈਨੀਆਂ ਦੇ ਦੁਖਾਂਤ, ਯੋਗੀਆਂ ਦੇ ਕੈਵਲਯ ਅਤੇ ਬੋਧੀਆਂ ਦੇ ਨਿਰਵਾਣ ਤੋਂ ਪ੍ਰਭਾਵਿਤ ਹਨ। ਅਦ੍ਵੈਤਵਾਦੀਆਂ ਦੇ ਸਮਾਨ ਉਹ ਮੋਖ ਅਥਵਾ ਮੁਕਤੀ ਨੂੰ ਆਨੰਦ ਦੀ ਅਵਸਥਾ ਮੰਨਦੇ ਹਨ। ਉਨ੍ਹਾਂ ਉਤੇ ਉਪਨਿਸ਼ਦਾਂ ਵਿਚ ਵਰਣਿਤ ਮੁਕਤੀ ਦਾ ਪ੍ਰਭਾਵ ਅਧਿਕ ਪਿਆ ਹੋਇਆ ਪ੍ਰਤੀਤ ਹੁੰਦਾ ਹੈ, ਬ੍ਰਹਮ ਸੂਤਰਾਂ ਦਾ ਘਟ। ਬ੍ਰਹਮ ਸੂਤ੍ਰ ਵਿਚ ਵਰਣਿਤ ਮੁਕਤ ਆਤਮਾ ਦੀ ਬ੍ਰਹਮ ਲੋਕ ਤਕ ਯਾਤ੍ਰਾ ਵਾਲੀ ਕਲਪਨਾ ਵੀ ਨਹੀਂ ਕੀਤੀ ਗਈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਕਬੀਰ ਦੀ ਮੁਕਤੀ ਸੰਬੰਧੀ ਧਾਰਨਾ ਮੌਲਿਕ ਹੈ।

ਕਬੀਰ ਜੀ ਨੇ ਮੁਕਤੀ ਜਾਂ ਭਗਤੀ ਸਾਧਨਾ ਵਿਚ ਸਰਬ ਉੱਚ ਅਵਸਥਾ ਪ੍ਰਾਪਤ ਕਰਨ ਲਈ ਗੁਰੂ ਦੇ ਮਾਰਗ-ਦਰਸ਼ਨ ਉਤੇ ਬਹੁਤ ਬਲ ਦਿੱਤਾ ਹੈ। ਗੁਰੂ ਸਿੱਖ ਜਾਂ ਸਾਧਕ ਲਈ ਮਹਾਨ ਉਪਕਾਰੀ ਸਾਧਨ ਹੈ –

'ਸਤਿਗੁਰ ਕੀਨੋ ਪਰਉਪਕਾਰੁ। ਕਾਢਿ ਲੀਨ ਸਾਗਰ ਸੰਸਾਰ।'

(ਆਦਿ ਗ੍ਰੰਥ ਪੰਨਾ 331)

ਦਰਅਸਲ, ਗੁਰੂ ਦੁਆਰਾ ਹੀ ਅਗਿਆਨ ਜਾਂ ਮਾਇਆ ਦਾ ਪ੍ਰਭਾਵ ਖ਼ਤਮ ਹੁੰਦਾ ਹੈ ਅਤੇ ਬ੍ਰਹਮ ਦਾ ਗਿਆਨ ਪ੍ਰਾਪਤ ਹੁੰਦਾ ਹੈ, ਪਰੰਤੂ ਕਬੀਰ ਜੀ ਨੇ ਸ੍ਰ ਕਿਹਾ ਹੈ ਕਿ ਇਹ ਹਰ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਪ੍ਰਭੂ ਅਥਵਾ ਗੁਰੂ ਦੀ ਕ੍ਰਿਪਾ ਦੀ ਲੋੜ ਹੈ। ਉਸ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੈ। ਗੁਰੂ ਅਸਲੋਂ ਅਧਿਆਤਮਿਕ ਜਗਤ ਦਾ ਚਾਨਣ ਮੁਨਾਰਾ ਹੈ –

ਜਿਸਹਿ ਬੁਝਾਏ ਸੋਈ ਬੁਝ ਬੁਝੈ ਬਿਨੁ ਬੂਝੇ ਕਿਉਂ ਰਹੀਐ।
ਸਤਿਗੁਰ ਮਿਲੈ ਅੰਧੇਰਾ ਚੂਕੇ ਇਨ ਬਿਧਿ ਮਾਣਕੁ ਲਹੀਐ (ਆਦਿ ਗ੍ਰੰਥ, ਪੰਨਾ 334)

ਗੁਰੂ ਦੇ ਪਥ-ਪ੍ਰਦਰਸ਼ਨ ਦੇ ਨਾਲ ਨਾਲ ਸਤਿ ਸੰਗਤ ਦੀ ਵੀ ਲੋੜ ਹੈ ਕਿਉਂਕਿ ਜਿਗਿਆਸੂ ਨੂੰ ਇਸ ਸੰਸਾਰ ਵਿਚ ਪੈਰ ਪੈਰ ਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਉਤੇ ਅਧਿਕਾਰ ਪ੍ਰਾਪਤ ਕਰਨ ਲਈ ਮਨ ਦੀ ਸ਼ੁੱਧੀ ਦੀ ਅਤਿਅੰਤ ਆਵਸ਼ਕਤਾ ਹੁੰਦੀ ਹੈ। ਇਸ ਸ਼ੁੱਧੀ ਲਈ ਕਬੀਰ ਜੀ ਨੇ ਸਤਿ ਸੰਗਤ ਨੂੰ ਮਹੱਤਵ ਦਿੱਤਾ ਹੈ। ਉਨ੍ਹਾਂ ਲਈ ਸਤਿ ਸੰਗਤਿ ਬੈਕੁੰਠ ਦੇ ਸਮਾਨ ਹੈ –

'ਰੂਕਹੁ ਕਬੀਰ ਇਹ ਕਹੀਐ ਕਾਹਿ। ਸਾਧ ਸੰਗਤਿ ਬੈਕੁੰਠ ਆਹਿ।'

ਸਾਧ ਸੰਗਤ ਵਿਚ ਕਬੀਰ ਜੀ ਨੇ ਜਿਸ ਅਧਿਆਤਮਿਕ ਪ੍ਰਕਾਰਜ ਵਲ ਸੰਕੇਤ ਕੀਤਾ ਹੈ ਉਹ ਹੈ ਨਾਮ-ਸਿਮਰਨ ਨਾਮ ਜਾਪ। ਇਹ ਜਪ ਕਿਹੋ ਜਿਹਾ ਹੋਵੇ। ਇਸ ਨੂੰ ਸਪਸ਼ਟ ਕਰਦਿਆਂ ਆਪ ਜੀ ਨੇ ਪੌਰਾਣਿਕ ਸੰਕੇਤਾਂ ਦੁਆਰਾ ਦੱਸਿਆ ਕਿ ਧ੍ਰੂਹ ਅਤੇ ਪ੍ਰਹਿਲਾਦ ਵਰਗਾ ਸਿਮਰਨ ਕਰਨਾ ਚਾਹੀਦਾ ਹੈ ਜਿਸ ਦੇ ਫਲਸਰੂਪ ਸਾਰਾ ਪਰਿਵਾਰ ਸੰਪਰਕ ਵਿਚ ਆਉਣ ਵਾਲੇ ਸਾਰੇ ਵਿਅਕਤੀ ਭਵਸਾਗਰ ਵਿਚੋਂ ਤਰ ਜਾਂਦੇ ਹਨ। ਧ੍ਰੂਹ ਪ੍ਰਹਿਲਾਦ ਜਪਿਓ ਹਰਿ ਜੈਸੇ।' ਸਿਮਰਨ ਇਸ ਲਈ ਵੀ ਜਰੂਰੀ ਹੈ ਕਿਉਂਕਿ ਇਸ ਦੇ ਅਭਾਵ ਵਿਚ ਸਾਰਾ ਸੰਸਾਰ ਡੁਬ ਰਿਹਾ ਹੈ ਕਬੀਰ ਜੀ ਨੇ ਨਾਮ-ਵਿਹੂਣਿਆਂ ਦੇ ਆਚਰਨ ਉਤੇ ਵੀ ਪ੍ਰਕਾਸ਼ ਪਾਇਆ ਹੈ । ਮੱਧ ਯੁੱਗ ਦੇ ਭਗਤ ਸਾਧਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਨਾਮ-ਸਿਮਰਨ ਨੂੰ ਮਹੱਤਵ ਦਿੱਤਾ ਹੈ। ਇਸ ਨੂੰ ਕਲਿਯੁਗ ਵਿਚ ਪਾਰ-ਉਤਾਰੇ ਲਈ ਆਧਾਰ ਮੰਨਿਆ ਗਿਆ ਹੈ। ਇਹ ਜਿਗਿਆਸੂ ਲਈ ਕਲਪ-ਤਰੂ ਦੀ ਭੂਮਿਕਾ ਨਿਭਾਉਂਦਾ ਹੈ, ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਕਰਦਾ ਹੈ। ਨਾਮ, ਅਸਲ ਵਿਚ, ਕਿਸੇ ਖਾਸ ਨਾਂ ਦਾ ਬਾਰ-ਬਾਰ ਰਟਣਾ ਨਹੀਂ, ਸਗੋਂ ਇਹ ਅਰ ਦੀ ਸਾਧਨਾ ਹੈ। ਈਸ਼ਵਰੀ ਕ੍ਰਿਪਾ ਦੁਆਰਾ ਇਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਵਿਚ ਲੀਨ ਹੋਇਆ ਮਨੁੱਖ ਇਸ ਸੰਸਾਰ ਵਿਚ ਵਸਦੇ ਹੋਇਆ ਸਦਾ ਨਿਰਲਿਪਤ ਰਹਿੰਦਾ ਹੈ, ਵਾਸਨਾਵਾ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਅਤੇ ਮਨੁੱਖ ਆਪਣੇ ਅਧਿਆਤਮਿਕ ਕਰਤੱਵ ਦੀ ਪਾਲਣਾ ਕਰਦਾ ਹੈ। ਕਬੀਰ ਜੀ ਨੇ ਉਸਨੂੰ ਹਰ ਪੱਖੋਂ ਸੁਖੀ ਦੱਸਿਆ ਹੈ :

'ਕਬੀਰ ਹਰਿ ਦਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ।'

ਜਿਸ ਸਥਾਨ ਉਤੇ ਹਰਿਨਾਮ ਦੀ ਅਰਾਧਨਾ ਹੁੰਦੀ ਹੈ ਉਹ ਬਹੁਤ ਪਵਿੱਤਰ ਹੈ। ਪਰੰਤੂ ਜਿਸ ਥਾਂ ਉੱਤੇ ਹਰਿ ਨਾਮ ਦਾ ਸਿਮਰਨ ਨਹੀਂ ਹੁੰਦਾ, ਓਹ ਥਾਂ ਅੱਗ ਲਗਣ ਯੋਗ ਹੈ, ਚਾਹੇ ਉਹ ਮਹੱਲ ਹੀ ਕਿਉਂ ਨਾਂ ਹੋਵੇ :

ਕਬੀਰ ਸੰਤਨ ਦੀ ਝੁੱਗੀਆ ਭਲੀ ਭਠਿ ਕੁਸਤੀ ਗਾਉ।
ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ। (ਆਦਿ ਗ੍ਰੰਥ, ਪੰਨਾ 1365)

ਨਾਮ ਸਿਮਰਨ ਤੋਂ ਇਲਾਵਾ ਕਬੀਰ ਜੀ ਨੇ ਹਰਿ-ਜਸ-ਕੀਰਤਨ, ਆਤਮ-ਨਿਵੇਦਨ ਆਦਿ ਅਨੇਕ ਸਾਧਨਾਂ ਉੱਤੇ ਪ੍ਰਕਾਸ਼ ਪਾਇਆ ਹੈ। ਸਾਰਿਆਂ ਕਾਰਜਾਂ ਤੋਂ ਬਾਦ ਵੀ ਕਬੀਰ ਜੀ ਕਿਸੇ ਪ੍ਰਕਾਰ ਦਾ ਕੋਈ ਹੱਕ ਨਹੀਂ ਜਤਾਉਂਦੇ। ਸਭ ਕੁਝ ਪ੍ਰਭੂ ਚਰਨਾ ਵਿਚ ਅਰਪਿਤ ਕਰਕੇ ਬੜੀ ਨਿਮਰਮਤਾ ਬੇਹਦ ਆਜਜ਼ੀ ਨਾਲ ਨਿਮਰਤਾ ਕਹਿ ਦਿੰਦੇ ਹਨ –

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ। (ਆਦਿ ਗ੍ਰੰਥ, ਪੰਨਾ : 1375)

ਸੰਖੇਪ ਵਿਚ ਕਬੀਰ ਜੀ ਨੇ ਉਸ ਵਕਤ ਦੀ ਜਨਤਾ ਦੀ ਨਬਜ਼ ਨੂੰ ਵੇਖਿਆ ਅਤੇ ਇਹ ਵੀ ਵੇਖਿਆ ਕਿ ਧਰਮਾਚਾਰ ਅਤੇ ਕਰਮ-ਕਾਂਡ ਸਾਧਾਰਨ ਜਨਤਾ ਕਿਤਨੇ ਬਹਿਕਾਵੇ ਦੇ ਕੇ ਅਸਲੀ ਮਾਰਗ ਤੋਂ ਖੁੰਝਾ ਕੇ ਆਪਣੇ ਕੰਮ ਸੰਵਾਰਨ ਦੇ ਚੱਕਰ ਵਿਚ ਲੱਗੇ ਹੋਏ ਹਨ। ਕਬੀਰ ਜੀ ਨੇ ਜਨਤਾ ਨੂੰ ਇਸ ਅਧਿਆਤਮਿਕ ਸੰਕਟ ਤੋਂ ਮੁਕਤ ਕਰਨ ਲਈ ਦੋ ਰਾਹ ਅਪਣਾਏ। ਪਹਿਲਾਂ, ਪਾਖੰਡੀਆਂ ਅਤੇ ਕੁਰਾਹੇ ਪਏ ਧਰਮ ਆਗੂਆਂ ਦਾ ਪਰਦਾਫਾਸ਼ ਕੀਤਾ ਅਤੇ ਤਰਕ ਨਾਲ ਉਨ੍ਹਾਂ ਦੀਆਂ ਵਿਧੀਆਂ ਦਾ ਖੰਡਨ ਕੀਤਾ ਅਤੇ ਦੂਜਾ, ਉਨ੍ਹਾਂ ਨੇ ਜਨਤਾ ਨੂੰ ਨਿਰਾਕਾਰ ਬ੍ਰਹਮ ਵਿਚ ਮਗਨ ਹੋ ਕੇ ਅਤੇ ਸੰਸਾਰਕਤਾ ਨਾਲੋਂ ਮੋਹ ਤੋੜ ਕੇ ਹਰਿ-ਪ੍ਰਾਪਤੀ ਦੇ ਪਥ ਉੱਤੇ ਅੱਗੇ ਵਧਣ ਲਈ ਹੱਲਾਸ਼ੇਰੀ ਦਿੱਤੀ।

## ਅਭਿਆਸ ਲਈ ਪ੍ਰਸ਼ਨ

1. ਕਬੀਰ ਦੇ ਅਧਿਆਤਮਕ ਅਨੁਭਵ ਸੰਬੰਧੀ ਚਰਚਾ ਕਰੋ।
2. ਕੀ ਕਬੀਰ ਦਾ ਅਧਿਆਤਮਕ ਅਨੁਭਵ ਸੂਫੀਆਂ ਵਾਂਗ ਹੈ ਜਾਂ ਵੱਖਰਾ ਹੈ ਸਪੱਸ਼ਟ ਕਰੋ।
3. ਕਬੀਰ ਰਚਨਾ ਵਿਚ ਬ੍ਰਹਮ ਅਤੇ ਮੁਕਤੀ ਦਾ ਕੀ ਸਰੂਪ ਪੇਸ਼ ਹੋਇਆ ਹੈ, ਚਰਚਾ ਕਰੋ।

ਪਾਠ ਨੰਬਰ : 1.5

## ਕਬੀਰ ਰਚਨਾ ਦੀ ਕਾਵਿ-ਕਲਾ

ਸੰਤ ਕਬੀਰ ਇਕ ਧਰਮ ਸਾਧਕ ਸਨ, ਕਵਿਤਾ ਨੂੰ ਉਨ੍ਹਾਂ ਨੇ ਆਪਣੀ ਭਾਵ ਅਭਿਵਿਅਕਤੀ ਦੇ ਸਾਧਨ ਵਜੋਂ ਵਰਤਿਆ ਸੀ, ਇਸ ਲਈ ਉਨ੍ਹਾਂ ਦੀ ਬਾਣੀ ਨੂੰ ਕਾਵਿ ਦੇ ਮਾਪ-ਦੰਡਾਂ ਅਨੁਸਾਰ ਪਰਖਣਾ ਇਕ ਅਨੁਚਿਤ ਚੇਸ਼ਟਾ ਹੈ। ਇਹੀ ਕਾਰਨ ਹੈ ਕਿ ਇਹ ਮਸਲਾ ਵਿਦਵਾਨਾਂ ਦੇ ਵਾਦ-ਵਿਵਾਦ ਦਾ ਬੜੇ ਲੰਬੇ ਸਮੇਂ ਤੋਂ ਵਿਸ਼ਾ ਰਿਹਾ ਹੈ ਅਤੇ ਕਈ ਵਿਦਵਾਨਾਂ ਨੇ ਯਤਨ-ਪੂਰਵਕ ਉਨ੍ਹਾਂ ਦੀ ਬਾਣੀ ਵਿਚ ਕਾਵਿ-ਤੱਤ ਲਭਣ ਅਤੇ ਉਨ੍ਹਾਂ ਨੂੰ ਕਾਵਿ-ਮਾਨ ਦੰਡਾਂ ਉਤੇ ਪਰਖਣ ਦਾ ਉਦਮ ਵੀ ਕੀਤਾ ਹੈ। ਅਸਲ ਵਿਚ ਵਿਦਵਾਨਾਂ ਦੇ ਦੋਵੇਂ ਪੱਖ ਆਪਣੇ ਆਪਣੇ ਢੰਗ ਨਾਲ ਸੋਚੇ ਹਨ। ਉਨ੍ਹਾਂ ਦੀਆਂ ਮਹਾਨਤਾਵਾਂ ਦੀ ਆਪਣੀ-ਆਪਣੀ ਪ੍ਰਸੰਗਿਕਤਾ ਹੈ।

ਸੰਤ ਕਬੀਰ ਦੀ ਬਾਣੀ ਦੇ ਸੰਕਲਨ ਤਾ ਭਾਵੇਂ ਕਈ ਮਿਲ ਜਾਂਦੇ ਹਨ ਪਰੰਤੂ ਉਨ੍ਹਾਂ ਦੀ ਬਾਣੀ ਦਾ ਸਭ ਤੋਂ ਮਹੱਤਵਪੂਰਨ ਅਤੇ ਪ੍ਰਮਾਣਿਕ ਸੰਕਲਨ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਸ ਗ੍ਰੰਥ ਵਿਚਲੀ ਕਬੀਰ ਬਾਣੀ ਦੀ ਰਚਨਾ-ਕ੍ਰਮ ਇਸ ਤਰ੍ਹਾਂ ਹੈ-

ਸਿਰੀ ਰਾਗ (2 ਸ਼ਬਦ), ਗਉੜੀ (74 ਸ਼ਬਦ-1, ਅਸ਼ਟਪਦੀ ਸਹਿਤ, ਬਾਵਨ ਆਖਰੀ-45 ਪਦ, ਥਿਤੀ-16 ਪਦ ਅਤੇ ਸਤਵਾਰ-8 ਪਦ), ਆਸਾ (37 ਸ਼ਬਦ), ਗੁਜਰੀ (2 ਸ਼ਬਦ), ਸੋਰਠ (11 ਸ਼ਬਦ), ਧਨਾਸਰੀ (5 ਸ਼ਬਦ), ਤਿਲੰਗ (1 ਸ਼ਬਦ), ਸੂਹੀ (5 ਸ਼ਬਦ), ਬਿਲਾਵਲ (12 ਸ਼ਬਦ), ਗੋਂਡ (11 ਸ਼ਬਦ), ਰਾਮਕਲੀ (12 ਸ਼ਬਦ) ਮਾਰੂ (12 ਸ਼ਬਦ, ਨਾਮਦੇਵ ਅਤੇ ਜੈਦੇਵ ਦੇ ਪ੍ਰਕਰਣਾ ਸਹਿਤ), ਕੇਦਾਰਾ (6 ਸ਼ਬਦ), ਭੈਰਉ (19 ਸ਼ਬਦ 17 ਚਉਪਦੇ + 2 ਅਸ਼ਟਪਦੀਆਂ), ਬਸੰਤ (8 ਸ਼ਬਦ), ਸਾਰੰਗ (3 ਸ਼ਬਦ), ਪ੍ਰਭਾਤੀ (5 ਸ਼ਬਦ),

ਸੰਤ ਕਬੀਰ ਜੀ ਦੇ 238 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਆਖੀਰ ਉਤੇ ਗੁਰੂ ਗ੍ਰੰਥ ਸਾਹਿਬ ਵਿਚ ਸੰਖਿਆ ਅੰਕ 243 ਦਿੱਤਾ ਹੋਇਆ ਹੈ। ਇਸ ਸੰਬੰਧੀ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਲੋਕਾਂ ਵਿਚ ਇਕ ਗੁਰੂ ਨਾਨਕ ਜੀ ਦਾ ਸ਼ਲੋਕ (ਅੰਕ 220) ਹੈ ਅਤੇ ਪੰਜ ਗੁਰੂ ਅਰਜਨ ਦੇਵ ਜੀ ਦੇ ਹਨ, ਜਿਵੇਂ ਅੰਕ 209, 210, 211, 214 ਅਤੇ 221 ਹਨ। ਇਨ੍ਹਾਂ ਨੂੰ ਕੁੱਲ ਗਿਣਤੀ (243-237) ਵਿਚ ਕੱਢਣ ਨਾਲ ਬਾਕੀ 237 ਸਲੋਕ ਰਹਿ ਜਾਂਦੇ ਹਨ, ਇਨ੍ਹਾਂ ਤੋਂ ਇਲਾਵਾ ਇਕ ਸਲੋਕ ਗਉੜੀ ਰਾਗ ਵਿਚਲੀ ਥਿਤੀ ਵਿਚ ਵੀ ਆਇਆ ਹੈ। ਇਸ ਤਰ੍ਹਾਂ ਸੰਤ ਕਬੀਰ ਜੀ ਦੇ ਸਲੋਕਾਂ ਦੀ ਕੁਲ ਗਿਣਤੀ 238 ਬੈਠਦੀ ਹੈ। ਧਿਆਨ ਰਹੇ ਕਿ ਗੂਜਰੀ ਦੀ ਵਾਰ ਮ. 3 ਵਿਚ, ਇਕ ਸਲੋਕ ਬਿਹਾਗੜਾ ਦੀ ਵਾਰ ਮ. 4 ਵਿਚ ਇਕ ਸ਼ਲੋਕ ਅਤੇ ਰਾਮਕਲੀ ਦੀ ਵਾਰ ਮ. 3 ਵਿਚ ਦੋ ਸਲੋਕ ਕਬੀਰ ਜੀ ਦੇ ਆਏ ਹਨ ਪਰੰਤੂ ਇਹ ਚਾਰੇ ਸ਼ਲੋਕ ਉਪਰੋਕਤ ਸਲੋਕ ਪ੍ਰਕਰਣ ਵਿਚ ਕ੍ਰਮਾਂਕ 29, 33, 58 ਅਤੇ 65 ਉਤੇ ਦਰਜ ਹਨ। ਇਸ ਲਈ ਉਨ੍ਹਾਂ ਦੀ ਵੱਖਰੀ ਗਿਣਤੀ ਨਹੀਂ ਹੋ ਸਕਦੀ।

ਸਿਰੀ ਰਾਗ ਦੇ ਪਹਿਲੇ ਸ਼ਬਦ ਦੇ ਆਰੰਭ ਵਿਚ 'ਏਨ ਸੁਆਨ ਕੈ ਘਰਿ ਗਾਵਣਾ' ਉਕਤੀ ਲਿਖੀ ਹੈ। ਇਹ ਸੰਪਾਦਨ ਵੇਲੇ ਸ੍ਰੀ ਗੁਰੂ ਅਰਜਨ ਜੀ ਦੁਆਰਾ ਲਿਖੀ ਪ੍ਰਤੀਤ ਹੁੰਦੀ ਹੈ। ਇਸ ਵਿਚ ਤਿੰਨ ਪਦਿਆਂ ਤੋਂ ਇਲਾਵਾ ਦੋ ਤੁਕਾਂ ਦਾ 'ਰਹਾਉ' ਵੀ ਹੈ। ਇਸੇ ਰਾਗ ਦੇ ਦੂਜੇ ਸ਼ਬਦ ਨਾਲ ਚਾਰ ਪਦੇ ਹਨ ਅਤੇ ਦੋ ਤੁਕਾਂ ਦਾ ਰਹਾਉ ਹੈ। ਗਉੜੀ ਰਾਗ ਦੇ 74 ਸ਼ਬਦਾਂ ਦੇ ਆਰੰਭ ਵਿਚ 'ਚਉਪਦੇ' ਉਪ-ਸਿਰਲੇਖ ਦਿੱਤਾ ਹੈ, ਪਰੰਤੂ 35ਵੇਂ ਸ਼ਬਦ ਤੋਂ ਬਾਦ ਅਤੇ 36ਵੇਂ ਸ਼ਬਦ ਤੋਂ ਪਹਿਲਾਂ ਅਸ਼ਟਪਦੀ ਉਪ-ਸਿਰਲੇਖ ਅੰਕਿਤ ਹੈ। ਇਸ ਵਿਚ ਕੁੱਲ 9 ਪਦੇ ਹਨ। ਚਉਪਦੇ ਉਪ-ਸਿਰਲੇਖ ਵਾਲੇ ਬਾਕੀ 73 ਪਦਿਆਂ ਵਿਚ ਕੁਝ ਤ੍ਰਿਪਦੇ, ਕੁਝ ਚਉਪਦੇ ਅਤੇ ਕੁਝ ਪੰਚਪਦੇ ਹਨ। ਰਹਾਉ ਦੀਆਂ ਤੁਕਾਂ ਲਗਭਗ ਸਭ ਨਾਲ ਹਨ। ਇਨ੍ਹਾਂ ਵਿਚ ਪਦਿਆਂ ਅਥਵਾ ਪਦਿਆਂ ਵਿਚ ਤੁਕਾਂ ਦੀ ਗਿਣਤੀ ਵਿਚ ਸਮਾਨਤਾ ਜਾਂ ਗਿਣਤੀ ਸੰਬੰਧੀ ਕੋਈ ਸਪਸ਼ਟ ਨਿਯਮ ਨਹੀਂ ਅਪਣਾਇਆ ਗਿਆ। ਕਬੀਰ ਜੀ ਵਰਗੇ ਮਸਤ ਮੌਲਾ ਸਾਧਕ ਦੀ ਆਪਣੀ ਹੀ ਚਾਲ ਹੈ।

ਆਸਾ ਰਾਗ ਵਿਚਲੇ 37 ਸ਼ਬਦਾਂ ਤੋਂ ਪਹਿਲਾਂ ਭਾਵੇਂ ਚਉਪਦੇ ਉਪ ਸਿਰਲੇਖ ਨਹੀਂ ਦਿੱਤਾ ਹੈ, ਪਰੰਤੂ ਇਨ੍ਹਾਂ ਦਾ ਸਰੂਪ ਚਉਪਦਿਆਂ ਦੇ ਰਚਨਾ-ਵਿਧਾਨ ਨਾਲ ਮੇਲ ਖਾਂਦਾ ਹੈ। ਇਨ੍ਹਾਂ ਵਿਚੋਂ ਕੁਝ ਵਿਚ ਤਿੰਨ ਤਿੰਨ, ਕੁਝ ਵਿਚ ਚਾਰ ਚਾਰ ਅਤੇ ਕੁਝ ਵਿਚ ਪੰਜ ਪੰਜ ਪਦੇ ਹਨ। 'ਰਹਾਉ' ਦੀਆਂ ਤੁਕਾਂ ਇਨ੍ਹਾਂ ਪਦਿਆਂ ਤੋਂ ਵਾਧੂ ਹਨ ਬਾਕੀ ਰਾਗਾਂ ਵਿਚ ਦਰਜ ਹੋਏ ਸ਼ਬਦਾਂ ਦਾ ਰਚਨਾ-ਵਿਧਾਨ ਚਉਪਦਿਆਂ ਦੇ ਸਰੂਪ ਨਾਲ ਮੇਲ ਖਾਂਦਾ ਹੈ, ਪਰੰਤੂ ਭੈਰਉ ਰਾਗ ਵਿਚਲੇ ਦੋ ਸ਼ਬਦ ਅਸ਼ਟਪਦੀ ਦੇ ਤੋਲ ਵਾਲੇ ਹਨ।

ਸਲੋਕਾਂ ਦਾ ਰੂਪਾਕਾਰ ਦੋਹਰਿਆਂ ਵਾਲਾ ਹੈ। ਦੋ ਦੋ ਤੁਕਾਂ ਦੇ ਇਨ੍ਹਾਂ ਸਲੋਕਾਂ ਨੂੰ ਕਬੀਰ ਗ੍ਰੰਥਾਵਲੀ ਅਤੇ 'ਬੀਜਕ' ਵਿਚ 'ਸਾਖੀਆਂ' ਕਰ ਕੇ ਲਿਖਿਆ ਹੈ। ਨਾਥ-ਪੰਥੀਆਂ ਅਤੇ ਨਿਰਗੁਣਵਾਦੀ ਸੰਤ ਸਾਧਕਾਂ ਨੇ ਵੈਰਾਗ, ਨੀਤੀ, ਗਿਆਨ ਅਤੇ ਮਾਨਵ-ਏਕਤਾ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਸਾਖੀਆਂ ਅਥਕਾ ਸਲੋਕਾਂ ਦੀ ਰਚਨਾ ਕੀਤੀ ਸੀ। ਇਨ੍ਹਾਂ ਨੂੰ 'ਸਾਖੀ' ਨਾਂ ਇਸ ਲਈ ਦਿੱਤਾ ਜਾਂਦਾ ਹੈ ਕਿਉਂਕਿ ਇਸ ਵਿਚ ਸਾਧਕ ਆਪਣੇ ਸਵੈ ਅਨੁਭੂਤ ਅਨੁਭਵ ਨੂੰ ਜਿਗਿਆਸੂਆਂ ਨਾਲ ਸਾਂਝਾ ਕਰਦੇ ਸਨ। ਇਸ ਲਈ ਇਹ ਸੰਖਿਪਤ ਕਥਨ ਉਨ੍ਹਾਂ ਅਨੁਭਵਾਂ ਦੀ ਗਵਾਹੀ ਪੇਸ਼ ਕਰਨ ਕਰਕੇ ਸਾਖੀ ਕਹੇ ਜਾਣ ਲਗੇ। ਕਬੀਰ ਜੀ ਨੇ ਆਪਣੇ ਨੈਤਿਕ ਵਿਚਾਰਾਂ ਅਤੇ ਸਮਾਜਕ ਮਾਨਤਾਵਾਂ ਨੂੰ ਬੜੀ ਸਪੱਸ਼ਟ ਪਰ ਸੰਖੇਪ ਸ਼ੈਲੀ ਵਿਚ ਪੇਸ਼ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੰਤ ਕਬੀਰ ਜੀ ਦੀ ਬਾਣੀ ਵਿਚ ਮੁੱਖ ਤੌਰ ਤੇ ਦੋ ਕਾਵਿ-ਰੂਪ ਸ਼ਬਦ ਅਤੇ ਸਲੋਕ ਵਰਤੇ ਗਏ ਹਨ। ਰਹਾਉ ਸ਼ਬਦ ਗਾਏ ਜਾਣ ਯੋਗ ਸ਼ਬਦਾਂ ਲਈ ਵਰਤਿਆ ਗਿਆ ਹੈ। ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਚਉਪਦਾ ਅਥਵਾ ਅਸ਼ਟਪਦੀ ਸਿਰਲੇਖ ਅਧੀਨ ਰਖਿਆ ਹੈ। ਇਨ੍ਹਾਂ ਵਿਚ ਕਬੀਰ ਜੀ ਨੇ ਆਪਣੇ ਅਧਿਆਤਮਿਕ ਅਤੇ ਰਹੱਸਵਾਦੀ ਅਨੁਭਵ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਵਿਚ ਹੀ ਕਬੀਰ ਜੀ ਦੀ ਸਾਧਨਾ ਦਾ ਦਾਰਸ਼ਨਿਕ ਪੱਖ ਵੀ ਸਪੱਸ਼ਟ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਹਰ ਸ਼ਬਦ ਨੂੰ ਗ੍ਰੰਥ ਸਾਹਿਬ ਦੀ ਸੰਪਾਦਨ ਤਕਨੀਕ ਅਨੁਸਾਰ ਅਨੁਸ਼ਾਸਿਤ ਕੀਤਾ ਹੈ। ਇਨ੍ਹਾਂ ਵਿਚ ਇਕ ਜਾਂ ਦੋ ਤੁਕਾਂ ਦੇ 'ਰਹਾਉ' ਵੀ ਸ਼ਾਮਲ ਹਨ। ਇਨ੍ਹਾਂ ਵਿਚ ਆਮ ਤੌਰ ਤੇ ਸ਼ਬਦ ਦਾ ਕੇਂਦਰੀ ਭਾਵ ਸਮੇਟਿਆ ਹੁੰਦਾ ਹੈ। ਹਿੰਦੀ ਸਾਹਿਤ ਵਿਚ ਇਸ ਨੂੰ 'ਟੇਕ' ਕਿਹਾ ਜਾਂਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਨਾਥ ਸਾਹਿਤ ਵਿਚ 'ਸ਼ਬਦ' ਕਾਵਿ-ਰੂਪ ਦੀ ਵਰਤੋਂ ਹੋਈ ਹੈ, ਪਰੰਤੂ ਸਰੂਪ, ਭਾਵਨਾਂ ਅਤੇ ਉਦੇਸ਼ ਦੀ ਦ੍ਰਿਸ਼ਟੀ ਤੋਂ ਸੰਤਾਂ ਦੇ ਸ਼ਬਦ ਭਿੰਨ ਹਨ।

ਕਬੀਰ ਜੀ ਨੇ ਦੂਜਾ ਛੰਦ-ਗਤ ਕਾਵਿ-ਰੂਪ ਸਲੋਕ ਵਰਤਿਆ ਹੈ। ਇਨ੍ਹਾਂ ਵਿਚ ਸਮੇਂ-ਸਮੇਂ ਹੋਏ ਕਬੀਰ ਜੀ ਦੇ ਅਨੁਭਵ ਸਮਾਜਿਕ ਤੰਗ ਨਜਰੀਏ ਤੋਂ ਪੈਦਾ ਹੋਇਆ ਆਕ੍ਰੋਸ਼, ਧਾਰਮਕ ਅਨੁਸਠਾਨਾਂ ਦੇ ਪਾਖੰਡਾਂ ਪ੍ਰਤਿ ਤ੍ਰਿਸਕਾਰ ਦੀ ਭਾਵਨਾਂ ਪ੍ਰਗਟਾਈ ਗਈ ਹੈ। ਇਹ ਕਿਉਂਕਿ ਕਬੀਰ ਜੀ ਦੇ ਅਨੁਭਵਾਂ ਅਤੇ ਚੌਗਿਰਦੇ ਵਿਚ ਵਾਪਰੀਆਂ ਘਟਨਾਵਾਂ ਨੂੰ ਚਿਤਰਦੇ ਹਨ, ਇਸ ਲਈ ਇਨ੍ਹਾਂ ਨੂੰ 'ਸਾਖੀ' ਵੀ ਕਿਹਾ ਜਾ ਜਾਂਦਾ ਹੈ।

ਸੰਤ ਕਬੀਰ ਦੀ ਕਾਵਿ ਸਾਧਨਾ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਉਨ੍ਹਾਂ ਨੇ ਕਿਸੇ ਪ੍ਰਕਾਰ ਦੀ ਛੰਦ-ਕੈਦ ਜਾਂ ਲੱਛਣ-ਸੀਮਾ ਦੀ ਪਰਵਾਹ ਨਹੀਂ ਕੀਤੀ। ਉਨ੍ਹਾਂ ਨੇ ਜੋ ਕੁਝ ਕਿਹਾ ਲੋਕ ਹਿਤ ਲਈ ਕਿਹਾ। ਸ਼ਬਦਾਂ ਜਾਂ ਸਲੋਕਾਂ ਨੂੰ ਆਪਣੇ ਉਪਦੇਸ਼ ਦਾ ਸਾਧਨ ਬਣਾਇਆ। ਇਸ ਲਈ ਉਪਦੇਸ਼-ਸਿੱਧੀ ਉਨ੍ਹਾਂ ਦਾ ਮੁੱਖ ਕਾਵਿ ਪ੍ਰਯੋਜਨ ਸੀ ਅਤੇ ਕਾਵਿ-ਕਲਾ ਦੀ ਸਥਿਤੀ ਗੌਣ ਸੀ। ਫਿਰ ਵੀ ਕਾਵਿ-ਗੁਣਾਂ ਦੀ ਕਬੀਰ ਬਾਣੀ ਵਿਚ ਘਾਟ ਨਹੀਂ ਹੈ

ਸੰਤ ਕਬੀਰ ਨੇ ਦੋ ਛੰਦ-ਗਤ ਕਾਵਿ ਰੂਪਾਂ ਤੋਂ ਇਲਾਵਾ ਤਿੰਨ ਸੁਤੰਤਰ ਸਿਰਲੇਖਾਂ ਵਾਲੀਆਂ ਵੱਡੀਆਂ ਬਾਣੀਆਂ ਦੀ ਰਚਨਾ ਕੀਤੀ ਹੈ ਜਿਵੇਂ 'ਬਾਵਨ ਅਖਰੀ', 'ਥਿਤੀ' ਅਤੇ 'ਵਾਰ ਸਤ'। ਇਹ ਤਿੰਨੇ ਗਉੜੀ ਰਾਗ ਵਿਚ ਸੰਕਲਿਤ ਹਨ। 'ਬਾਵਨ ਅਖਰੀ' ਤਿੰਨਾਂ ਵਿਚੋਂ ਅਧਿਕ ਵੱਡੀ ਹੈ। ਇਸ ਵਿਚ ਕੁਲ 45 ਪਦੇ ਹਨ। ਆਮ ਤੌਰ ਤੇ ਰਹਾਉ ਦੇ ਅਖੀਰ ਵਿਚ ਦੇਵਨਾਗਰੀ ਵਰਣ-ਕ੍ਰਮ ਅਨੁਸਾਰ ਮਾਤ੍ਰਾਵਾਂ ਅਤੇ ਅੱਖਰਾਂ ਦੀ ਅਧਿਆਤਮਿਕ ਪਿਛੋਕੜ ਅਤੇ ਸੰਦਰਭ ਸਹਿਤ ਵਿਆਖਿਆ ਕੀਤੀ ਜਾਂਦੀ ਹੈ। ਇਸ ਬਾਣੀ ਵਿਚ 'ਕ' ਤੋਂ ਲੈ ਕੇ ਅਖੀਰ ਤਕ ਦਾ ਕ੍ਰਮ ਗੁਰਮੁਖੀ ਅਤੇ ਦੇਵਨਾਗਰੀ ਲਿਪੀਆਂ ਦੇ ਅਨੁਸਾਰ ਹੈ ਪਰੰਤੂ ਇਸ ਤੋਂ ਸ.ਖ.ਸ.ਹ ਅਤੇ ਖ ਅੱਖਰ ਆਏ ਹਨ। ਇਹ ਦੇਵਨਾਗਰੀ ਦੇ ਵਰਣ ਕ੍ਰਮ (ਸ਼ਏ ਣਏ ਸਏ ह ਅਤੇ ਦੇ ਕ्ष) ਦੀ ਪਰੰਪਰਾ ਵਿਚ ਹਨ ਕਿਉਂਕਿ ਗੁਰਮੁਖੀ ਵਿਚ ਇਨ੍ਹਾਂ ਦਾ ਉਚਾਰਨ ਕੇਵਲ 'ਸ' ਅਤੇ 'ਹ' ਨਾਲ ਸਾਰ ਲਿਆ ਜਾਂਦਾ ਹੈ ਅਤੇ ਇਹ 'ਕ' ਅੱਖਰ ਤੋਂ ਪਹਿਲਾਂ ਆਉਂਦੇ ਹਨ। ਦੇਵਨਾਗਰੀ ਦੀਆਂ 16 ਮਾਤ੍ਰਾਵਾਂ ਅਤੇ ਦੋ ਸੰਯੁਕਤ ਅੱਖਰ (त्र ਅਤੇ ज्ञ) ਨਾਲ ਸੰਬੰਧਿਤ ਕੋਈ ਵੀ ਪਦ ਇਸ ਬਾਣੀ ਵਿਚ ਨਹੀਂ ਲਿਖਿਆ ਹੋਇਆ। ਇਸ ਤਰ੍ਹਾਂ ਇਸ ਬਾਣੀ ਵਿਚ ਕੁਲ 34 ਅੱਖਰਾਂ ਨਾਲ ਸੰਬੰਧਿਤ ਪਦੇ ਦਰਜ ਹਨ। ਫਲਸਰੂਪ ਅੱਖਰਾਂ ਦੀ ਗਿਣਤੀ ਵਜੋਂ ਇਹ ਰਚਨਾ 'ਚੌਤੀਸਾ' ਦੀ ਸੀਮਾ ਦੇ ਨੇੜੇ ਬੈਠਦੀ ਹੈ। ਪ੍ਰਤੀਤ ਹੁੰਦਾ ਹੈ ਕਿ ਇਸ ਦਾ ਇਹ ਨਾਂ 'ਬਾਵਨ-ਅੱਖਰੀ' ('ਬਾਵਨ ਅਖਰ ਜੇਰੇ ਆਨਿ। ਸਕਿਆ ਨ ਅਖਰੁ ਏਕ ਪਛਾਨਿ') ਕੇਵਲ ਕਿਸੇ ਪ੍ਰਚਲਿਤ ਅਤੇ ਰੂੜ੍ਹ ਪਰੰਪਰਾ ਅਨੁਸਾਰ ਰੱਖਿਆ ਗਿਆ ਹੈ।

'ਕਬੀਰ ਬੀਜਕ' ਵਿਚ ਇਕ ਬਾਣੀ ਦਾ ਨਾ 'ਚੌਤੀਸਾ' ਰੱਖਿਆ ਗਿਆ ਹੈ। ਪ੍ਰਾਪਤ ਸਾਹਿਤ ਅਨੁਸਾਰ ਕਬੀਰ ਤੋਂ ਪਹਿਲਾਂ ਗੋਰਖਨਾਥ ਦੇ ਨਾਂ ਤੇ ਇਕ ਚੌਤੀਸਾ ਲਿਖਿਆ ਮਿਲਦਾ ਹੈ। 'ਬੀਜਕ' ਵਿਚ ਦਰਜ ਚੌਤੀਸੇ ਅਤੇ ਵਿਚਾਰਾਧੀਨ ਚੌਤੀਸੇ ਦੀਆਂ ਬਹੁਤ ਸਾਰੀਆਂ ਤੁਕਾਂ ਮੇਲ ਖਾਂਦੀਆਂ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਇਕੋ ਰਚਨਾ ਵੱਖ-ਵੱਖ ਖੇਤਰਾਂ ਅਤੇ ਪ੍ਰਚਾਰ ਕੇਂਦਰਾਂ ਵਿਚ ਵੱਖ-ਵੱਖ ਲਿਖਾਰੀਆਂ ਅਤੇ ਪ੍ਰਚਾਰਕਾਂ ਦੇ ਹੱਥ ਚੜ੍ਹ ਕੇ ਵੱਖਰੇ-ਵੱਖਰੇ ਨਾਵਾਂ ਅਧੀਨ ਵਾਧਿਆ ਘਾਟਿਆਂ ਅਤੇ ਰਲਿਆਂ ਨਾਲ ਪ੍ਰਚਲਿਤ ਹੋ ਗਈ ਹੈ। ਇਸ ਦੇ ਕੁਲ 45 ਪਦਿਆਂ ਵਿਚੋਂ ਨੌ ਪਦੇ ਦੋ-ਦੋ ਤੁਕਾਂ ਦੇ ਹਨ, 35 ਚਾਰ ਚਾਰ ਤੁਕਾਂ ਦੇ ਅਤੇ ਆਖੀਰਲਾ ਅੱਠ ਤੁਕਾਂ ਦਾ ਹੈ। ਇਨ੍ਹਾਂ ਵਿਚੋਂ ਪੰਜ ਪਦੇ ਭੂਮਿਕਾ ਵਜੋਂ ਹਨ ਅਤੇ ਛੇਵੇਂ ਵਿਚ ਓਅੰਕਾਰ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਕ੍ਰਮਾਂਕ 31.32

ਅਤੇ 33 ਉੱਤੇ ਆਏ ਤਿੰਨ ਪਦਿਆਂ ਵਿਚ 'ਮ' ਅੱਖਰ ਦੀ ਵਿਆਖਿਆ ਹੋਈ ਹੈ। 'ਹ' ਅੱਖਰ ਲਈ ਵੀ ਦੋ ਪਦੇ ਰਚੇ ਗਏ ਹਨ। ਇਹ ਰਚਨਾ ਭਾਵੇਂ ਸਾਧੂਕੜੀ ਭਾਸ਼ਾ ਵਿਚ ਲਿਖੀ ਹੈ ਪਰੰਤੂ ਵਰਣਾਂ ਦਾ ਉਚਾਰਨ ਗੁਰਮੁਖੀ ਲਿਪੀ ਅਨੁਸਾਰ ਹੋਇਆ ਹੈ। 'ਕਬੀਰ ਗ੍ਰੰਥਾਵਲੀ' ਵਿਚ ਵੀ ਉਚਾਰਨ ਦਾ ਇਹੀ ਰੂਪ ਹੈ। ਦੋ ਤੁਕਾਂ ਵਾਲੇ ਪਦਿਆਂ ਵਿਚ ਦੋਹਰੇ ਅਤੇ ਚਾਰ ਤੁਕਾਂ ਵਾਲੇ ਪਦਿਆਂ ਵਿਚ ਚੌਪਈ ਛੰਦਾਂ ਦੇ ਲੱਛਣਾਂ ਦੀ ਕੁਝ ਕੁ ਅਨੁਸਾਰਤਾ ਵੇਖੀ ਜਾ ਸਕਦੀ ਹੈ।

ਕਬੀਰ ਬਾਣੀ ਵਿਚ ਦੂਜੀ ਸੁਤੰਤਰ ਰਚਨਾ 'ਥਿਤੀ' ਨਾਂ ਅਧੀਨ ਗਉੜੀ ਰਾਗ ਵਿਚ ਦਰਜ ਹੋਈ ਹੈ। ਇਸ ਦਾ ਰਚਨਾ-ਵਿਧਾਨ ਚੰਦ ਦੀਆਂ ਪੰਦਰਾਂ ਤਿਥਾਂ ਅਥਵਾ ਤਿਥੀਆਂ ਅਨੁਸਾਰ ਕੀਤਾ ਗਿਆ ਹੈ। ਤਿਥਾਂ ਬਾਰੇ ਲੋਕਾਂ ਦੇ ਵਹਿਮਾਂ, ਭਰਮਾਂ ਆਦਿ ਨੂੰ ਦੂਰ ਕਰ ਕੇ ਇਸ ਰਚਨਾ ਵਿਚ ਤਿਥਾਂ ਦੇ ਨਾਂ ਲੈ ਕੇ ਧਰਮ-ਸਾਧਨਾ ਸੰਬੰਧੀ ਅਨੇਕ ਮਹੱਤਵਪੂਰਨ ਤੱਥਾਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਬਾਣੀ ਦਾ ਆਰੰਭ ਅਮਾਵਸ ਥਿਤ ਤੋਂ ਹੁੰਦਾ ਹੈ ਅਤੇ ਪੂਰਨਿਮਾ ਥਿਤ ਨਾਲ ਸਮਾਪਤੀ ਹੁੰਦੀ ਹੈ। ਸੰਤ ਕਬੀਰ ਅਨੁਸਾਰ ਜਿਗਿਆਸੂ ਨੂੰ ਅਮਾਵਾਸ ਵਾਲੇ ਦਿਨ ਆਪਣੀਆਂ ਆਸ਼ਾਵਾਂ ਦਾ ਨਿਵਾਰਣ ਕਰ ਕੇ ਅੰਤਰਯਾਮੀ ਪਰਮ-ਸੱਤਾ ਦਾ ਸਿਮਰਨ ਕਰਨਾ ਚਾਹੀਦਾ ਹੈ। ਅਜਿਹੇ ਢੰਗ ਨਾਲ ਸਾਧਕ ਜੀਵਿਤ ਅਵਸਥਾ ਵਿਚ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ 'ਸ਼ਬਦ' (ਬ੍ਰਹਮ ਵਾਚਕ ਸ਼ਬਦ) ਦੇ ਭੇਦ ਦੀ ਵਾਸਤਵਿਕਤਾ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਅੱਗੇ ਹਰ ਥਿਤ ਨਾਲ ਸੰਬੰਧਿਤ ਪਦੇ ਵਿਚ ਪਰਮਾਤਮਾ ਦਾ ਸਿਮਰਨ ਕਰਨ ਅਤੇ ਉਸ ਦਾ ਨਾਮ ਵਿਚਾਰਨ ਦੀ ਗੱਲ ਕੀਤੀ ਗਈ ਹੈ। ਇਸ ਤਰ੍ਹਾਂ ਅਮਾਵਸ ਤੋਂ ਪੂਰਨਿਮਾ ਤਕ ਸਾਰੀਆਂ ਥਿਤਾਂ ਦਾ ਅਧਿਆਤਮਿਕ ਮੰਡਲ ਸਥਾਪਿਤ ਕੀਤਾ ਗਿਆ ਹੈ। ਪੂਰਨਿਮਾ ਥਿਤ ਦੇ ਅਤਿ ਪ੍ਰਕਾਸ਼ਿਤ ਹੋਣ ਕਾਰਨ ਕੁੰਡਲਿਨੀ ਸ਼ਕਤੀ ਜਾਗ ਕੇ ਸਹਸਦਲ ਕਮਲ (ਦਸਮ-ਦੁਆਰ) ਕੋਲ ਪਹੁੰਚ ਜਾਂਦੀ ਹੈ। ਫਿਰ ਹਰ ਪਾਸੇ ਪ੍ਰਕਾਸ਼ ਪਸਰ ਜਾਂਦਾ ਹੈ। ਇਨ੍ਹਾਂ ਥਿਤਾਂ ਅਨੁਸਾਰ ਸਾਧਨਾ ਕਰਨ ਵਾਲਾ ਮਨੁੱਖ ਸੁੱਖ ਦੀ ਅਵਸਥਾ ਮਾਣ ਸਕਣ ਦੇ ਸਮਰੱਥ ਹੁੰਦਾ ਹੈ। ਇਸ ਬਾਣੀ ਦਾ ਆਰੰਭ ਚਾਰ ਤੁਕਾਂ ਦੇ ਇਕ ਸਲੋਕ ਨਾਲ ਹੁੰਦਾ ਹੈ ਜਿਸ ਵਿਚ ਸੰਤ ਕਵੀ ਨੇ ਮੁਖ ਭਾਵ ਵੀ ਸਮੋਇਆ ਹੈ। ਇਸ ਤੋਂ ਅੱਗੇ 'ਥਿਤੀ' ਦਾ ਉਪਸਿਰਲੇਖ ਦੇ ਕੇ ਇਨ੍ਹਾਂ ਦੇ ਨਾਵਾਂ ਅਨੁਸਾਰ ਵਿਆਖਿਆ ਕੀਤੀ ਗਈ ਹੈ। ਸਭ ਤੋਂ ਪਹਿਲਾਂ ਅਮਾਵਸ ਬਾਰੇ ਲਿਖਿਆ ਗਿਆ ਹੈ। ਇਸ ਤੋਂ ਬਾਦ ਦੋ ਤੁਕਾਂ ਦਾ 'ਵਰਨਣ' ਹੈ ਜਿਸ ਵਿਚ ਸਾਰੀ ਬਾਣੀ ਦਾ ਮੂਲ ਭਾਵ ਸਮੇਟਿਆ ਹੋਇਆ ਹੈ। ਫਿਰ 'ਪਰਵਾ' (ਏਕਮ) ਤੋਂ ਪੂਰਨਿਮਾ ਤਕ ਥਿਤਾਂ ਦੀ ਕ੍ਰਮਵਾਰ ਵਿਆਖਿਆ ਹੋਈ ਹੈ। ਇਸ ਵਿਚ ਚਾਰ ਚਾਰ ਤੁਕਾਂ ਦੇ ਕੁਲ 16 ਪਦੇ ਹਨ ਅਤੇ ਚਾਰ ਤੁਕਾਂ ਦਾ ਇਕ ਸਲੋਕ ਹੈ। ਇਨ੍ਹਾਂ ਪਦਿਆਂ ਉਤੇ ਚੌਪਈ ਦੇ ਲੱਛਣਾਂ ਦਾ ਕੁਝ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਸ ਦੀ ਭਾਸ਼ਾ ਸਾਧੂਕੜੀ, ਪਰ ਆਮ ਸਮਝ ਵਿਚ ਆ ਜਾ ਸਕਣ ਵਾਲੀ ਹੈ।

ਤੀਜੀ ਸੁਤੰਤਰ ਬਾਣੀ 'ਵਾਰ-ਸਤ' ਹੈ। ਇਸ ਵਿਚ ਕਬੀਰ ਜੀ ਨੇ ਸਪਤਾਹ ਦੇ ਸੱਤ ਦਿਨਾਂ ਦੇ ਨਾਂ ਲੈ ਕੇ ਪਦ-ਰਚਨਾ ਕੀਤੀ ਹੈ। ਇਸ ਵਿਚ ਐਤਵਾਰ ਤੋਂ ਲੈ ਕੇ ਸ਼ਨਿਚਰਵਾਰ ਤਕ ਸਾਰੇ ਦਿਨਾਂ ਦੀ ਸੱਤ ਪਦਿਆਂ ਵਿਚ ਅਧਿਆਤਮਿਕ ਵਿਆਖਿਆ ਹੋਈ ਹੈ। ਆਰੰਭ ਵਿਚ 'ਰਹਾਉ' ਦੀਆਂ ਦੋ ਤੁਕਾਂ ਦੁਆਰਾ ਉਪਦੇਸ਼ ਦਿੱਤਾ ਗਿਆ ਹੈ ਕਿ ਹਰ ਰੋਜ ਹਰਿ ਦਾ ਗੁਣ-ਗਾਣ ਕਰ ਕੇ ਉਸ ਦੀ ਪ੍ਰਾਪਤੀ ਦਾ ਯਤਨ ਕਰਨਾ ਚਾਹੀਦਾ ਹੈ। ਉਸ ਤੋਂ ਬਾਦ ਵਾਰ ਕ੍ਰਮ ਅਨੁਸਾਰ ਭਗਤੀ ਭਾਵ ਨੂੰ ਵਿਕਸਿਤ ਕਰਨਾ ਚਾਹੀਦਾ ਹੈ। ਇਨ੍ਹਾਂ ਪਦਿਆਂ ਵਿਚ ਸੰਤ ਦਾ ਸੰਬੰਧ ਸੱਤ ਵਾਰਾਂ ਨਾਲ ਹੈ ਅੰਤ ਉਤੇ ਆਏ ਇਕ ਪਦ ਵਿਚ ਸਮੁੱਚਾ ਉਪਦੇਸ਼ ਦਿੱਤਾ ਗਿਆ ਹੈ। ਹਰ ਇਕ ਪਦੇ ਵਿਚ ਚਾਰ ਚਾਰ ਤੁਕਾਂ ਹਨ। 'ਰਹਾਉ' ਦੀਆਂ ਦੋ ਤੁਕਾਂ ਇਨ੍ਹਾਂ ਤੋਂ ਇਲਾਵਾ ਹਨ। ਸਾਧੂਕੜੀ ਭਾਸ਼ਾ ਵਿਚ ਲਿਖੀ ਇਸ ਰਚਨਾ ਉਤੇ ਚੌਪਈ ਛੰਦ ਦੇ ਲੱਛਣਾਂ ਦਾ ਪ੍ਰਭਾਵ ਕੁਝ ਸੀਮਾ ਤਕ ਵੇਖਿਆ ਜਾ ਸਕਦਾ ਹੈ।

ਸੰਤ ਕਬੀਰ ਨੇ 'ਉਲਟਬਾਸੀ' ਰੂਪਾਕਾਰ ਦੀ ਵੀ ਵਰਤੋਂ ਕੀਤੀ ਹੈ। 'ਉਲਟਬਾਸੀ' ਤੋਂ ਭਾਵ ਹੈ ਉਹ ਕਾਵਿ-ਉਕਤੀ ਜਿਸ ਵਿਚ ਸਾਧਾਰਨ ਤੋਂ ਉਲਟ ਗੱਲ ਕਹੀ ਗਈ ਹੋਵੇ। ਇਸ ਵਿਚ ਵਿਰੋਧਾਭਾਸ ਦਾ ਕੁਝ ਨਾ ਕੁਝ ਅੰਸ਼ ਰਹਿੰਦਾ ਹੈ। 'ਉਲਟਭਾਸੀ' ਰੂਪਾਕਾਰ ਦੇ ਪਿਛੋਕੜ ਜਾਣਨ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਦੀ ਵਰਤੋਂ ਨਾਥ ਜੋਗੀਆਂ ਦੇ ਸਾਹਿਤ ਵਿਚ ਹੀ ਸ਼ੁਰੂ ਹੋ ਗਈ ਸੀ। ਨਾਥਾਂ ਦੀ ਆਪਣੀ ਘੋਸ਼ਣਾ ਅਨੁਸਾਰ ਉਨ੍ਹਾਂ ਦੀ ਸਾਧਨਾ 'ਤੀਨ ਲੋਕ ਸੇ ਨਿਆਰੀ' ਸੀ। ਉਹ ਸਾਧਾਰਨ ਜਨਤਾ ਤੋਂ ਵੱਖਰੇ ਪ੍ਰਕਾਰ ਦੀ ਗੱਲ ਕਰਦੇ ਹਨ। ਉਨ੍ਹਾਂ ਅਨੁਸਾਰ ਸਾਰਾ ਸੰਸਾਰ ਗਲਤ ਮਾਰਗ ਉਤੇ ਚੱਲ ਰਿਹਾ ਹੈ। ਉਨ੍ਹਾਂ ਦੀ ਕਾਰਵਾਈ ਤੋਂ ਉਲਟੀ ਕਾਰਵਾਈ ਯੋਗੀਆਂ ਅਨੁਸਾਰ ਸਹੀ ਮਾਰਗ ਹੈ। ਸਾਹਿਤ ਜਾਂ ਅਭਿਵਿਅਕਤੀ ਵਿਚ ਵੀ ਉਨ੍ਹਾਂ ਨੇ ਉਲਟੀ ਗੱਲ ਹੀ ਕੀਤੀ ਹੈ। ਸਾਧਾਰਨ ਗੱਲ ਨੂੰ ਅਸਾਧਾਰਨ ਢੰਗ ਨਾਲ ਕਹਿਣ ਤੇ ਹੀ ਉਹ ਆਪਣੇ ਪ੍ਰਤਿ ਵਿਸ਼ੇਸ਼ ਸ਼ਰਧਾ ਪੈਦਾ ਕਰਦੇ ਸਨ। ਉਨ੍ਹਾਂ ਦੀ ਸਾਰੀ ਸਾਧਨਾ ਹੀ ਇਸ ਤੇ ਨਿਰਭਰ ਸੀ। ਕਬੀਰ ਜੀ ਕੁਲ ਪਰੰਪਰਾ ਤੋਂ ਨਾਥ-ਜੋਗੀਆਂ ਨਾਲ ਬਹੁਤੇ ਜੁੜੇ ਹੋਏ ਸਨ, ਇਸ ਲਈ ਉਨ੍ਹਾਂ ਦੇ ਪ੍ਰਭਾਵ ਤੋਂ ਬਚ ਸਕਣਾ ਸੰਭਵ ਨਹੀਂ ਸੀ। ਉਨ੍ਹਾਂ ਨੇ ਆਪਣੇ ਅਧਿਆਤਮਿਕ ਅਨੁਭਵ ਦੇ ਗੂਹੜ ਰਹੱਸਾਂ ਨੂੰ ਪ੍ਰਗਟਾਉਣ ਲਈ 'ਉਲਟਭਾਸੀ' ਰੂਪਾਕਾਰ ਨੂੰ ਹੀ ਵਰਤਿਆ। ਉਦਾਹਰਨ ਲਈ

ਪਹਿਲਾ ਪੂਤੁ ਪਿਛੈਰੀ ਮਾਈ।
ਗੁਰੂ ਲਾਗੋ ਸੁਨਹੁ ਤੁਮ ਭਾਈ।

ਏਕੁ ਅੰਚਭਉ ਸੁਨਹੁ ਤੁਮ ਭਾਈ।
ਦੇਖਤ ਸਿੰਘੁ ਚਰਾਵਤ ਗਾਈ। ੧ । ਰਹਾਉ ।
ਜਲ ਕੀ ਮਛਲੀ ਤਰਵਰਿ ਬਿਆਈ।
ਦੇਖਤ ਕੁਤਰਾ ਲੈ ਗਈ ਬਿਲਾਈ। ੨ ।
ਤਲੈ ਰੇ ਬੈਸਾ ਊਪਰ ਸੂਲਾ।
ਤਿਸ ਕੇ ਪੇਡਿ ਲਗੇ ਫਲ ਫੂਲਾ। ੨ ।
ਘੋਰੈ ਚਰਿ ਭੈਸ ਚਰਾਵਨ ਜਾਈ।
ਬਾਹਿਰ ਬੈਲੁ ਗੋਨਿ ਘਰਿ ਆਈ । ੪ ।
ਕਹਤ ਕਬੀਰ ਜੁ ਇਸ ਪਦ ਬੂਝੈ।
ਰਾਮ ਰਮਤ ਤਿਸੁ ਸਭੁ ਕਿਛੁ ਸੁਝੈ । ੫ । (481)

ਇਸ ਉਲਟਭਾਸੀ ਵਿਚ ਕਬੀਰ ਜੀ ਨੇ ਦਸਿਆ ਹੈ ਕਿ ਪਰਮਾਤਮਾ ਦਾ ਅੰਸ਼ ਜੀਵਾਤਮਾ (ਪੁੱਤਰ) ਪਹਿਲਾਂ ਸੀ ਅਤੇ ਮਾਇਆ (ਮਾਈ) ਬਾਦ ਵਿਚ ਹੋਈ ਹੈ। ਪਰੰਤੂ ਵਿਸ਼ੇਸ਼ ਗੱਲ ਇਹ ਹੈ ਕਿ ਵੱਡੇ ਮਹੱਤਵ ਵਾਲਾ (ਗੁਰੂ) ਛੋਟੇ (ਚੇਲੇ) ਦੀ ਪੈਰੀ ਲਗ ਰਿਹਾ ਹੈ। (ਅਰਥਾਤ-ਜੀਵਾਤਮਾ ਮਾਯਾ ਦੇ ਪ੍ਰਭਾਵ ਵਿਚ ਆ ਗਈ ਹੈ) ਹੇ ਭਾਈ। ਅਚੰਭੇ ਦੀ ਇਕ ਗੱਲ ਸੁਣੋ ਕਿ ਅਪਾਰ ਸ਼ਕਤੀ ਵਾਲੀ ਜੀਵਾਤਮਾ (ਸਿੰਘ) ਇੰਦਰੀਆਂ (ਗਊਆਂ) ਨੂੰ ਖੁਸ਼ੀ ਨਾਲ ਪਾਲ ਰਹੀ ਹੈ। (ਅਰਥਾਤ-ਜੀਵਾਤਮਾ ਸ਼ਕਤੀ ਸੰਪੰਨ ਹੁੰਦੇ ਹੋਇਆ ਵੀ ਇੰਦਰੀਆਂ ਦੇ ਵਸ ਵਿਚ ਹੋ ਗਈ ਹੈ। ਸਤਿ ਸੰਗਤ ਦੇ ਆਸਰੇ ਜੀਉਣ ਵਾਲੀ ਜੀਵਾਤਮਾ (ਮੱਛਲੀ) ਸੰਸਾਰਕ ਪ੍ਰਪੰਚ (ਤਰਵਰ) ਵਿਚ ਉਲਝ ਗਈ ਹੈ। (ਅਰਥਾਤ-ਜੀਵਾਤਮਾ ਸੰਸਾਰਕਤਾ ਵਿਚ ਉਲਝ ਕੇ ਸਤਿਸੰਗਤ ਤੋਂ ਬੇਮੁੱਖ ਹੋ ਗਈ ਹੈ। ਅਤੇ ਸਾਡੇ ਦੇਖਦਿਆਂ ਦੇਖਦਿਆਂ ਹੀ ਤ੍ਰਿਸ਼ਨਾ ਰੂਪੀ ਬਿੱਲੀ ਸੰਤੋਖ ਰੂਪੀ ਕਤੂਰੇ ਨੂੰ ਫੜ ਕੇ ਲੈ ਗਈ ਹੈ। (ਅਰਥਾਤ ਜੀਵਾਤਮਾ ਦਾ ਸੰਤੋਸ਼ ਨਸ਼ਟ ਹੋ ਗਿਆ ਹੈ) ਰੁੱਖਾਂ ਦੀਆਂ ਟਹਿਣੀਆਂ ਹੇਠਾਂ ਨੂੰ ਅਤੇ ਜੜ੍ਹਾਂ ਉੱਪਰ ਹੋ ਗਈਆਂ ਹਨ ਅਤੇ ਤਣੇ ਨੂੰ ਫੁੱਲ ਅਤੇ ਫਲ ਲੱਗੇ ਹੋਏ ਹਨ। (ਅਰਥਾਤ-ਜੀਵਾਤਮਾ ਦੇ ਮਾਇਕ ਪ੍ਰਪੰਚ ਵਿਚ ਫਸਣ ਕਾਰਨ ਸਾਰੀ ਸਥਿਤੀ ਵਿਪਰੀਤ ਹੋ ਗਈ ਹੈ) ਵਾਸਨਾ ਰੂਪੀ ਮੱਝ ਮਨ ਰੂਪੀ ਘੋੜੇ ਉਤੇ ਚੜ੍ਹ ਕੇ ਉਸ ਨੂੰ ਵਿਸ਼ੇ ਭੋਗਣ ਲਈ ਪ੍ਰੇਰਿਤ ਕਰ ਰਹੀ ਹੈ। ਹੁਣ ਸਥਿਤੀ ਅਜਿਹੀ ਬਣ ਗਈ ਹੈ ਕਿ ਧੀਰਜ ਰੂਪੀ ਬਲਦ ਬਾਹਰ ਨਿਕਲ ਗਿਆ ਹੈ ਅਤੇ ਵਾਸ਼ਨਾਵਾਂ ਰੂਪੀ ਛੁਟ ਅੰਦਰ ਹਿਰਦੇ ਵਿਚ ਪਹੁੰਚ ਗਈ ਹੈ। ਇਸ ਵਾਸਤਵਿਕਤਾ ਨੂੰ ਸਮਝ ਸਕਣ ਵਾਲਾ ਹੀ ਸਿਮਰਨ ਦੁਆਰਾ ਸਹੀ ਮਾਰਗ ਉੱਤੇ ਚੱਲਣ ਦੇ ਸਮਰੱਥ ਹੋ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਜੀ ਦੀਆਂ ਉਲਟਬਾਸੀਆਂ ਵਿਚੋਂ ਕੁਝ ਅਦਭੁਤ ਪ੍ਰਭਾਵ ਵਾਲੀਆਂ ਹਨ, ਕੁਝ ਪ੍ਰਤੀਕ ਪ੍ਰਧਾਨ ਹਨ। ਕੁਝ ਦੁਆਰਾ ਪਾਠਕ-ਸਰੋਤਾ ਦੇ ਮਨ ਵਿਚ ਜਿਗਿਆਸਾ ਅਤੇ ਆਕਰਸ਼ਣ ਦਾ ਭਾਵ ਵਿਕਸਿਤ ਹੁੰਦਾ ਹੈ।

ਕਬੀਰ ਜੀ ਦੀ ਬਾਣੀ ਵਿਚ ਅਭਿਵਿਅਕਤੀ ਸੰਬੰਧੀ ਇਹ ਵਿਸ਼ੇਸ਼ਤਾ ਵੀ ਵੇਖਣ ਵਿਚ ਆਈ ਹੈ ਕਿ ਵਿਅੰਗ ਦੀ ਪ੍ਰਧਾਨਤਾ ਉਨ੍ਹਾਂ ਦੀ ਸ਼ੈਲੀ ਦਾ ਇਕ ਵਿਸ਼ੇਸ਼ ਗੁਣ ਅਤੇ ਪ੍ਰਭਾਵਸ਼ਾਲੀ ਹਥਿਆਰ ਹੈ। ਵਿਦਵਾਨਾਂ ਦਾ ਮਤ ਹੈ ਕਿ ਕਬੀਰ ਜੀ ਵਿਅੰਗ ਕਸਣ ਵਿਚ ਬੇਜੋੜ ਹਨ। ਉਸ ਵਕਤ ਸਮਾਜ ਅਤੇ ਧਰਮ ਵਿਚ ਵਰਤਿਆ ਅਗਿਆਨ ਅਤੇ ਉਸ ਅਗਿਆਨ ਦੁਆਰਾ ਹੋਏ ਮਾਨਵੀ ਹ੍ਰਾਸ ਦਾ ਉਪਚਾਰ ਵਿਅੰਗ ਤੋਂ ਬਿਨਾ ਕੀਤਾ ਵੀ ਨਹੀਂ ਜਾ ਸਕਦਾ ਸੀ। ਕਬੀਰ ਜੀ ਦੇ ਸਾਹਮਣੇ ਮੁੱਖ ਮਾਰਗ ਤੋਂ ਹਟਿਆ ਜੋ ਵੀ ਸਾਹਮਣੇ ਆ ਗਿਆ, ਚਾਹੇ ਉਹ ਹਿੰਦੂ ਸੀ ਜਾਂ ਮੁਸਲਮਾਨ, ਬ੍ਰਾਹਮਣ ਸੀ ਜਾਂ ਮੁੱਲਾਂ, ਜੋਗੀ ਸੀ ਜਾਂ ਸਿਧ, ਉਸ ਉੱਤੇ ਵਿਅੰਗ ਕਸ ਦਿੱਤਾ। ਉਨ੍ਹਾਂ ਦੇ ਸਮਕਾਲੀ ਧਾਰਮਿਕ ਮੁਖੀਏ ਉਨ੍ਹਾਂ ਤੋਂ ਘਬਰਾਉਂਦੇ ਸਨ ਕਿਉਂਕਿ ਸਿੱਧੀ ਸਾਦੀ ਭਾਸ਼ਾ ਵਿਚ ਕਬੀਰ ਜੀ ਇਤਨੀ ਜ਼ਬਰਦਸਤ ਸੱਟ ਮਾਰਦੇ ਸਨ ਕਿ ਅਗਲਿਆਂ ਦੇ ਪਾਖੰਡਾਂ ਦੇ ਪਰਖੱਚੇ ਉਡਾ ਦਿੰਦੇ ਸਨ, ਉਨ੍ਹਾਂ ਨੂੰ ਕੁਝ ਔਹੜਦਾ ਹੀ ਨਹੀਂ ਸੀ, ਬਿਲਕੁਲ ਨਿਰੁਤਰ ਹੋ ਜਾਂਦੇ ਸਨ। ਕਬੀਰ ਜੀ ਨੂੰ ਬਾਹਰਲੇ ਆਡੰਬਰਾਂ ਅਤੇ ਪਾਖੰਡਾਂ ਤੋਂ ਚਿੜ੍ਹ ਸੀ। ਕਿਉਂਕਿ ਇਨ੍ਹਾਂ ਪਾਖੰਡਾਂ ਅਤੇ ਮਿਥਿਆ ਆਚਾਰਾਂ ਕਰਕੇ ਹੀ ਮਨੁੱਖਤਾ ਦਾ ਘਾਣ ਹੋ ਰਿਹਾ ਸੀ। ਇਹੀ ਕਾਰਣ ਹੈ ਕਿ ਉਨ੍ਹਾਂ ਦੀ ਸ਼ੈਲੀ ਦੀ ਨੁਹਾਰ ਪਾਖੰਡ ਖੰਡਨੀ ਹੋ ਗਈ ਸੀ। ਇਸ ਖੰਡਨ ਵਿਚ ਵਿਅੰਗ ਉਨ੍ਹਾਂ ਦਾ ਪ੍ਰਮੁੱਖ ਹਥਿਆਰ ਸੀ। ਬ੍ਰਾਹਮਣ ਦੇ ਜਾਤਿ-ਪਾਤਿ ਗਤ ਹੰਕਾਰ ਉੱਤੇ ਭਰਪੂਰ ਸੱਟ ਮਾਰਦਿਆਂ ਕਹਿੰਦੇ ਹਨ –

ਜੋ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀਂ ਆਇਆ। (324)

ਮੁਨਾਰੇ ਉਤੇ ਚੜ੍ਹ ਕੇ ਬਾਗ ਦੇਣ ਵਾਲੇ ਮੁੱਲਾਂ ਨੂੰ ਮੁਖਾਤਬ ਹੁੰਦਿਆਂ ਕਹਿੰਦੇ ਹਨ ਕਿ ਕੀ ਰੱਬ ਬਹਿਰਾ (ਡੋਰਾ) ਹੈ ਕਿ ਤੂੰ ਇਤਨੀ ਉੱਚੀ ਆਵਾਜ ਦੇ ਰਿਹਾ ਹੈ। ਜਿਸ ਲਈ ਤੂੰ ਬਾਂਗ ਦੇ ਰਿਹਾ ਹੈ, ਉਸ ਨੂੰ ਤਾਂ ਆਪਣੇ ਅੰਦਰ ਵਸਿਆ ਹੋਇਆ ਵੇਖਣ ਦਾ ਯਤਨ

ਕਰ –

ਕਬੀਰ ਮੁੱਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।
ਜਾ ਕਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ। (1374)

ਮੂਰਤੀ-ਪੂਜਾ ਦਾ ਵਿਰੋਧ ਕਰਦਿਆਂ, ਉਨ੍ਹਾਂ ਦੇ ਉਪਾਸਕਾਂ ਨੂੰ ਮੰਝਧਾਰ ਵਿਚ ਡੁਬਣ ਵਾਲੇ ਦਸਿਆ ਹੈ –

ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰ।
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ। (1371)

ਮਨ ਦੀ ਦ੍ਰਿੜ੍ਹਤਾ ਤੋਂ ਸਖਣੇ ਹਾਜੀਆਂ ਦਾ ਹਜ ਕਰਨਾਂ ਵਿਅਰਥ ਦਸਦੇ ਹੋਇਆ ਪਾਪ ਨੇ ਕਿਹਾ ਹੈ :

ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ।
ਕਬੀਰ ਜਾ ਕੀ ਦਿਲ ਸਾਬਤਿ ਨਹੀਂ ਤਾਂ ਕਉ ਕਹਾਂ ਖੁਦਾਇ। (1374)

ਕਬੀਰ ਬਾਣੀ ਸ਼ੈਲੀਗਤ ਇਕ ਹੋਰ ਵਿਸ਼ੇਸ਼ਤਾ ਹੈ ਪ੍ਰਤੀਕਾਂ ਦੀ ਵਰਤੋਂ। ਰਹੱਸਵਾਦੀ ਵਿਚਾਰਾਂ ਅਥਵਾ ਅਨੁਭਵਾਂ ਨੂੰ ਪ੍ਰਗਟਾਉਣ ਲਈ ਪ੍ਰਤੀਕਾਂ ਦੀ ਵਰਤੋਂ ਪੁਰਾਤਨ ਕਾਲ ਤੋਂ ਹੁੰਦੀ ਆਈ ਹੈ। ਸੂਫੀ ਸਾਧਕਾਂ ਨੇ ਵੀ ਇਸ ਜੁਗਤ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਕਬੀਰ ਜੀ ਪ੍ਰੇਮ ਭਗਤੀ ਵਿਚ ਵਿਸ਼ਵਾਸ ਰਖਦੇ ਸਨ। ਉਹ ਪਰਮਾਤਮਾ ਨੂੰ ਆਪਣਾ ਪਤੀ ਤਸੱਵਰ ਕਰਦੇ ਸਨ – 'ਹਰਿ ਮੇਰੇ ਪਿਰੁ ਹਉ ਹਰਿ ਕੀ ਬਹੁਰੀਆ।' ਇਸ ਲਈ ਉਨ੍ਹਾਂ ਨੇ ਆਪਣੇ ਮਧੁਰ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਦੰਪਤਿਕ ਪ੍ਰਤੀਕਾਂ ਨੂੰ ਵਰਤਿਆ ਹੈ। ਇਨ੍ਹਾਂ ਵਿਚ ਸ਼ੁੱਧ, ਸਾਤਵਿਕ ਅਤੇ ਉਜਲੇ ਭਾਵਾਂ ਦੀ ਅਭਿਵਿਅਕਤੀ ਹੋਈ ਹੈ। ਇਹ ਵਿਆਹ ਲੌਕਿਕ ਨਹੀਂ, ਅਲੌਕਿਕ ਹੈ। ਵਿਆਹ ਨਾਲ ਸੰਬੰਧਿਤ ਸਭ ਰੀਤਾਂ ਜਾਂ ਕਾਰਜਾਂ ਨੂੰ ਵੀ ਕਬੀਰ ਜੀ ਨੇ ਬੜੀ ਰੁਚੀ ਨਾਲ ਦਰਸਾਉਣ ਦਾ ਯਤਨ ਕੀਤਾ ਹੈ –

ਤਨੁ ਰੈਨੀ ਮਨੁ ਪੁਨਰਪਿ ਕਰਿ ਹਉ ਪਾਚਉ ਤਤ ਬਰਾਤੀ।
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗ ਰਾਤੀ । ੧ ।
ਗਾਉ ਗਾਉ ਰੀ ਦੁਲਹਨੀ ਮੰਗਲਾਚਾਰਾ।
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ । ੧ । ਰਹਾਉ ।
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ।
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ। ੨ ।
ਸੁਰਿਨਰ ਮੁਨਿਜਨ ਕਉਤਕ ਆਏ ਕੋਟਿ ਤਤੀਸ ਉਜਾਨਾਂ।
ਕਹਿ ਕਬੀਰ ਮੋਹ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ। ੩ । (482)

ਇਸ ਸ਼ਬਦ ਵਿਚ ਕਬੀਰ ਜੀ ਨੇ ਬਰਾਤੀਆਂ ਫੇਰਿਆਂ, ਵੇਦੀ ਵੇਲੇ ਪੜ੍ਹੇ ਜਾਣ ਵਾਲੇ ਮੰਤਰਾਂ ਅਤੇ ਲਾੜੇ ਦੇ ਆਉਣ ਵਾਲੇ ਦੇ ਸੁਆਗਤ ਨਾਲ ਸੰਬੰਧਿਤ ਅਨੇਕ ਪ੍ਰਕਾਰ ਦੀਆਂ ਰਸਮਾਂ ਦਾ ਉਲੇਖ ਕਰਕੇ ਸੁੰਦਰ ਰੂਪਕ ਦੀ ਸਿਰਜਨਾ ਕੀਤੀ ਹੈ।

ਦੰਪਤਿਕ ਪ੍ਰਤੀਕਾਂ ਤੋਂ ਇਲਾਵਾ ਕਬੀਰ ਜੀ ਨੇ ਵਾਤਸਲਯ ਸਨੇਹ ਨੂੰ ਪ੍ਰਗਟ ਕਰਨ ਲਈ ਪਰਮਾਤਮਾ ਨੂੰ ਮਾਤਾ-ਪਿਤਾ ਦੇ ਪ੍ਰਤੀਕਾਂ ਦੁਆਰਾ ਚਿਤਰ ਕੇ ਆਪਣੀ ਤੁੱਛਤਾ ਅਤੇ ਪਰਮਾਤਮਾ ਦੀ ਸਰਪ੍ਰਸਤੀ ਲਈ ਬੜੀ ਆਜਿਜ਼ੀ ਨਾਲ ਅਰਜੋਈ ਕੀਤੀ ਹੈ ਅਤੇ ਆਪਣੇ ਅਪਰਾਧਾਂ ਨੂੰ ਖਿਮਾ ਕਰਾਉਣ ਲਈ ਵੀ ਪ੍ਰਾਰਥਨਾ ਕੀਤੀ ਹੈ, ਜਿਵੇ –

ਸੁਤੁ ਅਪਰਾਧ ਕਰਤ ਹੈ ਜੇਤੇ।
ਜਨਨ ਚੀਤਿ ਨ ਰਾਖਸਿ ਤੇਤੇ। ੧ ।
ਰਾਮਈਆ ਹਉ ਬਾਰਿਕੁ ਤੇਰਾ।
ਕਾਹੇ ਨ ਖੰਡਸਿ ਅਵਗਨੁ ਮੇਰਾ । ੧ । ਰਹਾਉ (428)

ਇਸ ਤੋਂ ਇਲਾਵਾ, ਦਾਸ ਭਾਵ ਵਾਲੇ ਪ੍ਰਤੀਕ ਵੀ ਵਰਤੇ ਗਏ ਹਨ। ਇਸ ਪ੍ਰਕਾਰ ਦੇ ਪ੍ਰਤੀਕ ਮਾਨਵੀ ਤੱਤਾਂ ਨਾਲ ਹੀ ਨਹੀਂ, ਅਮਾਨਵੀ ਤੱਤਾਂ ਨਾਲ ਵੀ ਸੰਬੰਧਿਤ ਹਨ। ਅਮਾਨਵੀ ਪ੍ਰਤੀਕਾਂ ਵਿਚ ਗਊ-ਗਵਾਲ, ਕੁੱਤਾ ਅਤੇ ਸੁਆਮੀ ਆਦਿ ਵਿਸ਼ੇਸ਼ ਉਲੇਖ ਯੋਗ ਹਨ, ਜਿਵੇਂ 'ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਮਰਨ ਰਖਵਾਰੇ, 'ਕਬੀਰ ਕੂਕਰੁ ਰਾਮ ਕੀ ਮੁਤੀਆ ਮੇਰੇ ਨਾਉ' ਆਦਿ। ਇਸੇ ਤਰ੍ਹਾਂ ਯੋਗਮਤ ਨਾਲ ਸੰਬੰਧਿਤ ਪਰਿਭਾਸ਼ਿਕ ਪ੍ਰਤੀਕਾਂ ਦੀ ਵਰਤੋਂ ਵੀ ਕੀਤੀ ਗਈ ਹੈ। ਅਸਲ ਵਿਚ ਪ੍ਰਤੀਕਾਂ ਪ੍ਰਤਿ ਸੰਤ ਕਬੀਰ ਜੀ ਦਾ ਬਹੁਤ ਮੋਹ ਹੈ ਕਿਉਂਕਿ ਇਨ੍ਹਾਂ ਨੇ ਉਨ੍ਹਾਂ ਦੀ ਭਾਵ ਅਭਿਵਿਅਕਤੀ ਵਿਚ ਬਹੁਤ ਸਹਾਇਤਾ ਕੀਤੀ ਹੈ।

ਕਬੀਰ ਜੀ ਧਰਮ-ਉਪਦੇਸ਼ਕ ਸਨ, ਕਵੀ ਨਹੀਂ, ਇਸ ਲਈ ਉਨ੍ਹਾਂ ਨੂੰ ਆਪਣੀ ਬਾਣੀ ਵਿਚ ਕਾਵਿ-ਗੁਲਦਸਤੇ ਸਜਾਉਣ ਦੀ

ਰੁਚੀ ਨੇ ਪ੍ਰੇਰਨਾ ਨਹੀਂ ਦਿੱਤੀ। ਪਰੰਤੂ ਕਈ ਵਾਰ ਭਾਵਨਾਵਾਂ ਦੀ ਸ਼ਿੱਦਤ ਵੇਲੇ ਸਾਧਾਰਨ ਅਭਿਵਿਅਕਤੀ ਵਿਚ ਵੀ ਅਲੰਕਾਰਾਂ ਦੀ ਵਰਤੋਂ ਹੋ ਜਾਂਦੀ ਹੈ। ਸ਼ਬਦ ਅਲੰਕਾਰਾਂ ਦੀ ਹਰ ਵੰਨਗੀ ਆਪ ਦੀ ਬਾਣੀ ਵਿਚ ਵਰਤੀ ਹੋਈ ਮਿਲ ਜਾਂਦੀ ਹੈ। ਉਪਮਾ ਅਲੰਕਾਰ ਦੇ ਵੀ ਕਈ ਨਮੂਨੇ ਮਿਲ ਜਾਂਦੇ ਹਨ। ਦ੍ਰਿਸ਼ਟਾਂਤ ਅਤੇ ਉਦਾਹਰਣ ਅਲੰਕਾਰਾਂ ਨੇ ਵਿਸ਼ੇ-ਪ੍ਰਤਿਪਾਦਨ ਵਿਚ ਸਪਸ਼ਟਤਾ ਲਿਆਂਦੀ ਹੈ। ਰੂਪਕ ਅਲੰਕਾਰ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਹੋਈ ਹੈ। ਉਲਟਭਾਸੀਆਂ ਵੀ ਰੂਪਕ ਦੇ ਘੇਰੇ ਵਿਚ ਆਉਂਦੀਆਂ ਹਨ। ਸਰਬਾਗੀ ਅਤੇ ਵਿਸਤ੍ਰਿਤ ਰੂਪਕਾਂ ਤੋਂ ਇਲਾਵਾ, ਕਬੀਰ ਬਾਣੀ ਵਿਚ ਸੰਖਿਪਤ ਰੂਪਕਾਂ ਦੀ ਵੀ ਘਾਟ ਨਹੀਂ ਹੈ, ਜਿਵੇਂ 'ਕਬੀਰ ਹਰਿ ਹੀਰਾ ਜਨ ਜਉਹਰੀ ਲੈ ਕੇ ਮਾਡੇ ਹਾਟ।' ਇਥੇ ਜੌਹਰੀ ਦੀ ਦੁਕਾਨ ਦਾ ਬਿੰਬ ਵੇਖਣਯੋਗ ਹੈ। ਕਬੀਰ ਨੇ ਸਾਧਾਰਨ ਜਨ ਜੀਵਨ, ਪ੍ਰਕ੍ਰਿਤੀ, ਪਰੰਪਰਾ ਆਦਿ ਅਨੇਕ ਖੇਤਰਾਂ ਵਿਚੋਂ ਬਿੰਬ ਲੈ ਕੇ ਆਪਣੀ ਪੇਸ਼ਕਾਰੀ ਨੂੰ ਬਲਵਾਨ ਬਣਾਇਆ ਹੈ। ਬਹੁਤ ਅਲੰਕਾਰ ਬਿੰਬਾਂ ਵਿਚ ਹੀ ਮਿਲਦੇ ਹਨ। ਇਨ੍ਹਾਂ ਬਿੰਬਾਂ ਦੁਆਰਾ ਕਬੀਰ ਜੀ ਨੇ ਆਪਣੀ ਤੀਬਰ ਦ੍ਰਿਸ਼ਟੀ ਅਤੇ ਵਿਸ਼ਾਲ ਅਨੁਭਵ ਦਾ ਸਬੂਤ ਦਿੱਤਾ ਹੈ। ਮਨੁੱਖਾ ਦੇਹੀ ਦੀ ਨਾਸ਼ਮਾਨਤਾ ਨੂੰ ਸਪੱਸ਼ਟ ਕਰਨ ਲਈ ਆਪ ਨੇ ਸੱਪ ਦੁਆਰਾ ਕੁੰਜ ਨੂੰ ਤਿਆਗਣ ਦੀ ਗੱਲ ਕਹੀ ਹੈ। ਦੂਜੇ ਪਾਸੇ ਸੱਪ ਦੁਆਰਾ ਕੁੰਜ ਉਤਾਰਨ ਦੀ ਪ੍ਰਕ੍ਰਿਆ ਦਾ ਬਿੰਬ ਸਿਰਜਿਆ ਹੈ। ਪੌਰਾਣਿਕ ਹਵਾਲਿਆਂ ਅਤੇ ਸੰਕੇਤਾਂ ਦੀ ਵਰਤੋਂ ਰਾਹੀਂ ਜਿੱਥੇ ਪੁਰਾਤਨ ਕਥਾਵਾਂ, ਘਟਨਾਵਾਂ ਜਾਂ ਆਖਿਆਨਾਂ ਦਾ ਬਿੰਬ ਪੇਸ਼ ਕੀਤਾ ਗਿਆ ਹੈ, ਉੱਥੇ ਪਾਠਕ ਅਤੇ ਸ਼ਰੋਤਾਂ ਦੀ ਭੂਤ-ਕਾਲ ਦੀਆਂ ਘਟਨਾਵਾਂ ਨਾਲ ਇਕ ਪ੍ਰਕਾਰ ਦੀ ਸਾਂਝ ਪਵਾਈ ਗਈ ਹੈ। ਉਦਾਹਰਣ ਲਈ ਪਰਮਾਤਮਾ ਦੀ ਅਪਾਰ ਸ਼ਕਤੀ ਅਤੇ ਸਮਰਥਾ ਦਾ ਜ਼ਿਕਰ ਕਰਦਿਆਂ ਦਸਿਆ ਗਿਆ ਹੈ।

ਕੋਟਿ ਸੂਰ ਜਾ ਕੈ ਪਰਗਾਸੁ।
ਕੋਟਿ ਮਹਾਦੇਵ ਅਰੁ ਕਬਿਲਾਸ।
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ।
ਬ੍ਰਹਮਾ ਕੋਟਿ ਬੇਦ ਉਚਰੈ।....
ਕੋਟਿ ਚੰਦ੍ਰਮੇ ਕਰਹਿ ਚਰਾਕ।
ਸੁਰ ਤੇਤੀ ਸਉ ਜੇਵਹਿ ਪਾਕ।
ਨਵ ਗ੍ਰਹ ਕੋਟਿ ਠਾਢੇ ਦਰਬਾਰ।
ਧਰਮ ਕੋਟਿ ਜਾ ਕੈ ਪ੍ਰਤਿਹਾਰ। (1162-63)

ਸੰਤ ਕਬੀਰ ਦੀ ਬਾਣੀ ਵਿਚ ਰਸ ਸੰਬੰਧੀ ਰਮਣੀਕਤਾ ਦਾ ਵਿਸ਼ਲੇਸ਼ਣ ਕਰਦਿਆਂ ਡਾ. ਗੋਬਿੰਦ ਤ੍ਰਿਗੁਣਾਇਤ ਨੇ ਚਾਰ ਪ੍ਰਕਾਰ ਦੀਆਂ ਉਕਤੀਆਂ ਦੀ ਹੋਂਦ ਨੂੰ ਦਰਸਾਇਆ ਹੈ। ਉਨ੍ਹਾਂ ਦਾ ਮਤ ਹੈ ਕਿ ਸੁਧਾਰਾਤਮਕ, ਉਪਦੇਸ਼ਾਤਮਕ, ਯੌਗਿਕ ਅਤੇ ਅਧਿਆਤਮਿਕ ਪ੍ਰਕਾਰ ਦੀਆਂ ਉਕਤੀਆਂ ਵਿਚ ਰਸ ਦੀ ਅਨੁਭੂਤੀ ਦੀ ਗੁੰਜਾਇਸ਼ ਬਹੁਤ ਘਟ ਹੈ ਕਿਉਂਕਿ ਇਸ ਨੂੰ ਕਾਵਿ ਦੇ ਅੰਤਰਗਤ ਰੱਖਣ ਤੋਂ ਵੀ ਕਈ ਵਾਰ ਸੰਕੋਚ ਕਰਨਾ ਪੈਂਦਾ ਹੈ। ਜਿਨ੍ਹਾਂ ਉਕਤੀਆਂ ਵਿਚ ਸੰਸਾਰ ਦੀ ਨਾਸ਼ਮਾਨਤਾ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ, ਉਥੇ ਨਿਸ਼ਚੈ ਹੀ ਸ਼ਾਂਤ ਰਸ ਦੇ ਦਰਸ਼ਨ ਹੋ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਉਲਟਭਾਸੀਆਂ ਦੇ ਰੂਪ ਵਿਚ ਆਈਆਂ ਕੁਝ ਅਜਿਹੀਆਂ ਉਕਤੀਆਂ ਹਨ ਜਿਨ੍ਹਾਂ ਵਿਚ ਅਦਭੁਤ ਰਸ ਦੀ ਹੋਂਦ ਦ੍ਰਿਸ਼ਟੀਗੋਚਰ ਹੁੰਦੀ ਹੈ ਕਿਉਂਕਿ ਇਨ੍ਹਾਂ ਵਿਚ ਅਲੌਕਿਕ, ਅਦ੍ਰਿਸ਼ਟ, ਅਪੂਰਵ, ਅਸਚਰਜ ਗੱਲਾਂ ਕਹੀਆਂ ਗਈਆਂ ਮਿਲਦੀਆਂ ਹਨ। ਇਨ੍ਹਾਂ ਵਿਚ ਸਥਾਈ ਭਾਵ ਵਿਸਮੈ ਮਿਲਦਾ ਹੈ। ਪਰੰਤੂ ਰਸ ਦਾ ਨਿਖਾਰ ਉਨ੍ਹਾਂ ਦੀਆਂ ਭਗਤ ਪ੍ਰਧਾਨ ਉਕਤੀਆਂ ਵਿਚ ਵੇਖਿਆ ਜਾ ਸਕਦਾ ਹੈ। ਇਹ ਉਕਤੀਆਂ ਸ਼ਾਂਤ ਰਸ ਦੀਆਂ ਹਨ। ਕਬੀਰ ਮੂਲ ਰੂਪ ਵਿਚ ਭਗਤ ਸਾਧਕ ਸਨ। ਉਨ੍ਹਾਂ ਨੇ ਆਪਣੀ ਬਾਣੀ ਦੀ ਰਚਨਾ ਮੁੱਖ ਰੂਪ ਵਿਚ ਅੰਤਰ ਆਤਮਾ ਦੀ ਹੂਕ ਨੂੰ, ਪਰਮਾਤਮਾ ਪ੍ਰਤਿ ਵਿਸ਼ਵਾਸ ਨੂੰ, ਸੱਚੇ ਸਾਧਕ ਦੀ ਹਿਰਦੇ ਵਿਚ ਪੈਦਾ ਹੋਈ ਸਾਤਵਿਕ ਵ੍ਰਿੱਤੀ ਹੀ ਸ਼ਾਂਤ ਰਸ ਪ੍ਰਗਟ ਕਰਨ ਲਈ ਕੀਤੀ ਸੀ। ਇਹ ਸਾਤਵਿਕ ਵ੍ਰਿੱਤੀ ਹੀ ਸ਼ਾਂਤ ਰਸ ਦਾ ਜਾਮਾ ਪਾ ਕੇ ਕਬੀਰ ਜੀ ਦੀ ਬਾਣੀ ਵਿਚ ਰਸ ਦੀ ਰਮਣੀਕਤਾ ਨੂੰ ਸਥਾਪਿਤ ਕਰਦੀ ਹੈ।

ਕਬੀਰ ਜੀ ਦੀ ਰਸ-ਗਤ ਰਮਣੀਕਤਾ ਨੂੰ ਵੇਖਣ ਦਾ ਇਕ ਸਾਧਨ ਉਨ੍ਹਾਂ ਦੀਆਂ ਪ੍ਰੇਮ-ਭਗਤੀ ਸੰਬੰਧੀ ਸ਼ਿੰਗਾਰ ਪਰਕ ਉਕਤੀਆ ਹਨ। ਇੱਥੇ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਕਬੀਰ ਦਾ ਪ੍ਰੇਮ ਲੌਕਿਕ ਨਹੀਂ ਅਲੌਕਿਕ ਸੀ। ਅਲੌਕਿਕ ਪ੍ਰੇਮ ਦੀ ਅਭਿਵਿਅਕਤੀ ਨਿਰਸੰਦੇਹ ਲੌਕਿਕ ਪ੍ਰਤੀਕਾਂ ਰਾਹੀਂ ਹੋਈ ਹੈ, ਪਰੰਤੂ ਇਸ ਦੇ ਬਾਵਜੂਦ ਹਰ ਥਾਂ ਅਲੌਕਿਕਤਾ ਦੀ ਸਥਿਤੀ ਬਣੀ ਹੋਈ ਹੈ। ਇਨ੍ਹਾਂ ਉਕਤੀਆਂ ਵਿਚੋਂ ਵੀ ਦੰਪਤਿਕ ਪ੍ਰਤੀਕ ਵਾਲੀਆਂ ਉਕਤੀਆਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ, ਕਿਉਂਕਿ ਉਨ੍ਹਾਂ ਵਿਚ ਲੌਕਿਕਤਾ ਨੂੰ ਅਜਿਹਾ ਅਲੌਕਿਕ ਸੰਦਰਭ ਦਿੱਤਾ ਗਿਆ ਹੈ ਕਿ ਉਨ੍ਹਾਂ ਵਿੱਚੋਂ ਲੌਕਿਕਤਾ ਦੀ ਮੇਲ ਬਿਲਕੁਲ ਖਤਮ ਹੋ ਗਈ ਹੈ ਅਤੇ ਸ਼ੁੱਧ ਸਾਤਵਿਕ ਵਾਤਾਵਰਣ ਦੀ ਖੁਦ-ਬਖੁਦ ਸਿਰਜਣਾ ਹੋ ਜਾਂਦੀ ਹੈ। ਅਸਲ ਵਿਚ, ਇਨ੍ਹਾਂ ਉਕਤੀਆਂ ਵਿਚ ਹੀ ਕਬੀਰ ਦੀ ਸੱਚੀ ਆਤਮਾ ਦੇ ਦਰਸ਼ਨ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪ੍ਰਕਾਰ ਦੀਆਂ ਉਕਤੀਆਂ ਦੀ ਬਹੁਲਤਾ ਨਹੀਂ ਹੈ।

ਕਬੀਰ ਬਾਣੀ ਦੀਆਂ ਪ੍ਰੇਮ ਪ੍ਰਧਾਨ ਉਕਤੀਆਂ ਵਿਚ ਮਧੁਰ ਗੁਣ ਦੀ ਸੁੰਦਰ ਛਬੀ ਵੇਖਣ ਨੂੰ ਮਿਲਦੀ ਹੈ। ਇਹ ਮਧੁਰ ਗੁਣ ਉਨ੍ਹਾਂ ਦੇ ਪ੍ਰੇਮ ਵਾਂਗ ਅਧਿਆਤਮਿਕ ਅਥਵਾ ਅਲੌਕਿਕ ਹੈ। ਇਹ ਮਧੁਰ ਗੁਣ ਸੁਭਾਵਕ ਹੈ। ਇਸ ਗੁਣ ਤੋਂ ਇਲਾਵਾ, ਉਨ੍ਹਾਂ ਦੀ ਸਾਧਾਰਨ ਉਪਦੇਸ਼ਾਤਮਕ ਉਕਤੀਆਂ ਵਿਚ ਪ੍ਰਸਾਦ ਗੁਣ ਦੀ ਪ੍ਰਧਾਨਤਾ ਹੈ। ਇਨ੍ਹਾਂ ਉਕਤੀਆਂ ਦੀ ਭਾਸ਼ਾ ਆਮ ਤੌਰ ਤੇ ਬੜੀ ਸਰਲ ਅਤੇ ਸੁਬੋਧ ਹੁੰਦੀ ਹੈ।

ਕਬੀਰ ਜੀ ਦੀ ਕਾਵਿ ਕਲਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਮੌਲਿਕਤਾ ਹੈ। ਉਨ੍ਹਾਂ ਨੇ ਸਾਹਿਤ ਰਚਨਾ ਦੀ ਕਿਸੇ ਘਿਸੀ ਘਿਸਾਈ ਪਗਡੰਡੀ ਉਤੇ ਪੈਰ ਨਹੀਂ ਧਰਿਆ, ਸਗੋਂ ਆਪਣੇ ਅਨੁਭਵ ਦੇ ਜੋਰ ਤੇ ਨਵੀਂ ਸ਼ਾਹ-ਰਾਹ ਦਾ ਨਿਰਮਾਣ ਕੀਤਾ ਹੈ। ਉਨ੍ਹਾਂ ਦਾ ਅਨੁਭਵ ਮੌਲਿਕ ਸੀ। ਮੌਲਿਕ ਅਨੁਭਵ ਦਾ ਆਧਾਰ ਕਵੀ ਦੀ ਪ੍ਰਤਿਭਾ ਉੱਤੇ ਨਿਰਭਰ ਕਰਦਾ ਹੈ। ਮੰਨਿਆ ਕਿ ਕਬੀਰ ਅਨਪੜ੍ਹ ਸਨ, ਪਰੰਤੂ ਉਹ ਜ਼ਿੰਦਗੀ ਦੇ ਸਕੂਲ ਵਿਚ ਖੂਬ ਪੜ੍ਹੇ ਹੋਏ ਸਨ। ਉਨ੍ਹਾਂ ਦਾ ਅਨੁਭਵ ਬਹੁਤ ਵਿਸ਼ਾਲ ਸੀ। ਉਸ ਅਨੁਭਵ ਨੂੰ ਪ੍ਰਗਟ ਕਰਨ ਲਈ ਉਨ੍ਹਾਂ ਦਾ ਪ੍ਰਗਟਾਵਾ ਵੀ ਨਿਵੇਕਲਾ ਸੀ। ਉਨ੍ਹਾਂ ਨੇ ਧੂਮ ਦੇ ਕੇ ਕਾਵਿ ਨੂੰ ਆਪਣੀ ਭਾਵਨਾ ਦੇ ਪ੍ਰਗਟਾਵੇ ਲਈ ਅਨੁਕੂਲ ਕਰ ਲਿਆ ਅਤੇ ਬਾਣੀ ਵਿਚੋਂ ਸੁੰਦਰ ਕਵਿਤਾ ਨੂੰ ਵੀ ਜਨਮ ਦੇ ਦਿੱਤਾ।

## ਅਭਿਆਸ ਲਈ ਪ੍ਰਸ਼ਨ

1. ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦੀ ਕਿੰਨੀ ਬਾਣੀ ਦਰਜ ਹੈ, ਉਦਾਹਰਣਾਂ ਸਹਿਤ ਸਪੱਸ਼ਟ ਕਰੋ।
2. ਕਬੀਰ ਆਪਣੀ ਰਚਨਾ ਵਿਚ ਕਿੰਨਾ ਕਾਵਿ-ਰੂਪਾਂ ਦੀ ਵਰਤੋਂ ਕਰਦਾ ਹੈ, ਉਦਾਹਰਣ ਦੇ ਕੇ ਸਪੱਸ਼ਟ ਕਰੋ।
3. ਕਬੀਰ ਦੀ ਕਾਵਿ-ਕਲਾ ਤੇ ਨੋਟ ਲਿਖੋ।

ਪਾਠ ਨੰਬਰ : 1.6

## ਕਬੀਰ ਰਚਨਾ ਦੀ ਭਾਸ਼ਾ

ਸੰਤ ਕਬੀਰ ਦੀ ਭਾਸ਼ਾ ਦਾ ਕੀ ਸਰੂਪ ਸੀ, ਇਸ ਸੰਬੰਧ ਵਿਚ ਬੜੇ ਲੰਮੇ ਸਮੇਂ ਤੋਂ ਵਿਦਵਾਨਾਂ ਵਿਚ ਵਾਦ-ਵਿਵਾਦ ਚਲਦਾ ਆ ਰਿਹਾ ਹੈ। ਇਸ ਸੰਬੰਧ ਵਿਚ ਸ਼ਿਆਮ ਸੁੰਦਰ ਦਾਸ ਨੇ ਸਥਾਪਨਾ ਕੀਤੀ ਹੈ ਕਿ ਕਬੀਰ ਦੀ ਭਾਸ਼ਾ ਵਿਚ ਕੇਵਲ ਸ਼ਬਦ ਹੀ ਵੱਖ-ਵੱਖ ਭਾਸ਼ਾਵਾਂ ਦੇ ਨਹੀਂ, ਸਗੋਂ ਕ੍ਰਿਆਪਦ, ਕਾਰਕ ਚਿੰਨ੍ਹ ਆਦਿ ਵੀ ਕਈਆਂ ਭਾਸ਼ਾਵਾਂ ਦੇ ਹਨ। ਕ੍ਰਿਆਪਦਾਂ ਦੇ ਰੂਪ ਅਧਿਕਤਰ ਬ੍ਰਜ ਭਾਸ਼ਾ ਅਤੇ ਖੜੀ ਬੋਲੀ ਦੇ ਹਨ। ਕਾਰਕ ਚਿੰਨ੍ਹ ਵਿਚੋਂ 'ਕ' 'ਸਨ', 'ਸਾ' ਆਦਿ ਅਵਧੀ ਦੇ ਹਨ 'ਕੌ' ਬ੍ਰਜ ਦਾ ਹੈ ਅਤੇ 'ਥੇ' ਰਾਜਸਥਾਨੀ ਦਾ ਹੈ। ਉਨ੍ਹਾਂ ਨੇ ਖੁਦ ਕਿਹਾ ਹੈ –

ਬੋਲੀ ਹਮਰੀ ਪੂਰਬ ਕੀ, ਹਮੈ ਲਖੈ ਨਹਿ ਕੋਇ।
ਹਮ ਕੋ ਤੈ ਸੋਈ ਲਖੈ, ਜੇ ਧੁਰ ਪੂਰਬ ਕਾ ਹੋਇ।

ਫਿਰ ਵੀ ਖੜੀ ਬੋਲੀ ਬ੍ਰਜ ਭਾਸ਼ਾ, ਰਾਜਸਥਾਨੀ, ਪੰਜਾਬੀ, ਅਰਬੀ, ਫ਼ਾਰਸੀ ਆਦਿ ਅਨੇਕ ਭਾਸ਼ਾਵਾਂ ਦਾ ਰੰਗ ਉਨ੍ਹਾਂ ਦੀਆਂ ਉਕਤੀਆਂ ਉਪਰ ਚੜ੍ਹਿਆ ਹੋਇਆ ਹੈ। 'ਪੂਰਬੀ' ਤੋਂ ਉਨ੍ਹਾਂ ਦਾ ਕੀ ਭਾਵ ਹੈ, ਇਸ ਬਾਰੇ ਹੁਣ ਕੁਝ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਦਾ ਬਨਾਰਸ ਵਿਚ ਰਹਿਣਾ ਸੰਕੇਤ ਕਰਦਾ ਹੈ ਕਿ ਉਨ੍ਹਾਂ ਦੀ ਰਚਨਾ ਵਿਚ ਅਵਧੀ ਦਾ ਅੰਸ਼ ਹੈ, ਪਰੰਤੂ ਉਨ੍ਹਾਂ ਦੀ ਰਚਨਾ ਵਿਚ ਬਿਹਾਰੀ ਭਾਸ਼ਾ ਦਾ ਰੰਗ ਵੀ ਹੈ। ਜਿੱਥੋਂ ਤੱਕ ਉਨ੍ਹਾਂ ਦੇ ਮਗਹਰ ਵਿਚ ਦੇਹਾਂਤ ਦਾ ਸੰਬੰਧ ਹੈ, ਉਨ੍ਹਾਂ ਦੇ ਮਗਹਰ ਵਿਚ ਰਚੇ ਪਦਿਆਂ ਵਿਚ ਮੈਥਿਲੀ ਭਾਸ਼ਾ ਦਾ ਪ੍ਰਭਾਵ ਵੀ ਹੈ ਜੇ 'ਬੋਲੀ' ਦਾ ਅਰਥ ਮਾਤ੍ਰ-ਭਾਸ਼ਾ ਲਈਏ ਅਤੇ 'ਪੂਰਬੀ' ਦਾ ਅਰਥ ਬਿਹਾਰੀ ਲਈਏ ਤਾਂ ਦੋਹਾਂ ਦੀ ਆਪਸ ਵਿਚ ਕੋਈ ਸਮਾਨਤਾ ਨਹੀਂ ਬੈਠਦੀ। ਉਨ੍ਹਾਂ ਦਾ ਆਪਣਾ ਅਰਥ ਕੁਝ ਵੀ ਹੋਵੇ, ਪਰੰਤੂ ਉਨ੍ਹਾਂ ਦੀ ਬਾਣੀ ਵਿਚ ਅਵਧੀ ਅਤੇ ਬਿਹਾਰੀ ਦੋਵੇ ਭਾਸ਼ਾਵਾਂ ਮਿਲਦੀਆਂ ਹਨ।

ਕਈ ਵਿਦਵਾਨਾਂ ਨੇ ਕਬੀਰ ਜੀ ਦੀ ਉਪਰੋਕਤ ਸਾਖੀ ਦਾ ਵਿਵੇਚਨ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇਸ ਸਾਖੀ ਦਾ ਅਰਥ ਉਹੀ ਕੁਝ ਨਹੀਂ ਜੋ ਅਭਿਧਾ ਸ਼ਕਤੀ ਰਾਹੀਂ ਸਪਸ਼ਟ ਹੁੰਦਾ ਹੈ, ਸਗੋਂ ਇਸ ਤੋਂ ਭਿੰਨ ਇਸ ਦੇ ਅੰਤਰੀਵ ਅਰਥ ਵੀ ਹਨ, ਜਿਨ੍ਹਾਂ ਨੂੰ ਅਸੀ ਅਧਿਆਤਮਿਕ ਸੰਕੇਤ ਵੀ ਕਹਿ ਸਕਦੇ ਹਾਂ। ਅਸਲ ਵਿਚ ਕਬੀਰ ਜੀ ਨੇ ਇੱਥੇ ਆਪਣੇ ਅਧਿਆਤਮਿਕ ਅਨੁਭਵ ਵਿਸ਼ੇਸ਼ ਕਹਿ ਕੇ ਇਸ ਦੀ ਭਾਸ਼ਾ ਨੂੰ ਪੂਰਬੀ (ਧੁਰ ਦਰਗਾਹ ਦੀ) ਕਿਹਾ ਹੈ ਅਤੇ ਇਹ ਸੰਕੇਤ ਵੀ ਕੀਤਾ ਹੈ ਇਸ ਰਹੱਸਵਾਦੀ ਅਨੁਭਵ ਨੂੰ ਸਮਝਣ ਦਾ ਉਹੀ ਅਧਿਕਾਰੀ ਹੈ ਜੋ ਧੁਰ ਪੂਰਬ ਦਾ ਹੋਵੇਗਾ, ਅਰਥਾਤ ਜਿਸ ਨੂੰ ਉਸੇ ਪੱਧਰ ਦਾ ਅਧਿਆਤਮਿਕ ਅਨੁਭਵ ਹੋਵੇਗਾ ਜੋ ਕਬੀਰ ਜੀ ਨੂੰ ਸੀ। ਇਸ ਲਈ ਅਭਿਧਾ ਸ਼ਕਤੀ ਰਾਹੀਂ ਉਪਰੋਕਤ ਸਾਖੀ ਦਾ ਅਰਥ ਕਰਨ ਕਰਕੇ ਵਿਦਵਾਨਾਂ ਨੇ ਕਈ ਪ੍ਰਕਾਰ ਦੇ ਅਨੁਮਾਨ ਲਗਾਏ ਹਨ ਅਤੇ ਚੂੰਕਿ ਕਬੀਰ ਜੀ ਦੀ ਰਿਹਾਇਸ਼ ਦਾ ਸੰਬੰਧ ਭਾਰਤ ਦੀ ਪੂਰਬ ਦਿਸ਼ਾ ਵਲ ਸੀ, ਇਸ ਲਈ ਉਨ੍ਹਾਂ ਦੀ ਭਾਸ਼ਾ ਨੂੰ ਪੂਰਬ ਦਾ ਕਹਿ ਦੇਣ ਵਿਚ ਵੀ ਕੋਈ ਤੱਥ ਨਾ ਆਣ ਲਗ ਪਿਆ।

ਆਚਾਰਯ ਰਾਮ ਚੰਦ੍ਰ ਸ਼ੁਕਲ ਨੇ ਆਪਣੀ ਪੁਸਤਕ 'ਹਿੰਦੀ ਸਾਹਿਤਯ ਕਾ ਇਤਿਹਾਸ' ਵਿਚ ਲਿਖਿਆ ਹੈ ਕਿ ਸਾਖੀਆ ਦੀ ਭਾਸ਼ਾ ਸਾਧੁਕੜੀ ਹੈ। ਅਰਥਾਤ ਰਾਜਸਥਾਨੀ ਅਤੇ ਪੰਜਾਬੀ ਮਿਲੀ ਹੋਈ ਖੜੀ ਬੋਲੀ ਹੈ ਪਰ ਰਮੈਨੀ, ਸ਼ਬਦ ਆਦਿ ਦੇ ਗਾਏ ਜਾਣ ਕਰਕੇ ਇਸ ਬਾਣੀ ਦੀ ਭਾਸ਼ਾ ਬ੍ਰਜ ਹੈ ਅਤੇ ਕਿਤੇ ਕਿਤੇ ਪੂਰਬੀ ਭਾਸ਼ਾ ਦੀ ਵਰਤੋਂ ਹੋਈ ਹੈ।

'ਸਾਧੁਕੜੀ' ਨੂੰ ਸਪਸ਼ਟ ਕਰਦਿਆਂ ਸ਼ੁਕਲ ਜੀ ਦੀ ਸਥਾਪਨਾ ਹੈ ਕਿ ਨਾਥ ਪੰਥ ਦਾ ਪ੍ਰਚਾਰ ਰਾਜਪੂਤਾਂ ਨੇ ਅਤੇ ਪੰਜਾਬ ਵਿਚ ਅਧਿਕ ਰਿਹਾ ਹੈ। ਇਸ ਲਈ ਜਦ ਨਾਥ ਮਤ ਦੇ ਪ੍ਰਚਾਰ ਲਈ ਇਸ ਪੰਥ ਵਿਚ ਭਾਸ਼ਾ ਵਿਚ ਵੀ ਗ੍ਰੰਥ ਲਿਖੇ ਗਏ, ਤਾਂ ਇਧਰੋਂ ਦੀ ਪ੍ਰਚਲਿਤ ਭਾਸ਼ਾ ਦੀ ਵਰਤੋਂ ਵੀ ਕੀਤੀ ਗਈ। ਮੁਸਲਮਾਨਾਂ ਦੇ ਸੰਪਰਕ ਵਿਚ ਆਣ ਕਾਰਨ ਉਨਾਂ ਦੀਆਂ ਭਾਸ਼ਾਵਾਂ ਦਾ ਵੀ ਪ੍ਰਭਾਵ ਪੈਂਦਾ ਰਿਹਾ। ਇਸ ਤਰ੍ਹਾਂ ਨਾਥ ਪੰਥ ਦੇ ਯੋਗੀਆਂ ਨੇ ਪਰੰਪਰਾਗਤ ਸਾਹਿਤ ਦੀ ਭਾਸ਼ਾ ਜਾਂ ਕਾਵਿ ਭਾਸ਼ਾ ਤੋਂ ਵੱਖ ਇਕ ਸਾਧੁਕੜੀ ਭਾਸ਼ਾ ਦਾ ਸਹਾਰਾ ਲਿਆ ਜਿਸ ਦਾ ਢਾਂਚਾ ਖੜੀ ਦੀ ਪੁਟ ਸਾਹਿਤ ਰਾਜਸਥਾਨੀ ਸੀ।

ਡਾ. ਵਿਦਿਆ ਭਾਸਕਰ ਅਰੁਣ ਦਾ ਮਤ ਹੈ ਕਿ ਕਬੀਰ ਦੇ ਦੋਹਰਿਆਂ ਜਾਂ ਸਾਖੀਆਂ ਵਿਚ ਅਨੇਕ ਭਾਸ਼ਾਵਾਂ ਦਾ ਮਿਸ਼ਰਣ ਹੈ, ਉਹ ਉਸ ਦੇ ਸਾਧੁਕੜੀ ਹੋਣ ਕਰਕੇ ਨਹੀਂ, ਸਗੋਂ ਲੋਕਾਂ ਦੀ ਆਮ ਭਾਸ਼ਾ ਦੇ ਨਾਲ ਸੰਬੰਧ ਹੋਣ ਕਰਕੇ ਹੈ। ਇਸ ਭਾਸ਼ਾ ਦਾ ਢਾਂਚਾ ਨਿਰਸੰਦੇਹ ਪੰਜਾਬੀ ਅਤੇ ਰਾਜਸਥਾਨੀ ਨਾਲ ਲਬਰੇ ਖੜੀ ਬੋਲੀ ਦਾ ਹੈ ਅਤੇ ਇਸ ਦ੍ਰਿਸ਼ਟੀ ਤੋਂ ਉਹ ਮੁਸਲਮਾਨਾਂ ਦੀ ਹਿੰਦੀ ਭਾਸ਼ਾ ਨਾਲ ਬਹੁਤ ਮਿਲਦੀ ਜੁਲਦੀ ਹੈ। ਇਸੇ ਤਰ੍ਹਾਂ ਰਮੈਨੀ ਅਤੇ ਸ਼ਬਦਾਂ ਲਈ ਬ੍ਰਜ ਭਾਸ਼ਾ ਦੀ ਵਰਤੋਂ ਇਸ ਦੇ ਕਾਵਿ ਭਾਸ਼ਾ ਹੋਣ ਕਾਰਨ ਨਹੀਂ,

ਸਗੋਂ ਪ੍ਰਚਲਿਤ ਲੋਕ-ਗੀਤਾਂ ਦੇ ਸੰਪਰਕ ਕਰਕੇ ਹੈ। ਅਸਲ ਵਿਚ ਕਬੀਰ ਦੀ ਭਾਸ਼ਾ ਲੋਕ-ਭਾਸ਼ਾ ਹੀ ਹੈ ਅਤੇ ਲੋਕ ਭਾਸ਼ਾ ਦੀ ਸ਼ਕਤੀ ਪਛਾਣਦੇ ਹੋਏ ਵੀ ਉਨ੍ਹਾਂ ਨੇ ਉਸ ਰੂੜ੍ਹੀਵਾਦ ਯੁਗ ਵਿਚ ਬੜੀ ਕ੍ਰਾਂਤੀਕਾਰੀ ਗੱਲ ਕਹੀ ਹੈ – 'ਸੰਸਕ੍ਰਿਤ ਹੈ ਕੂਪ ਜਲ ਭਾਖਾ ਬਹੁਤਾ ਨੀਰ।'

ਇਥੇ ਇਕ ਹੋਰ ਗੱਲ ਵਿਚਾਰਨ ਦੀ ਹੈ ਕਿ ਕੁਝ ਵਿਦਵਾਨਾਂ ਨੇ ਇਹ ਸਥਾਪਨਾ ਕੀਤੀ ਹੈ ਕਿ ਕਬੀਰ ਦੀ ਭਾਸ਼ਾ ਵਿਚ ਸਾਹਿਤਕ ਕੋਮਲਤਾ ਜਾਂ ਪ੍ਰਸਾਦ ਗੁਣ ਦਾ ਅਭਾਵ ਹੈ, ਅਖੜਪੁਣੇ ਅਤੇ ਗੰਵਾਰੂਪਣੇ ਕਰਕੇ ਉਸ ਵਿਚ ਸੁਹਪੱਣ ਨਹੀਂ ਹੈ। ਅਸਲ ਵਿਚ ਅਜਿਹੀ ਆਲੋਚਨਾ ਕਰਨ ਵਾਲੇ ਭੁੱਲ ਜਾਂਦੇ ਹਨ ਕਿ ਅਨਪੜ੍ਹ ਕਬੀਰ ਜੀ ਜਨ ਸਾਧਾਰਨ ਦੀ ਭਾਸ਼ਾ ਵਿਚ ਲਿਖ ਰਹੇ ਸਨ ਅਤੇ ਉਸ ਦੀ ਭਾਸ਼ਾ ਵਿਚ ਇਕ ਸਾਹਿਤਿਕ ਭਾਸ਼ਾ ਦੀ ਸੁੰਦਰਤਾ ਜਾਂ ਕੋਮਲਤਾ ਨੂੰ ਨਾ ਲਭ ਕੇ ਉਸ ਦੇ ਸਹਿਜੇ ਅਤੇ ਲੌਕਿਕ ਰੂਪ ਨੂੰ ਵੇਖਣਾ ਹੀ ਨਿਆਇ-ਸੰਗਤ ਹੋਵੇਗਾ। ਇਸ ਤੋਂ ਇਲਾਵਾ ਕਿਸੇ ਕਵੀ ਦੀ ਭਾਸ਼ਾ ਦੇ ਸੰਬੰਧ ਵਿਚ ਸਭ ਨਾਲੋਂ ਜ਼ਿਆਦਾ ਸੋਧ ਦੇਣ ਵਾਲੀ ਗੱਲ ਇਹ ਹੁੰਦੀ ਹੈ ਕਿ ਉਸ ਦੇ ਭਾਵਾਂ ਨੂੰ ਕਿਸ ਸ਼ਕਤੀ ਨਾਲ ਪ੍ਰਗਟ ਕਰਦੀ ਹੈ ਅਤੇ ਉਸਦਾ ਸਰੋਤਿਆਂ ਉਤੇ ਕਿਤਨਾ ਪ੍ਰਭਾਵ ਪੈਂਦਾ ਹੈ।

ਸੱਚ ਤਾਂ ਇਹ ਹੈ ਕਿ ਸੰਤ ਕਬੀਰ ਦੀ ਅਭਿਵਿਅਕਤੀ ਦਾ ਸਭ ਨਾਲੋਂ ਵਧੇਰੇ ਜ਼ੋਰਦਾਰ ਸਾਧਨ ਉਨ੍ਹਾਂ ਦੀ ਭਾਸ਼ਾ ਹੀ ਹੈ ਕਿਉਂਕਿ ਉਨ੍ਹਾਂ ਨੇ ਜੋ ਕੁਝ ਕਹਿਣਾ ਚਾਹਿਆ, ਉਸ ਲਈ ਉਨ੍ਹਾਂ ਨੂੰ ਭਾਸ਼ਾ ਨੂੰ ਪੂਰਾ ਸਹਿਯੋਗ ਦਿੱਤਾ। ਇਸ ਸੰਬੰਧ ਵਿਚ ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦੀ ਸਥਾਪਨਾ ਬੜੀ ਅਰਥ ਪੂਰਨ ਹੈ ਕਿ ਭਾਸ਼ਾ ਉਤੇ ਕਬੀਰ ਦਾ ਜ਼ਬਰਦਸਤ ਅਧਿਕਾਰ ਸੀ। ਉਹ ਬਾਣੀ ਦੇ ਡਿਕਟੇਟਰ ਸਨ। ਜਿਸ ਗੱਲ ਨੂੰ ਉਨ੍ਹਾਂ ਨੇ ਜਿਸ ਰੂਪ ਵਿਚ ਕਹਿਣਾ ਚਾਹਿਆ, ਉਸ ਨੂੰ ਉਸੇ ਰੂਪ ਵਿਚ ਭਾਸ਼ਾ ਤੋਂ ਅਖਵਾ ਦਿੱਤਾ। ਹੋ ਸਕਿਆ ਤਾਂ, ਸਿੱਧੇ ਸਿਧੇ ਨਹੀਂ ਤਾਂ ਰਗੜਾ ਦੇ ਕੇ। ਭਾਸ਼ਾ ਕਬੀਰ ਦੇ ਸਾਹਮਣੇ ਲਾਚਾਰ ਜਿਹੀ ਨਜ਼ਰ ਆਉਂਦੀ ਹੈ। ਉਸ ਵਿਚ ਮਾਨੋ ਅਜਿਹੀ ਹਿੰਮਤ ਨਹੀਂ ਹੈ ਕਿ ਇਸ ਬੇਪਰਵਾਹ ਫੱਕੜ ਦੀ ਕਿਸੇ ਫਰਮਾਇਸ਼ ਨੂੰ ਨਾਂਹ ਕਰ ਸਕੇ ਅਤੇ ਅਕਹਿ ਕਹਾਣੀ ਨੂੰ ਰੂਪ ਦੇ ਕੇ ਮਨੋਗ੍ਰਾਹੀ ਬਣਾ ਦੇਣ ਦੀ ਜਿਹੋ ਜਿਹੀ ਤਾਕਤ ਕਬੀਰ ਦੀ ਭਾਸ਼ਾ ਵਿਚ ਹੈ, ਉਹੋ ਜਿਹੀ ਬਹੁਤ ਘੱਟ ਲੇਖਕਾਂ ਵਿਚ ਮਿਲਦੀ ਹੈ।

ਕਬੀਰ ਜੀ ਦੀ ਰਚਨਾ ਦਾ ਸ਼ਬਦ-ਕੋਸ਼ ਬਹੁਤ ਅਮੀਰ ਹੈ। ਉਨ੍ਹਾਂ ਨੇ ਕਿਸੇ ਇਕ ਭਾਸ਼ਾ ਦੀ ਵਰਤੋਂ ਨਹੀਂ ਕੀਤੀ। ਉਹ ਇਕ ਘੁਮੱਕੜ ਸੰਤ ਸਨ ਅਤੇ ਅਨੇਕ ਇਲਾਕਿਆਂ ਦੇ ਜਿਗਿਆਸੂਆਂ ਦੇ ਸੰਪਰਕ ਵਿਚ ਆਉਂਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਅਵਧੀ, ਭੋਜਪੁਰੀ, ਬ੍ਰਜ, ਮਾਰਵਾੜੀ, ਪੰਜਾਬੀ, ਅਰਬੀ, ਫਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਮਿਲ ਜਾਂਦੀ ਹੈ। ਪ੍ਰਸਤੁਤ ਪ੍ਰਸੰਗ ਵਿਚ ਉਨ੍ਹਾਂ ਦੀ ਭਾਸ਼ਾ ਦਾ ਪੰਜਾਬੀਪਨ ਵਿਚਾਰਨਯੋਗ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਦਾ ਮਤ ਹੈ ਕਿ ਕਬੀਰ ਆਪਣੀਆਂ ਅਧਿਆਤਮਿਕ ਯਾਤ੍ਰਾਵਾਂ ਦੌਰਾਨ ਪੰਜਾਬ ਵਿਚ ਜ਼ਰੂਰ ਠਹਿਰੇ ਹੋਣਗੇ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਬਾਣੀ ਉਤੇ ਪੰਜਾਬੀ ਰੰਗ ਚੜ੍ਹ ਗਿਆ ਹੈ।

ਕਬੀਰ ਦੀ ਭਾਸ਼ਾ ਦੇ ਮਿੱਸੇ (ਮਿਸ਼ਰਿਤ) ਰੂਪ ਨੂੰ ਵੇਖ ਕੇ ਕਿਹਾ ਜਾ ਸਕਦਾ ਹੈ ਉਹ ਪੂਰੀ ਤਰ੍ਹਾਂ ਸਾਧੁਕੜੀ ਹੈ, ਬਿਲਕੁਲ ਸਰਲ ਅਤੇ ਸਿਧੀ ਸਾਧੀ, ਪਰੰਤੂ ਸੰਕੇਤਾਤਮਕ, ਪ੍ਰਤੀਕਾਤਮਕ ਅਤੇ ਪਰਿਭਾਸ਼ਿਤ ਵੀ ਹੈ। ਇਸ ਦਾ ਮੁੱਖ ਕਾਰਨ ਇਹੀ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਯੋਗ ਸਾਧਨਾਂ ਅਤੇ ਰਹੱਸਵਾਦੀ ਅਨੁਭੂਤੀ ਦਾ ਵਿਸਤਾਰ ਸਹਿਤ ਚਿਤ੍ਰਣ ਹੋਇਆ ਹੈ। ਇਸੇ ਕਰਕੇ ਕਿਤੇ ਕਿਤੇ ਕੋਈ ਸ਼ਬਦ ਦੁਰਬੋਧ ਹੋ ਗਿਆ ਹੈ। ਕਈ ਸ਼ਬਦ ਵਿਗੜੇ ਹੋਏ ਰੂਪ ਵਿਚ ਵੀ ਸਾਹਮਣੇ ਆਏ ਹਨ ਪਰੰਤੂ ਇਹ ਦੋਸ਼ ਨਹੀਂ, ਸਗੋਂ ਵਰਣਿਤ ਵਿਸ਼ੇ ਦੀ ਵਿਸ਼ੇਸ਼ਤਾ ਹੈ। ਕਬੀਰ ਜੀ ਦੀ ਭਾਸ਼ਾ ਦਾ ਸਰੂਪ ਵਿਸ਼ੇ, ਵਿਅਕਤੀ ਅਤੇ ਭਾਵ ਦੇ ਅਨੁਕੂਲ ਹੈ। ਇਸ ਦਾ ਕੁਝ ਅਧਿਕ ਵਿਸ਼ਲੇਸ਼ਣ ਕਰ ਲੈਣਾ ਉਚਿਤ ਹੋਵੇਗਾ।

ਜਦੋਂ ਕਬੀਰ ਜੀ ਸਾਧਕ ਨੂੰ ਯੋਗ ਦੇ ਸਹੀ ਸਰੂਪ ਤੋਂ ਜਾਣੂ ਕਰਾਉਣਾ ਚਾਹੁੰਦੇ ਹਨ, ਤਾਂ ਵਿਸ਼ੇ ਦੇ ਅਨੁਰੂਪ ਭਾਸ਼ਾ ਦੀ ਵਰਤੋਂ ਕਰਦੇ ਹਨ, ਜਿਵੇਂ

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ।
ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੇ ਕਰੀਆ । ੧ ।
ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ।
ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ। ੧ । ਰਹਾਉ।
ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰਧਰਿਆ।
ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁਫਰਿਆ। ੨ ।
ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ।
ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ । ੨ । (970)

ਇਥੇ ਯੋਗ ਸਾਧਨਾਂ ਦੇ ਵਿਸ਼ੇ ਨੂੰ ਢੁਕਵੀਂ, ਪਰੰਤੂ ਪ੍ਰਤੀਕਾਤਮਕ ਅਤੇ ਪਰਿਭਾਸ਼ਿਕ ਸ਼ਬਦਾਵਲੀ ਵਿਚ ਬਹੁਤ ਸੁੰਦਰ ਢੰਗ ਨਾਲ ਅਭਿਵਿਅਕਤ ਕੀਤਾ ਗਿਆ ਹੈ। ਇੱਥੇ ਜਿਗਿਆਸੂ ਰੂਪੀ ਇਕ ਭੰਵਰੇ ਨੇ ਹਰਿਨਾਮ ਰੂਪੀ ਪੁਸ਼ਪ-ਰਸ ਵਿਚ ਮਗਨ ਹੋ ਕੇ ਪ੍ਰਾਣਾਯਾਮ ਦੁਆਰਾ ਪ੍ਰਾਣ-ਵਾਯੂ ਨੂੰ ਆਪਣੇ ਹਿਰਦੇ ਸਥਿਤ 12 ਦਲਾਂ ਵਾਲੇ ਅਨਾਹਤ-ਚਕ੍ਰ ਤੱਕ ਖਿਚਿਆ। ਤਦ ਉਪਰੰਤ ਉਹ ਭੰਵਰਾ ਕਮਲ ਸਥਿਤ 16 ਦਲਾਂ ਵਾਲੇ ਵਿਸ਼ੁੱਧ-ਚਕ੍ਰ ਵਿਚ ਪ੍ਰਾਣ-ਵਾਯੂ ਦੁਆਰਾ ਝਕਝੋਰੇ ਜਾ;ਣ ਤੇ ਦਸਮ-ਦੁਆਰ ਵਿਚ ਜਾ ਕੇ ਫੜਫੜਾਇਆ। ਫੜਫੜਾਹਟ

ਰੂਪੀ ਵਿਸਫੋਟ ਤੋਂ ਬ੍ਰਹਮ ਗਿਆਨ ਰੂਪੀ ਇਕ ਰੁੱਖ ਪੈਦਾ ਹੋਇਆ ਜਿਸ ਨਾਲ ਮਾਯਾਵੀ ਜਲ ਸੁਕ ਗਿਆ। ਕਬੀਰ ਜੀ ਕਹਿੰਦੇ ਹਨ ਕਿ ਮੈਂ ਉਸ ਜਿਗਿਆਸੂ ਦਾ ਦਾਸ ਹਾਂ ਜਿਸ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਗਈ ਹੈ।

ਵਿਅਕਤੀ ਅਨੁਰੂਪ ਭਾਸ਼ਾ ਜਾਂ ਪ੍ਰਸੰਗ ਦੇ ਅਨੁਸਾਰੀ ਭਾਸ਼ਾ ਲਈ ਹੇਠ ਲਿਖਿਆ ਸ਼ਬਦ ਵੇਖਣਯੋਗ ਹੈ –

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨਾ ਜਾਇ।
ਟੁਕ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ। ੨ ।
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰ ਪਰੇਸ਼ਾਨੀ ਮਾਹਿ।
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ। ੧ ।ਰਹਾਉ।
ਦਰੋਗੁ ਪੜਿ ਪੜਿ ਹੈਸ਼ੀ ਹੋਈ ਬੇਖਬਰ ਬਾਦੂ ਬਕਾਹਿ।
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ, ਮੂਰਤਿ ਨਾਹਿ । ੨ ।
ਅਸਮਾਨ ਮ੍ਹਿਨੇ ਲਹੰਗ ਦਰੀਆ ਗੁਸਲ ਕਰਦਨ ਬੂਦ।
ਕਰਿ ਫਕਰ ਕਾਇਮ ਲਾਇ ਰਸਮੇ ਜਹ ਤਹਾ ਮਉਜੂਦ। ੩ ।
ਅਲਾਹ ਪਾਕੇ ਪਾਕ ਹੈ ਸਕ ਕਰਉ ਜੇ ਦੂਸਰਿ ਹੋਇ।
ਕਬੀਰ ਕਰਮ ਕਰੀਮ ਕਾ ਉਹ ਕਰੈ ਜਾਨੈ ਸੋਇ । ੪ । (727)

ਇਥੇ ਧਰਮ ਪੁਸਤਕਾਂ ਵਿਚ ਦਰਸਾਏ ਕਰਮ-ਕਾਂਡਾਂ ਅਥਵਾ ਅਨੁਸ਼ਠਾਨਾਂ ਦੀ ਨਿਰਾਰਥਕਤਾ ਨੂੰ ਮਨ ਦੀ ਇਕਾਗ੍ਰਤਾ ਦੇ ਮੁਕਾਬਲੇ ਤੇ ਸਪਸ਼ਟ ਕੀਤਾ ਗਿਆ ਹੈ। ਪਰਮਾਤਮਾ ਦੀ ਸਹੀ ਖੋਜ ਤਾਂ ਅੰਦਰ ਦੀ ਪਛਾਣ ਹੈ। ਇਸ ਤੋਂ ਭਿੰਨ ਸਾਰੇ ਯਤਨ ਵਿਅਰਥ ਹਨ ਕਿਉਂਕਿ ਸਿਵਾਏ ਸੱਚੇ ਨਾਮ ਦੇ ਇਸ ਸੰਸਾਰ ਵਿਚ ਕੋਈ ਵੀ ਸਰਪ੍ਰਸਤ ਨਹੀਂ ਹੈ। ਧਰਮ ਪੁਸਤਕਾਂ ਪੜ੍ਹ ਕੇ ਵਿਅਰਥ ਦਾ ਵਾਦ-ਵਿਵਾਦ ਵਧਦਾ ਹੈ। ਦਸਮ ਦੁਆਰ ਰੂਪੀ ਦਰਿਆ ਲਭ ਕੇ ਉਸ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ। ਸਦਾ ਗਿਆਨ ਅਤੇ ਵਿਵੇਕ ਦਾ ਚਸ਼ਮਾ ਲਗਾਕੇ ਉਸ ਪਰਮ-ਸੱਤਾ ਨੂੰ ਹਰ ਥਾਂ ਮੌਜੂਦ ਵੇਖਣਾ ਚਾਹੀਦਾ ਹੈ। ਪਰਮਾਤਮਾ ਪਵਿਤਰ ਤੋਂ ਪਵਿਤਰ ਹੈ। ਸ਼ੱਕ ਤਾਂ ਤਦ ਕਰੀਏ ਜੇ ਉਸ ਤੋਂ ਭਿੰਨ ਕੋਈ ਹੋਰ ਹੋਏ। ਕਬੀਰ ਜੀ ਅਨੁਸਾਰ ਉਹੀ ਕ੍ਰਿਪਾ ਕਰਨ ਵਾਲਾ ਹੈ ਅਤੇ ਕ੍ਰਿਪਾ ਕਰਨ ਦਾ ਭੇਦ ਵੀ ਉਹੀ ਜਾਣਦਾ ਹੈ। ਇਥੇ ਯੋਗਿਕ ਸਾਧਨਾਂ ਨੂੰ ਅਰਬੀ ਫਾਰਸੀ ਦੇ ਸ਼ਬਦਾਂ ਰਾਹੀਂ ਸਮਝਾ ਕੇ ਮੁਸਲਮਾਨਾਂ ਦੇ ਗ੍ਰਹਿਣ ਕਰਨ ਯੋਗ ਬਣਾਇਆ ਗਿਆ ਹੈ। ਇਥੇ ਵਿਦੇਸ਼ੀ ਸ਼ਬਦਾਵਲੀ ਪ੍ਰਯੋਜਨ ਸਹਿਤ ਹੈ। ਇੱਥੇ ਇਹ ਵੀ ਸਪੱਸ਼ਟ ਹੈ ਕਿ ਉਦੋਂ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਦੇਸ਼ੀ ਭਾਸ਼ਾ ਵਿਚ ਪ੍ਰਵੇਸ਼ ਕਰ ਚੁਕੇ ਸਨ।

ਸੰਤ ਕਬੀਰ ਜੀ ਨੇ ਭਾਵ ਅਨੁਸਾਰ ਵੀ ਸ਼ਬਦਾਵਲੀ ਨੂੰ ਵਰਤਿਆ ਹੈ। ਭਗਤੀ ਸਾਧਨਾਂ ਨੂੰ ਸੰਪੰਨ ਕਰਨ ਲਈ ਹੇਠਲੇ ਸ਼ਬਦ ਵਿਚ ਕਿਤਨੇ ਸਰਲ ਢੰਗ ਨਾਲ ਭਾਵ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ –

ਰਾਮ ਜਪਉ ਜੀਅ ਐਸੇ ਐਸੇ।
ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ । ੧ ।
ਦੀਨ ਦਇਆਲ ਭਰੋਸੇ ਤੇਰੇ।
ਸਭੁ ਪਰਵਾਰੁ ਚੜਾਇਆ ਬੇੜੇ। ੧ । ਰਹਾਉ।
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ।
ਇਸ ਬੇੜੇ ਕਉ ਪਾਰ ਲਘਾਵੈ । ੨ ।
ਗੁਰ ਪਰਸਾਦਿ ਐਸੀ ਬੁਧਿ ਸਮਾਨੀ।
ਚੂਕਿ ਗਈ ਫਿਰਿ ਆਵਨਿ ਜਾਨੀ । ੩ ।
ਕਹੁ ਕਬੀਰ ਭਜੁ ਸਾਰਿਗੁ ਪਾਨੀ।
ਉਰਵਾਰਿ ਪਾਰਿ ਸਭ ਏਕੋ ਦਾਨੀ। ੪ । (337)

ਇਸ ਸ਼ਬਦ ਵਿੱਚ ਧਰੂ ਪ੍ਰਹਿਲਾਦ ਦੀ ਭਗਤੀ ਦਾ ਉਦਾਹਰਣ ਦੇ ਕੇ ਪਰਮਾਤਮਾ ਦੀ ਕਿਰਪਾ ਉਤੇ ਭਰੋਸਾ ਰੱਖਿਆ ਗਿਆ ਹੈ। ਇਥੇ ਹੁਕਮ ਦੇ ਮਹੱਤਵ ਗੁਰੂ ਦੇ ਪ੍ਰਸਾਦ ਦੀ ਗੱਲ ਕਹਿ ਕੇ ਭਵਸਾਗਰ ਤੋਂ ਤਰਨ ਵਿਚ ਹਰਿ ਨਾਮ ਦੀ ਸਹਾਇਤਾ ਦੇ ਮਹੱਤਵ ਨੂੰ ਸਥਾਪਤ ਕੀਤਾ ਗਿਆ ਹੈ।

ਕਬੀਰ ਜੀ ਦੀ ਭਾਸ਼ਾ ਵਿਚ ਤਰਕ ਦੀ ਵੀ ਪ੍ਰਧਾਨਤਾ ਹੈ। ਕਿਸੇ ਗੱਲ ਨੂੰ ਦ੍ਰਿੜ ਕਰਨ ਲਈ ਤਰਕ-ਪ੍ਰਧਾਨ ਸ਼ਬਦਾਵਲੀ ਦੀ ਵਰਤੋਂ ਬਹੁਤ ਉਪਯੋਗੀ ਰਹਿੰਦੀ ਹੈ। ਗਉੜੀ ਰਾਗ ਦਾ ਹੇਠ ਲਿਖਿਆ ਸ਼ਬਦ ਵਿਚਾਰਨਯੋਗ ਹੈ –

ਨਗਨ ਫਿਰਤ ਜੌ ਪਾਈਐ ਜੋਗੁ।
ਬਨ ਕਾ ਮਿਰਗੁ ਮੁਕਤਿ ਸਭੁ ਹੋਗ। ੧ ।

ਕਿਆ ਨਾਗੇ ਕਿਆ ਬਾਧੇ ਚਾਮ।
ਜਬ ਨਹੀਂ ਚੀਨਸਿ ਆਤਮ ਰਾਮ । ੧ । ਰਹਾਉ।
ਮੂਡ ਮੰਡਾਏ ਜੌ ਸਿਧਿ ਪਾਈ।
ਮੁਕਤੀ ਭੇਡ ਨ ਗਈਆ ਕਾਈ । ੨ ।
ਬਿੰਦੁ ਰਾਖਿ ਜੌ ਤਰੀਐ ਭਾਈ।
ਖੁਸਰੈ ਕਉ ਨ ਪਰਮ ਗਤਿ ਪਾਈ । ੩ ।
ਕਹੁ ਕਬੀਰ ਸੁਨਹੁ ਨਰ ਭਾਈ।
ਰਾਮ ਨਾਮ ਬਿਨੁ ਕਿਸਿ ਗਤਿ ਪਾਈ । ੪ । (324)

ਇਥੇ ਕਬੀਰ ਜੀ ਸੰਸਾਰਕ ਪ੍ਰਪੰਚ ਤੋਂ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਰਾਮ ਨਾਮ ਦੱਸਦੇ ਹੋਇਆਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਇਸ ਤੋਂ ਭਿੰਨ ਕਿਸੇ ਪ੍ਰਕਾਰ ਦੀ ਸਾਧਨਾਂ ਰਾਹੀਂ ਪ੍ਰਭੂ ਦੀ ਪ੍ਰਾਪਤੀ ਅਸੰਭਵ ਹੈ। ਇਥੇ ਉਨ੍ਹਾਂ ਨੇ ਨਾਂਗੇ ਸਾਧੂਆਂ ਤੇ ਚੋਟ ਕੀਤੀ ਹੈ। ਜੇ ਨੰਗੇ ਰਹਿਣ ਨਾਲ ਯੋਗ ਵਿਚ ਸਿੱਧੀ ਪ੍ਰਾਪਤ ਕੀਤੀ ਜਾ ਸਕਦੀ ਹੁੰਦੀ, ਤਾਂ ਸਾਰੇ ਪਸ਼ੂ ਕਿਉਂ ਮੁਕਤ ਨਹੀਂ ਹੋ ਸਕੇ । ਜੇ ਸਿਰ ਮੂੰਹ ਮੁੰਨਾਇਆ ਸਿੱਧੀ ਹਾਸਲ ਹੋ ਸਕਦੀ ਹੈ ਤਾਂ ਭੇਡ ਸਦਾ ਮੁੰਨੀ ਜਾਂਦੀ ਰਹੀ ਹੈ, ਪਰੰਤੂ ਉਹ ਮੁਕਤ ਨਹੀਂ ਹੋਈ। ਜੇ ਯੋਗੀ ਬਿੰਦ ਦੀ ਰਖਿਆ ਇਸ ਲਈ ਕਰਦਾ ਹੈ ਕਿ ਇਸ ਨਾਲ ਪਰਮ-ਗਤਿ ਦੀ ਪ੍ਰਾਪਤੀ ਹੋ ਜਾਵੇਗੀ, ਤਾਂ ਹੁਣ ਤਕ ਸਭ ਖੁਸਰੇ ਮੁਕਤ ਹੋ ਗਏ ਹੋਣੇ ਚਾਹੀਦੇ ਸਨ, ਪਰੰਤੂ ਅਜਿਹਾ ਕੁਝ ਨਹੀਂ ਹੋਇਆ। ਅਸਲ ਵਿਚ ਚਾਹੇ ਨੰਗੇ ਰਹੋ ਅਤੇ ਇਸ ਪ੍ਰਕਾਰ ਦੇ ਕੋਈ ਹੋਰ ਕੰਮ ਕਰੋ, ਪਰੰਤੂ ਜਦੋਂ ਤੱਕ ਮਨ ਵਿਚ ਹਰਿਨਾਮ ਦੀ ਅਰਾਧਨਾ ਨਹੀਂ ਕੀਤੀ ਤਾਂ ਸਿੱਧੀ ਦੀ ਪ੍ਰਾਪਤੀ ਇਕ-ਦਮ ਸੰਭਵ ਨਹੀਂ ਹੋਵੇਗੀ।

ਇਸ ਤਰ੍ਹਾਂ ਕਬੀਰ ਜੀ ਨੇ ਉਦੋਂ ਅਜਿਹੀ ਭਾਸ਼ਾ ਦਾ ਪ੍ਰਯੋਗ ਕੀਤਾ ਜੋ ਵਿਸ਼ੇ ਅਨੁਕੂਲ ਸੀ। ਅਸਲ ਵਿਚ ਕਬੀਰ ਜੀ ਨੇ ਰਸਾਤਲ ਗ੍ਰਸਤ ਸਮਾਜ ਨੂੰ ਉੱਚਾ ਚੁੱਕਣ ਲਈ ਇਕ ਸਭਿਆਚਾਰਕ ਸੰਵਾਦ ਆਰੰਭ ਕੀਤਾ ਸੀ। ਇਸ ਸੰਵਾਦ ਕਾਰਨ ਉਨ੍ਹਾਂ ਦੀ ਭਾਸ਼ਾ ਦੀ ਨੁਹਾਰ ਸੰਚਾਰਾਤਮਕ ਹੋ ਗਈ। ਇਸ ਲਈ ਉਨ੍ਹਾਂ ਦੀ ਭਾਸ਼ਾ ਇਕ ਇਲਾਕੇ ਦੀ ਭਾਸ਼ਾ ਤਕ ਸੀਮਿਤ ਨ ਰਹਿ ਕੇ ਸਾਰੇ ਉੱਤਰੀ ਅਤੇ ਉੱਤਰ ਪੂਰਬੀ ਭਾਰਤ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ।

ਕਬੀਰ ਜੀ ਦਾ ਅਨੁਭਵ ਬਹੁਤ ਡੂੰਘਾ ਸੀ। ਜਦੋਂ ਅਨੁਭਵ ਡੂੰਘਾ ਹੋਵੇ, ਤਾਂ ਕਥਨ ਵਿਚ ਸ਼ਕਤੀ ਦਾ ਸੰਚਾਰ ਹੋ ਜਾਂਦਾ ਹੈ। ਅਜਿਹੇ ਕਥਨ ਇਤਨੇ ਨਿਪੁੰਨ ਇਤਨੇ ਸ਼ੋਭਾਸ਼ਾਲੀ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਪ੍ਰਮਾਣ ਵਜੋਂ ਵਰਤਿਆ ਜਾਣ ਲਗਦਾ ਹੈ। ਇਨ੍ਹਾਂ ਕਥਨਾਂ ਨੂੰ ਸਤਿ-ਕਥਨ ਜਾਂ ਸੁਭਾਸ਼ਿਤ ਕਿਹਾ ਜਾਂਦਾ ਹੈ। ਕਬੀਰ ਜੀ ਦੀ ਬਾਣੀ ਵਿਚ ਸਤਿ ਕਥਨਾ ਦੀ ਕਮੀ ਨਹੀਂ ਸਲੋਕਾਂ ਵਿਚ ਸੁਭਾਸ਼ਿਤ ਬਣਨ ਦੀ ਹੋਰ ਵੀ ਅਧਿਕ ਸਮਰਥਾ ਹੈ। ਇਥੇ ਕੁਝ ਨਮੂਨੇ ਦੇ ਦੇਣਾ ਅਨੁਚਿਤ ਨਹੀਂ ਹੋਵੇਗਾ -

(1) ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ।
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ । 71 ।

(2) ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ।
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥ।31।

(3) ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ।
ਰੋਵਹੁ ਸਾਕਤ ਬਾਪਰੇ ਜੁ ਹਾਟੇ ਹਾਟ ਬਿਕਾਇ।16।

(4) ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ।
ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ।22।

(5) ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭਿ ਨ ਜਾਨਿਆ ਕੋਇ।
ਐਸੇ ਮਰਨੈ ਜੋ ਮਰੈ ਬਹੁਰਿ ਨ ਮਰਨਾ ਹੋਇ।29।

(6) ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨਾ ਬਾਰੰਬਾਰ।
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।30।

(7) ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰ।
ਮਤਿ ਹਰਿ ਪੂਛੈ ਕਉਨ ਹੈ ਪਰਾ ਹਮਾਰੈ ਬਾਰ।61।

(8) ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।
ਉਹ ਝੂਲੇ ਉਹ ਚੀਰੀਐ ਸਾਕਤ ਸੰਗੁ ਨਾ ਹੇਰਿ।88।

(9) ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਈਐ ਭਾਗਿ।

ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ। 131 ।

(10) ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ।
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ । 203 ।

(ਇਹ ਕਬੀਰ ਦੇ ਸਲੋਕਾਂ ਦੇ ਅੰਕ ਹਨ ਜੋ ਆਦਿ ਗ੍ਰੰਥ ਦੇ ਪੰਨਾ 1364 ਤੋਂ 1375 ਤਕ ਅੰਕਿਤ ਹਨ।)

ਡਾ. ਗੋਬਿੰਦ ਤ੍ਰਿਗੁਣਾਇਤ ਨੇ ਕਬੀਰ ਗ੍ਰੰਥਾਵਲੀ ਅਤੇ 'ਸੰਤ ਕਬੀਰ' ਦੇ ਸੰਕਲਨਾਂ ਦੀਆਂ ਬਾਣੀਆਂ ਦੇ ਆਧਾਰ ਤੇ ਕੁਝ ਸਾਂਝੀਆਂ ਭਾਸ਼ਾਈ ਪਵਿੱਤ੍ਰੀਆ ਵਲ ਸੰਕੇਤ ਕੀਤਾ ਹੈ ਜਿਵੇ :-

(1) ਉਸ ਦੀ ਰਚਨਾ ਦੇ ਮੂਲ ਸਵਰ ਵਿਚ ਪੰਜਾਬੀਅਤ ਬਹੁਤ ਹੈ।
(2) ਉਸ ਵਿਚ ਭੋਜਪੁਰੀ ਭਾਸ਼ਾ ਦੀਆਂ ਕ੍ਰਿਆਵਾਂ ਅਤੇ ਨਾਵਾਂ ਦੀ ਵਰਤੋਂ ਬਹੁਤ ਅਧਿਕ ਹੋਈ ਹੈ।
(3) ਉਸ ਵਿਚ ਕਿਤੇ ਕਿਤੇ ਖੜੀ ਬੋਲੀ ਦੇ ਸੁੰਦਰ ਨਮੂਨੇ ਮਿਲ ਜਾਂਦੇ ਹਨ।
(4) ਭਾਸ਼ਾ ਦਾ ਰੂਪ ਅਧਿਕਤਰ ਵਿਸ਼ੇ ਅਤੇ ਭਾਵ ਦੇ ਅਨੁਰੂਪ ਹੈ।
(5) ਉਸ ਵਿਚ ਵੱਖ-ਵੱਖ ਪ੍ਰਾਤਾਂ ਦੀਆਂ ਭਾਸ਼ਾਵਾਂ ਦਾ ਮੇਲ ਹੋਇਆ ਹੈ।
(6) ਉਹ ਅਤਿਅੰਤ ਸਰਲ ਅਤੇ ਸਿੱਧੀ-ਸਾਦੀ ਹੈ।
(7) ਉਸ ਵਿਚ ਸੰਕੇਤਾਤਮਕਤਾ, ਪ੍ਰਤੀਕਾਤਮਕਤਾ ਅਤੇ ਪਰਿਭਾਸ਼ਿਕਤਾ ਬਹੁਤ ਹੈ।
(8) ਉਸ ਵਿਚ ਕਿਸੇ ਇਕ ਭਾਸ਼ਾ ਦੇ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ, "ਕਬੀਰ ਦੀ ਭਾਸ਼ਾ ਕਿਸੇ ਵਿਸ਼ੇਸ਼ ਭੂ-ਖੰਡ ਦੀ ਨਾ ਹੋ ਕੇ ਪੂਰੇ ਭਾਰਤੀ ਖੇਤਰ ਦੀ ਹੈ। ਇੰਨਾ ਹੋਣ ਦੇ ਬਾਵਜੂਦ ਕਬੀਰ ਦੀ ਇਹ ਭਾਸ਼ਾ ਨਕਲੀ ਨਾ ਹੋ ਕੇ ਅਨੁਭਵ ਦੀ ਭਾਸ਼ਾ ਹੈ। ਇਹ ਭਾਸ਼ਾ ਲੋਕ-ਸੰਪਰਕ ਦੀ ਭਾਸ਼ਾ ਹੈ। ਇਹ ਭਾਸ਼ਾ ਘੁੰਮ ਫਿਰ ਕੇ ਘਾਟ ਘਾਟ ਦਾ ਪਾਣੀ ਪੀ ਕੇ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਮਹਿਸੂਸ ਕੀਤੀ ਹੋਈ ਭਾਸ਼ਾ ਹੈ। ਕਬੀਰ ਬਾਣੀ ਸਚ, ਅਧਿਆਤਮਕ, ਨੈਤਿਕ-ਵਿਦਰੋਹ ਅਤੇ ਉਸ ਭਾਰਤੀ ਪੁਨਰ-ਜਾਗਰਣ ਦੀ ਭਾਸ਼ਾ ਹੈ, ਜਦੋਂ ਸਭਿਆਚਾਰਕ ਸੰਵਾਦ ਦੀ ਸ਼ੁਰੂਆਤ ਕਲਾ, ਦਰਸ਼ਨ ਅਤੇ ਸਾਹਿਤ ਰਾਹੀਂ ਹੋਈ ਸੀ। ਕਬੀਰ ਦੀ ਭਾਸ਼ਾ ਦਾ ਸਿਧਾਂਤਗਤ ਅਧਿਐਨ ਸਾਨੂੰ ਕਾਵਿ-ਸ਼ਾਸਤ੍ਰੀ ਗੁਣਾਂ ਤੋਂ ਜਾਣੂ ਨਹੀਂ ਕਰਵਾ ਸਕਦਾ ਕਿਉਂਕਿ ਕਬੀਰ ਕੋਈ ਰੀਤੀ-ਕਾਲ ਦੇ ਕਵੀ ਨਹੀਂ ਹਨ। ਕਬੀਰ ਦੀ ਭਾਸ਼ਾ ਉੱਤੇ ਸੰਸਕ੍ਰਿਤ ਤੇ ਫਾਰਸੀ ਦਾ ਪ੍ਰਭਾਵ ਵੀ ਹੈ। ਕਬੀਰ ਭਾਸ਼ਾ ਬਾਰੇ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ ਕਬੀਰ ਨੇ ਬਨਾਰਸੀ ਬੋਲੀ ਦੇ ਨਾਲ ਨਾਲ ਹੋਰ ਭਾਸ਼ਾਵਾਂ ਦਾ ਪ੍ਰਯੋਗ ਵੀ ਆਪਣੀ ਰਚਨਾ ਵਿਚ ਕੀਤਾ ਕਬੀਰ ਦੀ ਭਾਸ਼ਾ ਜਨ-ਸੰਪਰਕ ਦੀ ਭਾਸ਼ਾ ਹੈ। ਕਬੀਰ ਭਾਸ਼ਾ ਕਿਸੇ ਵਰਗ ਜਾਤੀ ਦੀ ਨਾਂ ਹੋ ਕੇ ਉਸ ਵੇਲੇ ਦੇਸ਼ ਦੀ ਪ੍ਰਚਲਿਤ, ਬੋਲਚਾਲ ਅਤੇ ਕਿਸੇ ਹਦ ਤਕ ਸਾਹਿਤ ਦੀ ਭਾਸ਼ਾ ਹੈ।"

ਸੰਤ ਕਬੀਰ ਕਿਸੇ ਖਾਸ ਇਲਾਕੇ, ਸਮਾਜ ਜਾਂ ਧਰਮ ਦੇ ਪ੍ਰਚਾਰਕ ਨਹੀਂ ਸਨ। ਉਹ ਤਾਂ ਸਮੁੱਚੀ ਮਨੁੱਖਤਾ ਦੇ ਕਲਿਆਣ ਲਈ ਯਤਨਸ਼ੀਲ ਸਨ। ਇਸ ਲਈ ਉਨ੍ਹਾਂ ਨੇ ਆਪਣਾ ਸੰਦੇਸ਼ ਕਿਸੇ ਇਕ ਵਰਗ, ਜਾਤਿ, ਧਰਮ, ਖੇਤਰ ਤਕ ਸੀਮਿਤ ਨ ਰੱਖ ਕੇ ਵੱਧ ਤੋਂ ਵੱਧ ਭਾਸ਼ਾਈ ਇਲਾਕਿਆਂ ਦੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲਿਆ। ਇਸ ਲਈ ਉਨ੍ਹਾਂ ਦੀ ਭਾਸ਼ਾ ਸਰਬ ਸਾਂਝੀ ਅਤੇ ਲੋਕ ਪੱਖੀ ਹੈ।

## ਅਭਿਆਸ ਲਈ ਪ੍ਰਸ਼ਨ

1. ਕਬੀਰ ਦੀ ਰਚਨਾ ਨੂੰ ਪੰਜਾਬੀ ਸਾਹਿਤ ਅਤੇ ਹਿੰਦੀ ਸਾਹਿਤ ਦੋਹਾਂ ਵਿਚ ਅਧਿਅਨ ਦਾ ਕੇਂਦਰ ਬਣਾਇਆ ਜਾਂਦਾ ਹੈ। ਇਸ ਦਾ ਕੀ ਕਾਰਣ ਹੈ ਸਪੱਸ਼ਟ ਕਰੋ।
2. ਕਬੀਰ ਦੀ ਭਾਸ਼ਾ ਉਪਰ ਕਿਸੇ ਖਿੱਤੇ ਦਾ ਵੱਧ ਪ੍ਰਭਾਵ ਹੈ ਸਪੱਸ਼ਟ ਕਰੋ।
3. ਕਬੀਰ ਬਾਣੀ ਦੀ ਭਾਸ਼ਾ ਦਾ ਪ੍ਰਮੁੱਖ ਸਰੂਪ ਕੀ ਹੈ। ਚਰਚਾ ਕਰੋ।

ਪਾਠ ਨੰਬਰ : 1.7

## ਕਬੀਰ ਬਾਣੀ ਦਾ ਦਾਰਸ਼ਨਿਕ ਪੱਖ

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਬੀਰ ਜੀ ਇਕ ਅਧਿਆਤਮਿਕ ਸਾਧਕ ਸਨ, ਪਰੰਤੂ ਉਹ ਕਿਸੇ ਦਰਸ਼ਨ-ਆਚਾਰੀਆ ਵਾਂਗ ਆਪਣੀ ਵਿਚਾਰਧਾਰਾ ਨੂੰ ਪ੍ਰਗਟ ਨਹੀਂ ਕਰਦੇ, ਸਗੋਂ ਇਕ ਭਗਤ ਵਾਂਗ ਪ੍ਰੇਮ ਅਤੇ ਨਿਸ਼ਠਾ ਨਾਲ ਗੱਲ ਸਮਝਾਂਦੇ ਹਨ। ਇਸ ਲਈ ਉਹ ਦਾਰਸ਼ਨਿਕ ਨਹੀਂ, ਸਾਧਕ ਹਨ ਅਤੇ ਉਹ ਵੀ ਰਹੱਸ ਸਾਧਕ। ਦਾਰਸ਼ਨਿਕ ਬੁੱਧੀ ਨੂੰ ਆਧਾਰ ਬਣਾਉਂਦਾ ਹੈ, ਜਦਕਿ ਭਗਤ ਭਾਵਨਾ ਦੇ ਆਸਰੇ ਆਪਣੇ ਸਾਧਨ ਮਾਰਗ ਉੱਤੇ ਅਗੇ ਵਧਦਾ ਹੈ।

ਡਾ. ਗੋਬਿੰਦ ਤ੍ਰਿਗੁਣਾਇਤ ਨੇ ਆਪਣੀ ਪੁਸਤਕ 'ਕਬੀਰ ਕੀ ਵਿਚਾਰਧਾਰਾ' ਵਿਚ ਸਪੱਸ਼ਟ ਕੀਤਾ ਹੈ ਕਿ ਕਬੀਰ ਨੇ ਬ੍ਰਹਮ ਦੀ ਜਾਂ ਪਰਮ-ਸਤਿ ਦੀ ਅਨੁਭੂਤੀ ਅਤੇ ਉਸ ਅਨੁਭੂਤੀ ਦੀ ਅਭਿਵਿਅਕਤੀ ਤਰਕ ਦੁਆਰਾ ਸੰਭਵ ਨਹੀਂ ਮੰਨੀ। ਜਿਥੇ ਤਰਕ ਨੂੰ ਉਨ੍ਹਾਂ ਨੇ ਵਿਅਰਥ ਦਸਿਆ ਹੈ, ਉੱਥੇ ਉਸ ਦੀ ਸਥਾਨਪੂਰਤੀ ਯੋਗ ਸਾਧਨਾ ਦੀ ਸਹਾਇਤਾ ਨਾਲ ਕੀਤੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਯੋਗ ਦੀ ਬਹੁਤ ਅਧਿਕ ਚਰਚਾ ਹੋਈ ਹੈ। ਇਸ ਸੰਬੰਧ ਵਿਚ ਹੋਰ ਚਰਚਾ ਅੱਗੇ ਚਲ ਕੇ ਕਰਾਂਗੇ।

ਕਬੀਰ ਜੀ ਆਪਣੀ ਅਨੁਭੂਤੀ ਨੂੰ ਪ੍ਰੇਮ ਦੇ ਆਧਾਰ ਤੇ ਵਿਕਸਿਤ ਕਰਦੇ ਹਨ। ਇਸ ਲਈ ਉਨ੍ਹਾਂ ਦੀ ਅਨੁਭੂਤੀ ਆਪਣੇ ਆਪ ਹੀ ਰਹੱਸਮਈ ਹੁੰਦੀ ਗਈ ਹੈ। ਇਹੀ ਕਾਰਨ ਹੈ ਕਿ ਕਬੀਰ ਦੇ ਰਹੱਸ ਅਨੁਭਵ ਨੂੰ ਪ੍ਰੇਮ ਆਧਾਰਿਤ ਕਿਹਾ ਜਾਂਦਾ ਹੈ ਅਤੇ ਕੁਝ ਵਿਦਵਾਨਾਂ ਅਨੁਸਾਰ ਇਸ ਵਿਚ ਯੋਗ ਦੀ ਪੁੱਟ ਵੀ ਹੈ। ਪ੍ਰੇਮ ਦੇ ਪ੍ਰਸੰਗ ਵਿਚ ਇਹ ਗੱਲ ਵੀ ਉਘੜਦੀ ਹੈ ਕਿ ਉਨ੍ਹਾਂ ਨੇ ਸੂਫ਼ੀ ਅਤੇ ਭਾਰਤੀ ਦੋਹਾਂ ਪ੍ਰੇਮ ਪਰੰਪਰਾਵਾਂ ਨੂੰ ਆਤਮਸਾਤ ਕਰ ਕੇ ਦੋਹਾਂ ਦੇ ਮਿਸ਼ਰਿਤ ਰੂਪ ਰਾਹੀਂ ਆਪਣੀ ਭਾਵਨਾ ਨੂੰ ਪ੍ਰਗਟ ਕੀਤਾ ਹੈ।

ਸਭ ਤੋਂ ਪਹਿਲਾਂ ਵਿਚਾਰਨ ਵਾਲੀ ਗੱਲ ਇਹ ਹੈ ਕਿ ਕਬੀਰ ਦਾ ਪਰਮਾਤਮਾ ਵਿਚ ਪੂਰਨ ਯਕੀਨ ਸੀ ਅਤੇ ਉਹ ਪਰਮ-ਸੱਤ ਤੋਂ ਕਿਸੇ ਤਰ੍ਹਾਂ ਵੀ ਮੁਨਕਰ ਨਹੀਂ ਸਨ ਉਨ੍ਹਾਂ ਦੀ ਸਾਰੀ ਬਾਣੀ ਆਸਤਿਕਤਾ ਨਾਲ ਪਰਿਪੂਰਨ ਹੈ। ਯੋਗ ਦੇ ਪ੍ਰਕਰਣਾ ਵਿਚ ਕਈ ਵਾਰ ਸੁੰਨ ਦੀ ਗੱਲ ਹੋਈ ਹੈ ਪਰੰਤੂ ਇਹ ਸੁੰਨ ਵੀ ਨਾਸਤਿਕਤਾ ਪੂਰਨ ਨਹੀਂ, ਆਸਥਾ ਆਧਾਰਿਤ ਹੈ। ਕਬੀਰ ਜੀ ਨੇ ਆਪਣੀ ਸਾਧਨਾ ਦੀ ਸੰਪੰਨਤਾ ਉਸ ਗਰੀਬ ਨਿਵਾਜ਼ ਰਾਹੀਂ ਮੰਨੀ ਹੈ। ਗਉੜੀ ਰਾਗ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਸਤਿਗੁਰੂ ਨੇ ਮੇਰੇ ਉਤੇ ਬਹੁਤ ਮਿਹਰ ਕੀਤੀ ਹੈ ਅਤੇ ਮੈਂ ਸੰਸਾਰ ਸਾਗਰ ਦੇ ਮਾਯਾ ਜਾਲ ਵਿਚ ਫਸਣੋਂ ਬਚਾ ਲਿਆ ਹੈ। ਇਸ ਕਰਕੇ ਪ੍ਰਭੂ ਦੇ ਪਾਵਨ ਚਰਨਾਂ ਨਾਲ ਪ੍ਰੀਤ ਕਾਇਮ ਹੋ ਗਈ ਹੈ ਅਤੇ ਮੇਰੇ ਮਨ ਵਿਚ ਪ੍ਰਭੂ ਦੀ ਸਥਿਤੀ ਹੋ ਗਈ ਹੈ। ਫਲਸਰੂਪ ਅੰਦਰੋਂ ਮਾਇਆ ਵਾਲੀ ਸੜਨ ਨਸ਼ਟ ਹੋ ਗਈ ਹੈ। ਮਨ ਵਿਚ ਸੰਤੋਸ਼ ਪੈਦਾ ਹੋ ਗਿਆ, ਨਾਮ ਦਾ ਮਨ ਵਿਚ ਪੱਕਾ ਆਧਾਰ ਸਥਾਪਿਤ ਹੋ ਗਿਆ ਹੈ। ਹਰ ਥਾਂ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਹੋਣ ਲਗ ਪਿਆ ਹੈ। ਸੱਚ ਤਾਂ ਇਹ ਹੈ ਕਿ ਪਰਮਾਤਮਾ ਨੇ ਆਪ ਹੀ ਮੇਰੇ ਹਿਰਦੇ ਵਿਚ ਭਗਤੀ ਦੀ ਜਾਗ ਲਗਾਈ ਹੈ। ਇਸ ਦਾ ਮੂਲ ਕਾਰਨ ਪ੍ਰਭੂ ਦੀ ਕ੍ਰਿਪਾ ਹੈ। ਉਸ ਕ੍ਰਿਪਾ ਦੇ ਫਲਸਰੂਪ ਹੀ ਕੋਈ ਪੂਰਬਲੇ ਜਨਮ ਦਾ ਕਰਮ ਸਾਹਮਣੇ ਆਉਂਦਾ ਹੈ –

ਸਤਿਗੁਰੂ ਕੀਨੋ ਪਰਉਪਕਾਰ।
ਕਾਢਿ ਲੀਨ ਸਾਗਰ ਸੰਸਾਰ।
ਚਰਨ ਕਮਲ ਸਿਉ ਲਾਗੀ ਪ੍ਰੀਤਿ।
ਗੋਬਿੰਦੁ ਬਸੈ ਨਿਤਾ ਨਿਤ ਚੀਤ । ੨ ।
ਮਾਇਆ ਤਪਤਿ ਬੁਝਿਆ ਅੰਗਿਆਰੁ।
ਮਨਿ ਸੰਤੋਖੁ ਨਾਮੁ ਆਧਾਰੁ।
ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ।
ਜਨ ਪੇਖਉ ਤਤ ਅੰਤਰਜਾਮੀ । ੩ ।
ਅਪਨੀ ਭਗਤਿ ਆਪਿ ਦ੍ਰਿੜਾਈ।
ਪੂਰਬ ਲਿਖਤੁ ਮਿਲਿਆ ਮੇਰੇ ਭਾਈ।

ਜਿਸ ਕ੍ਰਿਪਾ ਕਰੇ ਤਿਸੁ ਪੂਰਨ ਸਾਜ।
ਕਬੀਰ ਕੋ ਸੁਆਮੀ ਗਰੀਬ ਨਿਵਾਜ। ੪ । (331)

ਉਪਰੋਕਤ ਪਦ ਤੋਂ ਕਬੀਰ ਜੀ ਦੀ ਆਸਥਾ ਦੇ ਨਾਲ ਨਾਲ ਪ੍ਰੇਮ ਭਾਵਨਾ, ਈਸ਼ਵਰੀ ਕ੍ਰਿਪਾ ਅਤੇ ਸਦਕਰਮਾਂ ਦੇ ਪ੍ਰਭਾਵਾਂ ਦੀਆਂ ਅਨੇਕਾਂ ਲੋੜਾਂ ਸਪੱਸ਼ਟ ਹੁੰਦੀਆਂ ਹਨ, ਜਿਨ੍ਹਾਂ ਦਾ ਮੂਲ ਅੰਤਰ ਦੀ ਸਾਧਨਾ ਉੱਤੇ ਟਿਕਿਆ ਹੈ। ਕਬੀਰ ਨੇ ਆਪਣੀ ਪ੍ਰੇਮ ਭਾਵਨਾ ਦਾ ਪ੍ਰਗਟਾਵਾ ਲੌਕਿਕ ਰੂਪਕਾਂ ਅਤੇ ਉਪਮਾਨਾਂ ਰਾਹੀਂ ਵੀ ਕੀਤਾ ਹੈ। ਉਹ ਕਿਸੇ ਪ੍ਰਕਾਰ ਦੇ ਅਵੈਧ ਪ੍ਰੇਮ ਸੰਬੰਧ ਨੂੰ ਮਹੱਤਵ ਨਾ ਦੇ ਕੇ ਭਾਰਤੀ ਸਭਿਆਚਾਰ ਅਨੁਸਾਰ ਪਰਮਾਤਮਾ ਨਾਲ ਜਾਇਜ਼ ਸੰਬੰਧਾਂ ਨਾਲ ਪ੍ਰੇਮ ਸਥਾਪਿਤ ਕਰਦੇ ਹਨ। ਉਹ ਵਿਆਹ ਦੇ ਪੂਰੇ ਰੂਪਕ ਰਾਹੀਂ ਆਪਣੀ ਗੱਲ ਸਪੱਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਮੈਂ ਦੈਵੀ ਗੁਣਾਂ ਨੂੰ ਬਰਾਤੀ ਬਣਾ ਕੇ ਆਏ ਰਾਮ ਰੂਪੀ ਦੂਲ੍ਹੇ ਨਾਲ ਲਾਵਾਂ ਲੈਣ ਦੀ ਵਿਵਸਥਾ ਕੀਤੀ ਹੈ। ਪ੍ਰਭੂ ਪਤੀ ਦੇ ਘਰ ਆਉਣ ਤੇ ਮੰਗਲਮਈ ਗੀਤ ਗਾਣ ਦੀ ਰੀਤ ਦਾ ਪਾਲਨ ਹੋ ਰਿਹਾ ਹੈ। ਨਾਭੀ ਕਮਲ ਵਿਚ ਵੇਦੀ ਗਡ ਕੇ ਬ੍ਰਹਮ ਗਿਆਨ ਰੂਪੀ ਮੰਤ੍ਰਾਂ ਦਾ ਉਚਾਰਨ ਕੀਤਾ ਗਿਆ ਹੈ। ਇਸ ਅਵਸਰ ਤੇ ਦੇਵਤੇ, ਮਨੁੱਖ, ਮੁਨੀ ਆਦਿ ਕੌਤਕ ਨੂੰ ਵੇਖਣ ਆਏ ਹਨ ਅਤੇ ਮਨੂੰ ਰਾਮ ਰਾਇ ਵਿਆਹ ਕੇ ਲੈ ਚਲੇ ਹਨ ਭਾਵ ਪ੍ਰਭੂ ਕ੍ਰਿਪਾ ਦੁਆਰਾ ਸੰਸਾਰ ਤੋਂ ਉਬਾਰ ਕੇ ਲੈ ਚਲਿਆ ਹੈ –

ਤਨ ਰੈਨੀ ਮਨੁ ਪੁਨਰਾਪ ਕਰਿ ਹਉ ਪਾਚਉ ਤਤ ਬਰਾਤੀ।
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਰਾਤੀ। ੧ ।
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ। ੧ । ਰਹਾਉ।
ਨਾਭਿ ਕਮਲ ਮਹਿ ਬੇਦੀ ਰਚਿ ਕੇ ਬ੍ਰਹਮ ਗਿਆਨ ਉਚਾਰਾ।
ਰਾਮ ਰਾਇ ਸੋ ਦੁਲਹੁ ਪਾਇਓ ਅਸ ਬਡਭਾਗ ਹਮਾਰਾ। ੨ ।
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸਉ ਜਾਨਾ।
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ।੩। 24 । (482)

ਆਸਾ ਰਾਗ ਦੇ ਇਕ ਹੋਰ ਸ਼ਬਦ ਵਿਚ ਵਿਆਹ ਅਤੇ ਵਿਆਹ ਤੋਂ ਪਿਛੋਂ ਦੀ ਗਤੀਵਿਧੀ ਇੱਥੋਂ ਤੱਕ ਕਿ ਸੁਹਾਗਰਾਤ ਦਾ ਵੀ ਕਬੀਰ ਨੇ ਜ਼ਿਕਰ ਕੀਤਾ ਹੈ। ਉਹੀ ਸੁਹਾਗਣ ਧੰਨ ਹੈ ਜੋ ਪਤੀ ਨੂੰ ਚੰਗੀ ਲਗ ਗਈ ਹੈ –

ਧੰਨਿ ਸੁਹਾਗਨਿ ਜੋ ਪੀਆ ਭਾਵੈ।
ਕਹਿ ਕਬੀਰ ਫਿਰਿ ਜਨਮ ਨ ਆਵੈ । ੩ । 30 । (483)

ਇਸ ਪ੍ਰਕਾਰ ਦੇ ਆਨੰਦ ਕਥਨ ਕਬੀਰ ਬਾਣੀ ਵਿਚ ਮਿਲ ਜਾਦੇ ਹਨ।

ਰਹੱਸਵਾਦ ਦੀ ਅਭਿਵਿਅਕਤੀ ਬਾਰੇ ਵਿਦਵਾਨਾਂ ਦਾ ਮਤ ਹੈ ਕਿ ਇਹ ਅਨੁਭੂਤੀ ਆਸ਼੍ਰਯ (ਆਧਾਰ) ਤੋਂ ਹੁੰਦੀ ਹੈ। ਅਨੁਭੂਤੀ ਦਾ ਸੰਬੰਧ ਭਾਵਨਾ ਨਾਲ ਹੈ। ਭਾਵਨਾ ਨੂੰ ਪ੍ਰੇਮ ਦੀ ਪ੍ਰਧਾਨ ਬਿਰਤੀ ਮੰਨਿਆ ਜਾਂਦਾ ਹੈ। ਇਹ ਅਨੁਭੂਤੀ ਪ੍ਰੇਮ ਉਤੇ ਆਧਾਰਿਤ ਹੋਣ ਕਾਰਨ ਜੀਵ ਅਤੇ ਬ੍ਰਹਮ ਵਿਚ ਇਕ ਅਭਿੰਨ ਸੰਬੰਧ ਸਥਾਪਿਤ ਕਰਦੀ ਹੈ। ਪ੍ਰੇਮ ਦੀ ਅੰਤ ਸਥਿਤੀ ਦੰਪਤਿਕ ਸੰਬੰਧ ਵਿਚ ਵੇਖੀ ਜਾਂਦੀ ਹੈ। ਇਸ ਲਈ ਰਹੱਸਵਾਦ ਦੀ ਅਭਿਵਿਅਕਤੀ ਹਮੇਸ਼ਾ ਪ੍ਰੀਤਮ ਅਤੇ ਪ੍ਰੀਤਮ ਦੇ ਆਸ਼੍ਰਯ ਵਿਚ ਹੁੰਦੀ ਹੈ। ਕਬੀਰ ਨੇ ਆਪਣੇ ਆਪ ਨੂੰ ਪ੍ਰੀਤਮ ਦੀ 'ਬਹੁਰੀਆ' (ਬਹੂ) ਮੰਨਿਆ ਹੈ। ਸੰਯੋਗ ਅਤੇ ਵਿਯੋਗ ਦੋਹਾਂ ਤਰ੍ਹਾਂ ਦੀਆਂ ਸਥਿਤੀਆਂ ਦਾ ਬੜਾ ਭਿੱਜ ਕੇ ਚਿਤ੍ਰਣ ਕੀਤਾ ਹੈ। ਇਸ ਪ੍ਰਕਾਰ ਦੀਆਂ ਕਲਪਨਾਵਾਂ ਕਰ ਕੇ ਸਾਧਕ ਆਪਣੇ ਮਨ ਨੂੰ ਪਵਿੱਤਰ ਕਰਨ ਵਾਲਾ ਰੁਚਿਤ ਹੁੰਦਾ ਹੈ। ਇਸ ਨੂੰ ਆਤਮ-ਸ਼ੁੱਧੀ ਜਾਂ ਆਤਮ-ਸੰਸਕਾਰ ਵੀ ਕਿਹਾ ਜਾਂਦਾ ਹੈ। ਕਬੀਰ ਨੇ ਆਤਮ-ਸੁੱਧੀ ਉਤੇ ਕਈ ਥਾਵਾਂ ਤੇ ਉਲੇਖ ਕੀਤਾ ਹੈ। ਉਨ੍ਹਾਂ ਨੇ ਆਤਮ-ਸ਼ੁੱਧੀ ਲਈ ਭਾਵੇਂ ਕੋਈ ਵਿਧੀ ਨਹੀਂ ਦੱਸੀ, ਪਰ ਇਤਨਾ ਸਪਸ਼ਟ ਹੈ ਕਿ ਨਾਮ-ਸਿਮਰਨ ਸਤਿਸੰਗਤ ਵਰਗੇ ਅਧਿਆਤਮਿਕ ਕਰਮਾਂ ਰਾਹੀਂ ਹੀ ਆਤਮਾ ਭਾਵ ਮਨ ਨੂੰ ਪਵਿਤਰ ਕੀਤਾ ਜਾ ਸਕਦਾ ਹੈ। ਆਪ ਨੇ ਧਨਾਸਰੀ ਰਾਗ ਵਿਚ ਕਿਹਾ ਹੈ –

ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ।
ਕੇਵਲ ਨਾਮ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾ। (692)

ਕਬੀਰ ਜੀ ਨੇ ਭਾਵੇਂ ਆਤਮ-ਸ਼ੁੱਧੀ ਲਈ ਕਈ ਪ੍ਰਕਾਰ ਦੇ ਸਾਧਨਾ ਦਾ ਜ਼ਿਕਰ ਕੀਤਾ ਹੈ, ਪਰੰਤੂ ਸੱਚ ਤਾਂ ਇਹ ਹੈ ਕਿ ਸਭ ਤੋਂ ਜ਼ਿਆਦਾ ਜੇ ਆਤਮ-ਸ਼ੁੱਧੀ ਦਾ ਸਾਧਨ ਹੋ ਸਕਦਾ ਹੈ ਤਾਂ ਉਹ ਪ੍ਰੇਮ ਹੈ। ਪ੍ਰੇਮ ਦੀ ਅਵਸਥਾ ਵਿਚ ਉਹ ਸਭ ਕੁਝ ਨਸ਼ਟ ਹੋ ਜਾਂਦਾ ਹੈ ਜੋ ਸੱਚਾ ਨਹੀਂ ਹੈ, ਜੋ ਮਿਥਿਆ ਹੈ। ਪ੍ਰੇਮ ਅਸਲ ਵਿਚ ਹੈ ਹੀ ਆਤਮ-ਸ਼ੁੱਧੀ ਦਾ ਫਲ। ਇਹ ਪ੍ਰੇਮ ਸੱਚਾ ਅਤੇ ਸੁੱਚਾ ਹੁੰਦਾ ਹੈ। ਇਹ ਈਸ਼ਵਰੀ ਪ੍ਰੇਮ ਹੈ। ਈਸ਼ਵਰੀ ਪ੍ਰੇਮ ਤੋਂ ਭਿੰਨ ਹੋਰ ਪ੍ਰੇਮ ਵਿਅਰਥ ਹਨ, ਮਾਂਸਲ ਹਨ, ਭੌਤਿਕ ਹਨ। ਹਰਿ ਭਗਤੀ ਵਿਚ ਇਨ੍ਹਾਂ ਦਾ ਕੋਈ ਸਥਾਨ ਨਹੀਂ। ਇਸ ਪ੍ਰਕਾਰ ਦਾ ਪ੍ਰੇਮ ਕਰਨ ਵਾਲਿਆਂ ਦੀ ਨਾ ਆਤਮ-ਸ਼ੁੱਧੀ ਹੁੰਦੀ ਹੈ ਅਤੇ ਨਾ ਹੀ ਪਰਮ-ਸੱਤਾ

ਨਾਲ ਏਕਾਕਾਰ ਹੋ ਸਕਦਾ ਹੈ।

ਸੱਚੇ ਪ੍ਰੇਮ ਦੀ ਪ੍ਰਾਪਤੀ ਨਾਲ ਤਰਕ-ਵਿਤਰਕ ਖਤਮ ਹੋ ਜਾਂਦੇ ਹਨ। ਭੂਤ, ਭਵਿਖ ਅਤੇ ਵਰਤਮਾਨ ਸਭ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਆਪਣੇ ਪ੍ਰੀਤਮ ਦੇ ਸਪੱਸ਼ਟ ਦਰਸ਼ਨ ਹੋ ਜਾਂਦੇ ਹਨ। ਅਨੇਕ ਪ੍ਰਕਾਰ ਦੇ ਸੰਬੰਧਾਂ ਦੀ ਕਲਪਨਾ ਹੋਣ ਲਗਦੀ ਹੈ। ਕਬੀਰ ਨੇ ਆਪਣੀ ਬਾਣੀ ਵਿਚ ਪ੍ਰੇਮ ਦੇ ਸੰਯੋਗ ਅਤੇ ਵਿਯੋਗ ਦੋਹਾਂ ਪੱਖਾਂ ਦਾ ਚਿਤਰਣ ਕੀਤਾ ਹੈ। ਸੰਯੋਗ ਸੁਖ ਦੇ ਅਵਸਰ ਘਟ ਮਿਲੇ ਹਨ, ਪਰੰਤੂ ਵਿਛੋੜੇ ਦੀ ਸਥਿਤੀ ਮਹਾਂਮਿਲਨ ਤਕ ਬਣੀ ਹੀ ਰਹਿੰਦੀ ਹੈ। ਇਸ ਵਿਛੋੜੇ ਦੀ ਸਥਿਤੀ ਵਿਚ ਮਨ ਅੰਦਰ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਹੁੰਦੇ ਹਨ, ਭੈ ਜਿਹਾ ਮਹਿਸੂਸ ਹੋਣ ਲਗਦਾ ਹੈ, ਨਾ ਉਮੀਦੀ ਦਾ ਝਲਕਾਰਾ ਪੈਣ ਲਗਦਾ ਹੈ। ਸੂਹੀ ਰਾਗ ਵਿਚ ਕਬੀਰ ਜੀ ਨੇ ਕਿਹਾ ਹੈ ਕਿ ਇਆਣਾ ਜੀਵ ਕੰਬਦਾ ਹੈ ਕਿਉਂਕਿ ਉਸ ਨੂੰ ਡਰ ਹੈ ਕਿ ਅਣਗਹਿਲੀ ਕਾਰਨ ਰਾਤ ਬਤੀਤ ਹੀ ਨਾ ਹੋ ਜਾਏ। ਇਥੇ ਰਾਤ ਬੀਤਣ ਤੋਂ ਭਾਵ ਹੈ ਜਵਾਨੀ ਦੀ ਉਮਰ ਲੰਘ ਨਾ ਜਾਏ ਅਤੇ ਬੁਢਾਪਾ ਵਿਅਰਥ ਨ ਹੋ ਜਾਏ। ਕਚੇ ਕਰਵੇ ਵਿਚ ਜਿਵੇਂ ਪਾਣੀ ਨਹੀਂ ਠਹਿਰ ਸਕਦਾ, ਉਸੇ ਤਰ੍ਹਾਂ ਜਿੰਦ ਦੇ ਨਿਕਲ ਜਾਣ ਤੋਂ ਬਾਅਦ ਮਨੁੱਖ ਦਾ ਸਰੀਰ ਵੀ ਸਥਿਰ ਨਹੀਂ ਰਹਿ ਸਕਦਾ। ਜਿਵੇਂ ਕੋਈ ਕੰਵਾਰੀ ਕੁੜੀ ਸ਼ਿੰਗਾਰ ਕਰ ਲਵੇ ਤਾਂ ਪਤੀ ਤੋਂ ਬਿਨਾਂ ਆਨੰਦ ਪ੍ਰਾਪਤ ਨਹੀਂ ਕਰ ਸਕਦੀ। ਉਸੇ ਤਰ੍ਹਾਂ ਬਿਨਾ ਪਰਮ ਸੱਤਾ ਦੇ ਜੀਵ ਦਾ ਕੋਈ ਮਹੱਤਵ ਨਹੀਂ ਹੈ। ਕਬੀਰ ਜੀ ਨੂੰ ਉਡੀਕ ਉਡੀਕ ਕੇ ਆਯੂ ਦੇ ਲੰਘ ਜਾਣ ਦਾ ਪਛਤਾਵਾ ਬਣਿਆ ਹੋਇਆ ਹੈ, ਮਤਾ ਸਮਾਂ ਲੰਘ ਜਾਏ ਅਤੇ ਪ੍ਰੀਤਮ ਮਿਲੇ ਹੀ ਨਾ –

ਥਰਹਰ ਕੰਪੈ ਬਾਲਾ ਜੀਉ।
ਨਾ ਜਾਨਉ ਕਿਆ ਕਰਸੀ ਪੀਉ। ੧ ।
ਰੈਨਿ ਗਈ ਮਤ ਦਿਨ ਭੀ ਜਾਇ।
ਭਵਰ ਗਏ ਬਗ ਬੈਠੇ ਆਇ। ੨ । ਰਹਾਉ।
ਕਾਚੈ ਕਰਵੈ ਰਹੈ ਨਾਂ ਪਾਨੀ।
ਹੰਸੁ ਚਲਿਆ ਕਾਇਆ ਕੁਮਲਾਨੀ । ੨ ।
ਕੁਆਰ ਕੰਨਿਆ ਜੈਸੇ ਕਰਤ ਸੀਗਾਰਾ।
ਕਿੱਉਂ ਰਲੀਆ ਮਾਨੈ ਬਾਝੁ ਭਤਾਰਾ।
ਕਾਗ ਉਡਾਵਤ ਭੁਜਾ ਪਿਰਾਨੀ।
ਕਹਿ ਕਬੀਰ ਇਹ ਕਥਾ ਸਿਰਾਨੀ। (792)

ਧਿਆਨ ਰਹੇ, ਇਸ ਆਨੰਦੀ ਅਵਸਥਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਗੁੰਗੇ ਦੇ ਗੁੜ ਖਾਣ ਵਾਂਗ ਹੈ। ਜੋ ਜੁਬਾਨ ਨਾਲ ਉਸ ਆਨੰਦ ਨੂੰ ਪ੍ਰਗਟਾ ਤਾਂ ਨਹੀਂ ਕਰ ਸਕਦਾ, ਪਰੰਤੂ ਹਸ ਕੇ ਆਪਣੀ ਮਨੋਸਥਿਤੀ ਸਪੱਸ਼ਟ ਕਰ ਦਿੰਦਾ ਹੈ।

**ਯੋਗ-ਸਾਧਨਾ**

ਕਬੀਰ ਨੇ ਪ੍ਰੇਮ ਭਗਤੀ ਦੇ ਨਾਲ ਯੋਗ ਸਾਧਨਾ ਦਾ ਵੀ ਵਰਣਨ ਕੀਤਾ ਹੈ। ਅਜਿਹਾ ਵਰਣਨ ਕਬੀਰ ਦੀ ਬਾਣੀ ਦੀ ਨਵੇਕਲੀ ਵਿਸ਼ੇਸ਼ਤਾ ਹੈ। ਕਿਉਂਕਿ ਭਗਤੀ ਅਤੇ ਯੋਗ ਦਾ ਸਮਨਵੈ ਬਹੁਤ ਘੱਟ ਸੰਤ ਕਵੀਆਂ ਵਿਚ ਹੋਇਆ ਹੈ। ਪਰੰਤੂ ਇਥੇ ਇਸ ਗੱਲ ਦਾ ਵੀ ਧਿਆਨ ਰਖਣਾ ਹੈ ਕਿ ਕਬੀਰ ਨੇ ਜਿਸ ਯੋਗ ਸਾਧਨਾ ਦਾ ਉਲੇਖ ਕੀਤਾ ਹੈ ਉਹ ਅਜਿਹੀ ਸਾਧਨਾ ਨਹੀਂ ਸੀ ਜਿਸ ਦਾ ਉਦਘਾਟਨ ਗੋਰਖ ਨਾਥ ਨੇ ਕੀਤਾ ਸੀ। ਕਬੀਰ ਤਕ ਯੋਗ ਸਾਧਨਾ ਕਈ ਸਦੀਆਂ ਦਾ ਸਫ਼ਰ ਕਰ ਚੁੱਕੀ ਸੀ ਅਤੇ ਉਸ ਦੇ ਗੁਣ ਦੋਸ਼ ਵੀ ਲੋਕ-ਮਨ ਵਿਚ ਸਪਸ਼ਟ ਹੋ ਚੁੱਕੇ ਸਨ। ਕੁਦਰਤੀ ਸੀ ਕਿ ਸਮੇਂ ਦੇ ਗੁਜਰਨ ਨਾਲ ਅਤੇ ਯੁਗ ਦੀਆਂ ਪਰਿਸਥਿਤੀਆਂ ਕਰ ਕੇ ਕਈ ਰੂਪ ਵਿਚ ਤਬਦੀਲੀ ਲਿਆਂਦੀ ਅਤੇ ਪਰੰਪਰਾਗਤ ਯੋਗ ਸਾਧਨਾ ਵਿਚ ਮਹਾਨ ਯੋਗੀ ਨੂੰ ਸਹੀ ਯੋਗ ਦਾ ਪਰਿਚਯ ਦਿੱਤਾ ਅਤੇ ਯੋਗੀ ਨੂੰ ਮੁਖ਼ਾਤਬ ਹੋ ਕੇ ਕਿਹਾ ਕਿ ਮੌਨ ਦੀਆਂ ਮੁੰਦਰਾਂ ਬਣਾ, ਦਇਆ ਦੀ ਝੋਲੀ ਕਰ ਅਤੇ ਵਿਚਾਰ ਦਾ ਖੱਪਰ ਹੱਥ ਵਿਚ ਲੈ। ਇਸ ਤਨ ਨੂੰ ਵਿਸ਼ਿਆਂ ਵਲੋਂ ਰੋਕਣ ਦੀ ਗੋਦੜੀ ਬਣਾ ਅਤੇ ਨਾਮ ਦਾ ਆਸਰਾ ਲੈ ਕੇ ਹੇ ਯੋਗੀ ਅਜਿਹੇ ਯੋਗ ਦੀ ਸਾਧਨਾਂ ਕਰ ਕੇ ਗ੍ਰਹਿਸਤੀ ਹੁੰਦੇ ਹੋਇਆਂ ਵੀ ਤੂੰ ਜਪ-ਤਪ ਅਤੇ ਸੰਜਮ ਵਿਚ ਮਗਨ ਰਹੇ। ਬੁੱਧੀ ਦੀ ਵਿਭੂਤੀ ਮਲ ਅਤੇ ਸੁਰਤਿ ਦੀ ਸਿੰਗੀ ਬਣਾ। ਵੈਰਾਗੀ ਬਣ ਕੇ ਸ਼ਰੀਰ ਦੇ ਅੰਦਰ ਹੀ ਰਟਨ ਕਰ ਅਤੇ ਮਨ ਦੀ ਵੀਣਾ ਵਜਾ। ਸੰਤਾਂ ਪਾਸੋਂ ਸਾਰ ਵਸਤੂ ਪ੍ਰਾਪਤ ਕਰ ਕੇ ਦਿਲ ਵਿਚ ਰੱਖ ਅਤੇ ਬਿਨਾ ਕਿਸੇ ਆਸਰੇ ਦੇ ਸਮਾਧੀ ਧਾਰਨ ਕਰ ਅਤੇ ਧਰਮ ਅਤੇ ਦਇਆ ਬਗੀਚੀ ਬਣਾ –

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ।
ਖਿੰਥਾ ਇਹੁ ਤਨੁ ਸੀਅਉ ਅਪਨਾਂ ਨਾਮੁ ਕਰਉ ਆਧਾਰੁ ਰੇ।
ਐਸਾ ਜੋਗੁ ਕਮਾਵਹੁ ਜੋਗੀ।
ਜਪ ਤਪ ਸੰਜਮੁ ਗੁਰਮੁਖਿ ਭੋਗੀ । ੧ । ਰਹਾਉ।
ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ।

ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ । ੨ ।
ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ।
ਕਹਤ ਕਬੀਰ ਸੁਨਹੁ ਰੇ ਸੰਤਹੁ ਧਰਮ ਦਇਆ ਕਰਿ ਬਾੜੀ । ੩ । (1970)

ਸਪੱਸ਼ਟ ਹੈ ਕਿ ਕਬੀਰ ਨੇ ਪਰੰਪਰਾਗਤ ਜਾਂ ਸ਼ਾਸਤਰ ਅਨੁਸਾਰੀ ਯੋਗ ਨੂੰ ਅਪਣਾਉਣ ਲਈ ਨਹੀਂ ਕਿਹਾ, ਸਗੋਂ ਉਨ੍ਹਾਂ ਨੇ ਯੋਗ ਦੀ ਪਰਿਭਾਸ਼ਕ ਸ਼ਬਦਾਵਲੀ ਲੈ ਕੇ ਅਤੇ ਹਠ-ਸਾਧਨਾ ਦੀਆਂ ਪ੍ਰਕ੍ਰਿਆਵਾਂ ਨੂੰ ਆਧਾਰ ਬਣਾ ਕੇ ਨਵੇਂ ਢੰਗ ਨਾਲ ਕੁਝ ਉਪਦੇਸ਼ ਦਿੱਤਾ ਹੈ। ਕਿਹਾ ਤਾਂ ਇਹੀ ਹੈ ਕਿ ਇਸ ਪ੍ਰਕਾਰ ਦਾ ਯੋਗ ਅਪਣਾਓ। ਇੱਥੇ ਪਰੰਪਰਾਗਤ ਯੋਗ ਦਾ ਭਾਵੀਕਰਣ ਹੋ ਗਿਆ ਹੈ। ਇਹ ਭਾਵੀ-ਕਿਰਤ ਰੂਪ ਹੀ ਯੋਗ ਨਾ ਹੋ ਕੇ ਸਹਿਜ ਯੋਗ ਹੈ। ਇਸ ਨੂੰ ਵਿਦਵਾਨਾਂ ਨੇ ਅੰਤਰ ਯੋਗ ਜਾਂ ਅਧਿਆਤਮਿਕ ਯੋਗ ਆਦਿ ਨਾ ਵੀ ਦਿੱਤਾ ਹੈ, ਪਰੰਤੂ ਅਸਲ ਵਿਚ ਇਹ ਕਬੀਰ ਦਾ ਸਹਿਜ ਯੋਗ ਹੈ। ਇਸ ਸਹਿਜ ਯੋਗ ਦੀ ਵਿਆਖਿਆ ਕਬੀਰ ਨੇ ਕਈ ਹੋਰ ਥਾਵਾਂ ਤੇ ਵੀ ਕੀਤੀ ਹੈ। ਇਥੇ ਰਾਮਕਲੀ ਰਾਗ ਵਿਚ ਚਿਤਰੇ ਇਸ ਦੇ ਸਰੂਪ ਨੂੰ ਸਪਸ਼ਟ ਕੀਤਾ ਜਾਂਦਾ ਹੈ। ਕਬੀਰ ਜੀ ਦੀ ਸਥਾਪਨਾ ਹੈ ਕਿ ਕਾਇਆ ਨੂੰ ਇਕ ਮੱਟ ਬਣਾ ਕੇ ਉਸ ਵਿਚ ਜੋ ਖਮੀਰ ਤਿਆਰ ਕੀਤਾ ਜਾਣਾ ਹੈ ਉਸ ਵਿਚ ਗੁਰੂ ਦਾ ਸ਼ਬਦ ਗੁੜ ਦੀ ਭੂਮਿਕਾ ਨਿਭਾਏ ਅਤੇ ਤ੍ਰਿਸ਼ਨਾਵਾਂ ਦੇ ਸਕ ਟੋਟੇ ਟੋਟੇ ਕਰਕੇ ਪਾਏ ਜਾਣ। ਇਹ ਵਾਸ਼ਨਾਵਾਂ ਗੁਰੂ ਦੇ ਸ਼ਬਦ ਨਾਲ ਨਸ਼ਟ ਹੋ ਜਾਣਗੀਆਂ। ਇਸ ਸੱਚੇ ਸੌਦੇ ਲਈ ਜਪਾਂ ਤਪਾਂ ਵਿਚ ਪ੍ਰਬੀਨ ਕੋਈ ਸੰਤ ਹੀ ਕਲਾਲੀ ਦਾ ਕਰਤਵ ਨਿਭਾ ਸਕਦਾ ਹੈ। ਅਜਿਹੇ ਸੰਤ ਦੁਆਰਾ ਉਸ ਸ਼ਰਾਬ ਦੀ ਦਿੱਤੀ ਇਕ ਬੂੰਦ ਹੀ ਮਨ ਨੂੰ ਅਰਪਿਤ ਕਰਨ ਲਈ ਤਿਆਰ ਕਰਾ ਦਿੰਦੀ ਹੈ। ਚੌਦਾਂ ਲੋਕਾਂ ਦੀ ਭੱਠੀ ਅਤੇ ਉਸ ਹੇਠਾਂ ਬ੍ਰਹਮ ਅਗਨੀ ਨੂੰ ਬਾਲਣਾ ਅਤੇ ਸਹਿਜ ਅਵਸਥਾ ਦੀ ਸਮਾਧੀ ਦਾ ਪੋਚਾ ਲਗਾਣਾ ਚਾਹੀਦਾ ਹੈ। ਸਾਰੇ ਨੇਮ, ਵਰਤ, ਸੁਚ ਅਤੇ ਸੰਜਮ ਦੀ ਪਾਲਨਾ ਨਾਲ ਸੁਰਤਿ ਦਾ ਪਿਆਲਾ ਭਰ ਅਤੇ ਇਸ ਤਰ੍ਹਾਂ ਤਿਆਰ ਹੋਏ ਅੰਮ੍ਰਿਤ ਨੂੰ ਗ੍ਰਹਿਣ ਕਰੇ। ਇਹ ਸਾਧਾਰਨ ਰਸ ਨਹੀਂ, ਮਹਾ ਰਸ ਹੈ –

ਕਾਇਆ ਕਲਾਲਨਿ ਲਾਹਿਨ ਮੇਲਉ ਗੁਰੂ ਕਾ ਸਬਦੁ ਗੁੜੁ ਕੀਨ ਰੇ।
ਤ੍ਰਿਸ਼ਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨ ਰੇ। ੧ ।
ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾਕਉ ਜਪੁ ਤਪੁ ਦੇਉ ਦਲਾਲੀ ਰੇ।
ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮੁੰਦ ਦੇਇ ਕਲਾਲੀ ਰੇ ।੧।ਰਹਾਉ।
ਭਵ ਚਤੁਰ ਦਸ ਭਾਠੀ ਕੀਨੀ ਬ੍ਰਹਮ ਅਗਨਿ ਤਨਿ ਜਾਰੀ ਰੇ।
ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨ ਹਾਰੀ ਰੇ। ੨ ।
ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ।
ਸੁਰਤਿ ਪਿਆਲੁ ਸੁਧਾਰਸੁ ਅੰਮ੍ਰਿਤ ਏਹੁ ਮਨੁਆ ਰਾਤੋ ਰੇ। ੩ ।
ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਹਾਂਰਸੁ ਪੇਉ ਰੇ। ੩ ।
ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸ ਸਾਚੋ ਰੇ। (968-9)

ਸਹਿਜ ਯੋਗ ਨੂੰ ਹੀ ਕਈ ਵਿਦਵਾਨਾਂ ਨੇ ਰਾਜ ਯੋਗ ਦਾ ਨਾਂ ਵੀ ਦੇ ਦਿੱਤਾ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਨੇ ਕਬੀਰ ਬਾਣੀ ਵਿਚ ਸ਼ਬਦ ਸੁਰਤਿ ਯੋਗ ਨੂੰ ਲਭਣ ਦਾ ਯਤਨ ਕੀਤਾ ਹੈ। ਉਨ੍ਹਾਂ ਦੀ ਸਥਾਪਨਾ ਹੈ ਕਿ ਹਠਯੋਗ ਦੇ ਕਈ ਅੰਗਾਂ ਅਤੇ ਕ੍ਰਿਆਵਾਂ ਦਾ ਕਬੀਰ ਨੇ ਭਾਵੇਂ ਆਪਣੀ ਬਾਣੀ ਵਿਚ ਉਲੇਖ ਕੀਤਾ ਹੈ, ਪਰੰਤੂ ਆਪਣੇ ਆਖਰੀ ਸਮੇਂ ਵਿਚ ਜਾਂ ਭਗਤੀ ਸਾਧਨਾ ਵਿਚ ਕਾਫ਼ੀ ਅੱਗੇ ਵੱਧ ਜਾਣ ਤੇ ਕਬੀਰ ਨੇ ਹਠ ਸਾਧਨਾ ਵਲੋਂ ਧਿਆਨ ਮੋੜ ਲਿਆ ਸੀ ਅਤੇ ਉਨ੍ਹਾਂ ਨੇ ਸ਼ਬਦ ਸੁਰਤਿ ਯੋਗ ਦਾ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੱਤਾ। 'ਸ਼ਬਦ' ਬ੍ਰਹਮ ਦੀ ਧਾਰਨਾ ਬਹੁਤ ਪੁਰਾਣੀ ਹੈ। ਵੇਦਾਂ, ਉਪਨਿਸ਼ਦਾਂ ਵਿਚ ਸ਼ਬਦ ਬ੍ਰਹਮ ਦੀ ਸਥਾਪਨਾ ਜਾਂ ਮਹਿਮਾ ਦਾ ਉਲੇਖ ਮਿਲ ਜਾਂਦਾ ਹੈ। ਕਬੀਰ ਸ਼ਬਦ ਬ੍ਰਹਮ ਵਿਚ ਪੂਰੀ ਆਸਥਾ ਰਖਦੇ ਸਨ। ਕਈ ਵਾਰ ਤਾਂ ਉਹ ਅਨੇਕ ਤਰ੍ਹਾਂ ਨਾਲ ਆਪਣੀ ਅਭਿਵਿਅਕਤੀਆਂ ਨੂੰ 'ਨਿਰੰਜਨ' ਪਦ ਨਾਲ ਵੀ ਪ੍ਰਗਟ ਕਰਦੇ ਸਨ ਅਤੇ ਕਈ ਵਾਰ ਉਨ੍ਹਾਂ ਨੂੰ ਅਨਾਹਦ ਸ਼ਬਦ ਦੀ ਧੁਨੀ ਸੁਣਾਈ ਪੈਂਦੀ ਸੀ। ਇਸੇ ਸੰਦਰਭ ਵਿਚ ਉਨ੍ਹਾਂ ਨੇ 'ਓਅੰਕਾਰ' ਸ਼ਬਦ ਦੀ ਵੀ ਵਰਤੋਂ ਕੀਤੀ ਹੈ। ਉਹ ਸ਼ਬਦ ਦੇ ਸਿਧਾਂਤ ਨੂੰ ਮੰਨਣ ਵਾਲਿਆਂ ਵਾਂਗ ਸ਼ਬਦ ਤੋਂ ਹੀ ਸੰਸਾਰ ਦੀ ਉਤਪਤੀ ਮੰਨਦੇ ਹਨ। ਪਾਤੰਜਲ ਦਰਸ਼ਨ ਵਿਚ ਚਿਤਰੇ ਗਏ ਸ਼ਬਦ ਬ੍ਰਹਮ ਦਾ ਅਨੁਭਵ ਅਤੇ ਉਸ ਵਿਚ ਲੀਨ ਹੋਣ ਦੀ ਗੱਲ ਉਨ੍ਹਾਂ ਨੇ ਆਪਣੇ ਯੋਗ ਵਿਚ ਦਰਸਾਈ ਹੈ। ਉਨ੍ਹਾਂ ਨੇ ਸਭ ਥਾਂ ਸ਼ਬਦ ਬ੍ਰਹਮ ਨੂੰ ਸੁਰਤਿ ਵਿਚ ਲੀਨ ਕਰਨ ਦੀ ਗੱਲ ਕਹੀ ਹੈ। ਸੁਰਤਿ ਤੋਂ ਕਬੀਰ ਦਾ ਕੀ ਭਾਵ ਹੈ, ਇਹ ਗੱਲ ਵੀ ਵਿਚਾਰਨਯੋਗ ਹੈ। 'ਸੁਰਸਤਿ' ਸ਼ਬਦ ਦੀ ਪ੍ਰਾਪਤੀ ਕਬੀਰ ਨੂੰ ਸਿੱਧਾਂ ਅਤੇ ਯੋਗੀਆਂ ਤੋਂ ਹੋਈ ਹੈ। ਸੁਰਤਿ ਦੇ ਨਾਲ-ਨਾਲ ਇਕ ਹੋਰ ਸ਼ਬਦ 'ਨਿਰਤਿ' ਦੀ ਵੀ ਵਰਤੋਂ ਹੋਈ ਹੈ। ਡਾ. ਗੋਬਿੰਦ ਤ੍ਰਿਗੁਣਾਇਤ ਨੇ ਕਬੀਰ ਦੁਆਰਾ ਇਸ ਸ਼ਬਦ ਦੀ ਵਰਤੋਂ ਆਤਮਾ ਲਈ ਹੋਈ ਦੱਸੀ ਹੈ। 'ਨਿਰਤਿ' ਨੂੰ ਉਨ੍ਹਾਂ ਨੇ ਕਿਤੇ 'ਨਿਰਤ' ਲਈ ਅਤੇ ਕਿਤੇ ਸਮਾਧੀ ਲਈ ਵਰਤਿਆ ਹੈ। ਇਸ ਸ਼ਬਦ ਸੁਰਤਿ ਯੋਗ ਦੀਆਂ ਕਈ ਅਵਸਥਾਵਾਂ ਵੀ ਮਿਲਦੀਆਂ ਹਨ। ਸ਼ਬਦ ਸੁਰਤਿ ਯੋਗ

ਦੀਆਂ ਕੁਝ ਕੁ ਮੁਢਲੀਆਂ ਉਕਤੀਆਂ ਵਿਚ ਹਠਯੋਗ ਦਾ ਪ੍ਰਭਾਵ ਜ਼ਿਆਦਾ ਹੈ। ਇਨ੍ਹਾਂ ਉਕਤੀਆਂ ਕਰ ਕੇ ਕਬੀਰ ਦੀ ਭਾਸ਼ਾ ਕਈਆਂ ਥਾਵਾਂ ਤੇ ਸਮਝ ਨਹੀਂ ਪੈਂਦੀ।

ਯੋਗ ਸਾਧਨਾ ਸੰਬੰਧੀ ਗੰਭੀਰਤਾ ਨਾਲ ਵਿਚਾਰ ਕਰਨ ਤੇ ਭਲੀ ਭਾਂਤ ਸਪਸ਼ਟ ਹੋਣ ਵਾਲੀ ਗੱਲ ਇਹ ਹੈ ਕਿ ਕਬੀਰ ਦਾ ਪਰੰਪਰਕ ਸੰਬੰਧ ਜੁਲਾਹਾ ਜਾਤਿ ਨਾਲ ਸੀ ਜੋ ਅਧਿਕਤਰ ਯੋਗੀਆਂ ਦੇ ਪ੍ਰਭਾਵ ਵਿਚ ਸਨ। ਇਸ ਲਈ ਯੋਗ ਮਤ ਦੀਆਂ ਬਹੁਤੀਆਂ ਗੱਲਾਂ ਕਬੀਰ ਦੇ ਲਹੂ ਵਿਚ ਰਚ ਚੁਕੀਆਂ ਸਨ। ਇਸ ਵਾਸਤੇ ਜਦੋਂ ਉਨ੍ਹਾਂ ਨੇ ਆਪਣੀ ਧਰਮ ਸਾਧਨਾਂ ਦੀ ਗੱਲ ਕੀਤੀ ਹੈ ਤਾਂ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦਾ ਖਾਨਦਾਨੀ ਮੁਹਾਵਰਾ ਪ੍ਰਬਲ ਹੋ ਗਿਆ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਉਸ ਯੋਗ ਦੀਆਂ ਧਾਰਮਿਕ ਮਾਨਤਾਵਾਂ ਨਾਲ ਸੰਮਤੀ ਨਾ ਪ੍ਰਗਟ ਕਰਨ ਦੀ ਸੂਰਤ ਵਿਚ ਜਦੋਂ ਉਨ੍ਹਾਂ ਨਾਲ ਵਾਦ ਸੰਵਾਦ ਰਚਾਇਆ ਜਾਂਦਾ ਸੀ, ਤਾਂ ਉਨ੍ਹਾਂ ਦੀ ਪਰਿਭਾਸ਼ਕ ਸ਼ਬਦਾਵਲੀ ਨੂੰ ਹੀ ਆਧਾਰ ਬਣਾਇਆ ਜਾਂਦਾ ਸੀ। ਇਸ ਲਈ ਕਬੀਰ ਦੀ ਬਾਣੀ ਵਿਚ ਯੋਗ ਸਾਧਨਾ ਨਾਲ ਸੰਬੰਧਿਤ ਉਲੇਖਾਂ ਅਤੇ ਯੋਗਿਕ ਸ਼ਬਦਾਵਲੀ ਦੀ ਵਰਤੋਂ ਦੇ ਮੁੱਖ ਤੌਰ ਤੇ ਦੋ ਕਾਰਨ ਪ੍ਰਤੀਤ ਹੁੰਦੇ ਹਨ। ਪਹਿਲਾ ਪਰੰਪਰਾਗਤ ਪਰਿਵਾਰਿਕ ਸੰਬੰਧ ਅਤੇ ਦੂਜਾ ਧਰਮ ਪ੍ਰਚਾਰ ਲਈ ਯੋਗੀਆਂ ਨਾਲ ਕੀਤੇ ਗਏ ਵਾਰਤਾਲਾਪ ਪਰੰਤੂ ਜਿੱਥੇ ਕਬੀਰ ਇਸ ਪ੍ਰਭਾਵ ਤੋਂ ਮੁਕਤ ਹੋ ਕੇ ਅੰਤਰ ਆਤਮਾ ਤੋਂ ਉਠੀ ਹੋਈ ਹੂਕ ਨੂੰ ਅਭਿਵਿਅਕਤ ਕਰਦੇ ਸਨ ਤਾਂ ਉਹ ਸ਼ਬਦ / ਸ਼ਲੋਕ ਇਸ ਪ੍ਰਕਾਰ ਦੀ ਸ਼ਬਦਾਵਲੀ ਤੋਂ ਅਕਸਰ ਮੁਕਤ ਹੀ ਵੇਖੇ ਗਏ ਹਨ। ਉਨ੍ਹਾਂ ਵਿਚ ਪ੍ਰੇਮ ਭਾਵ ਦੀ ਪ੍ਰਧਾਨਤਾ ਹੁੰਦੀ ਸੀ। ਨਾਮ-ਸਿਮਰਨ, ਆਤਮ-ਸਮਰਪਣ ਅਤੇ ਆਤਮ ਨਿਵੇਦਨ ਦੇ ਝੁਕਾ ਸਪਸ਼ਟ ਵਿਖਾਈ ਦਿੰਦੇ ਸਨ। ਇਸ ਤਰ੍ਹਾਂ ਕਬੀਰ ਜੀ ਦਾ ਸਾਧਕ ਮਨ ਦੋ ਪ੍ਰਕਾਰ ਦੇ ਕੰਢਿਆਂ ਵਾਲੀ ਨਦੀ ਦੇ ਵਿਚਾਲੇ ਪ੍ਰਵਾਹਿਤ ਹੋਇਆ ਹੈ।

## ਧਾਰਮਿਕ-ਸਮਾਜਿਕ ਚੇਤਨਾ

ਸੰਤ ਕਬੀਰ ਦੀ ਧਾਰਮਿਕ ਅਤੇ ਸਮਾਜਕ ਚੇਤਨਾ ਉਸ ਸਮੇਂ ਦੀ ਸਥਿਤੀ ਅਨੁਸਾਰ ਆਪਣਾ ਸਰੂਪ ਸੰਵਾਰਦੀ ਰਹੀ ਹੈ। ਇਸ ਚੇਤਨਾ ਦਾ ਮੂਲ ਆਧਾਰ ਸਵੈ-ਅਨੁਭੂਤੀ ਹੈ। ਕਬੀਰ ਨਾ ਪਰੰਪਰਾ ਨਾਲ ਜੁੜ ਕੇ ਚੱਲੇ ਹਨ ਅਤੇ ਨਾ ਹੀ ਉਸ ਤੋਂ ਟੁੱਟ ਕੇ ਆਪਣਾ ਜੀਵਨ ਉਦੇਸ਼ ਸਪਸ਼ਟ ਕਰਦੇ ਹਨ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਵਾਲਿਆ ਦੀਆਂ ਰੂੜ੍ਹ ਸਾਧਨਾ ਵਿਧੀਆਂ, ਅਨੁਸ਼ਠਾਨਾਂ, ਭਾਈਚਾਰਕ ਸੰਬੰਧਾਂ ਦੇ ਵਿਰੋਧੀ ਸਨ ਕਿਉਂਕਿ ਇਸ ਨਾਲ ਮਨੁੱਖਤਾ ਪਿਸਦੀ ਜਾ ਰਹੀ ਸੀ। ਕਬੀਰ ਸਤਿ ਮਾਰਗ ਉੱਤੇ ਚਲਣ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰਾਂ ਨੂੰ ਖੁਲ੍ਹੇ ਦਿਲ ਨਾਲ ਸਵੀਕਾਰ ਕਰਦੇ ਸਨ। ਅਸਲ ਵਿਚ, ਕਬੀਰ ਦਾ ਮੁੱਖ ਉਦੇਸ਼ ਮਨੁੱਖਤਾ ਦਾ ਕਲਿਆਣ ਕਰਨਾ ਸੀ। ਇਸ ਲਈ ਪਰੰਪਰਾ ਤੋਂ ਮਨੁੱਖਤਾ ਦੇ ਕਲਿਆਣ ਲਈ ਜੋ ਕੁਝ ਮਿਲ ਸਕਿਆ ਉਸ ਨੂੰ ਮੰਨ ਲਿਆ ਅਤੇ ਜੋ ਮਨੁੱਖਤਾ ਦੇ ਕਲਿਆਣ ਲਈ ਉਪਯੋਗੀ ਨਹੀਂ ਸੀ, ਉਸ ਨੂੰ ਛੱਡ ਦਿੱਤਾ। ਛਡਿਆ ਹੀ ਨਹੀਂ, ਉਸ ਦੀ ਦੁਰਬਲਤਾ ਨੂੰ ਪੂਰੀ ਤਰ੍ਹਾਂ ਨੰਗਾ ਕੀਤਾ। ਸੰਤ ਕਬੀਰ ਨੇ ਮਨੁੱਖਤਾ ਦੇ ਕਲਿਆਣ ਲਈ ਜੋ ਕੁਝ ਨਵਾਂ ਉਚਿਤ ਸਮਝਿਆ, ਉਸ ਨੂੰ ਲਾਗੂ ਕੀਤਾ ਅਤੇ ਉਸ ਦੀ ਉਪਯੋਗਤਾ ਨੂੰ ਸਪਸ਼ਟ ਕੀਤਾ। ਇਸ ਲਈ ਕਬੀਰ ਕਿਸੇ ਇਕ ਧਰਮ ਦੀ ਸੋਚ ਨਾਲ ਆਪਣੇ ਆਪ ਨੂੰ ਬੰਨ੍ਹ ਕੇ ਨਹੀਂ ਚਲਾਂਦੇ ਹਨ।

ਉਹ ਸਾਰ-ਗ੍ਰਾਹੀ ਮਹਾਤਮਾ ਸਨ, ਜੋ ਠੀਕ ਲੱਗਾ ਉਸ ਨੂੰ ਮੰਨ ਲਿਆ। ਜੋ ਗਲਤ ਲਗਿਆ ਉਸ ਨੂੰ ਪਰੇ ਸੁੱਟ ਦਿੱਤਾ। ਇਹੀ ਕਾਰਨ ਹੈ ਕਿ ਕਬੀਰ ਜੀ ਬਾਰੇ ਵਿਦਵਾਨਾਂ ਦੀ ਵੱਖ-ਵੱਖ ਰਾਏ ਰਹੀ ਹੈ। ਕੁਝ ਦਾ ਵਿਚਾਰ ਹੈ ਕਿ ਕਬੀਰ ਕੇਵਲ ਧਰਮ ਸੁਧਾਰਕ ਸਨ, ਕੁਝ ਉਨ੍ਹਾਂ ਨੂੰ ਸਮਾਜ ਸੁਧਾਰਕ ਮੰਨਦੇ ਸਨ, ਕੁਝ ਉਨ੍ਹਾਂ ਨੂੰ ਹਿੰਦੂ ਅਤੇ ਮੁਸਲਮਾਨ ਧਰਮਾਂ ਵਿਚ ਏਕਤਾ ਸਥਾਪਿਤ ਕਰਨ ਵਾਲੇ ਦਸਦੇ ਹਨ, ਕੁਝ ਉਨ੍ਹਾਂ ਨੂੰ ਨਵੇਂ ਧਰਮ ਦਾ ਸੰਸਥਾਪਕ ਮੰਨਦੇ ਸਨ।

ਧਰਮ ਦੇ ਆਮ ਤੌਰ ਦੇ ਦੋ ਰੂਪ ਵੇਖੇ ਗਏ ਹਨ – ਇਕ ਮੂਲ ਉਦਾਰ ਰੂਪ ਅਤੇ ਦੂਜਾ ਸੰਕੀਰਣ ਰੂਪ। ਸੰਕੀਰਣ ਰੂਪ ਦੇ ਪ੍ਰਬਲ ਹੋ ਜਾਣ ਨਾਲ ਮੂਲ ਉਦਾਰ ਰੂਪ ਦਬ ਜਾਂਦਾ ਹੈ। ਸਾਧਯ ਦਾ ਸਥਾਨ ਸਾਧ ਲੈ ਲੈਂਦੇ ਹਨ, ਅਰਥਾਤ ਕਰਮਕਾਂਡ, ਅਨੁਸ਼ਠਾਨ, ਰੀਤੀ ਰਿਵਾਜ ਪ੍ਰਧਾਨ ਹੋ ਜਾਂਦੇ ਹਨ। ਇਹ ਅਸਲ ਵਿਚ ਧਰਮ ਦਾ ਵਿਕਰਿਤ ਰੂਪ ਹੈ। ਇਸ ਵਿਕਰਿਤ ਰੂਪ ਦੇ ਬਹੁਤ ਅਧਿਕ ਵਿਸਤਾਰ ਕਾਰਨ ਧਰਮ ਅਤੇ ਸਮਾਜ ਨਿਘਰ ਕੇ ਰਸਤਾਲ ਵਲ ਜਾਂਦਾ ਹੈ। ਇਸ ਸਥਿਤੀ ਨੂੰ ਸਹੀ ਕਰਨ ਲਈ ਅਤੇ ਭਟਕੀ ਹੋਈ ਮਨੁੱਖਤਾ ਨੂੰ ਸਹੀ ਮਾਰਗ ਉਤੇ ਪਾਣ ਲਈ ਜਨ ਜੀਵਨ ਵਿਚੋਂ ਹੀ ਮਹਾਨ ਚਿੰਤਕ, ਸੁਧਾਰਕ ਜਾਂ ਸਾਧਕ ਪੈਦਾ ਹੋ ਕੇ ਮਾੜੇ ਵਾਤਾਵਰਣ ਨੂੰ ਫਿਰ ਤੋਂ ਸ਼ੁੱਧ ਤੇ ਸਾਤਵਿਕ ਬਣਾਉਂਦੇ ਹਨ। ਕਬੀਰ ਇਸੇ ਤਰ੍ਹਾਂ ਦੇ ਧਰਮ ਸਾਧਕ ਸਨ। ਉਨ੍ਹਾਂ ਨੂੰ ਸਹਿਜ ਧਰਮ ਵਾਲਾ ਸਾਧਕ ਕਿਹਾ ਜਾ ਸਕਦਾ ਹੈ।

ਕਬੀਰ ਜੀ ਦਾ ਸਾਰਾ ਜੀਵਨ ਅਧਿਆਤਮਿਕ ਸਾਧਨਾਂ ਵਿਚ ਬੀਤਿਆ ਸੀ, ਉਨ੍ਹਾਂ ਦੀ ਸਾਧਨਾ ਅਨੁਭੂਤੀ ਉਤੇ ਆਧਾਰਿਤ ਸੀ। ਉਨ੍ਹਾਂ ਨੇ ਸਦਾ ਸਚਾਈ ਤਕ ਪਹੁੰਚਣ ਦਾ ਯਤਨ ਕੀਤਾ ਹੈ ਅਤੇ ਇਸ ਲਈ ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਅਨੁਭਵ ਪ੍ਰਾਪਤ ਹੋਏ ਸਨ। ਇਨ੍ਹਾਂ ਅਨੁਭਵਾਂ ਤੋਂ ਉਸਾਰਿਆ ਧਰਮ ਹੀ ਕਬੀਰ ਜੀ ਦਾ ਧਰਮ ਸੀ, ਜੋ ਸਰਲ ਵੀ ਸੀ ਅਤੇ ਕਰਮ-ਕਾਂਡਾ ਤੋਂ ਮੁਕਤ ਹਰ ਇਕ ਦੁਆਰਾ ਗ੍ਰਹਿਣ ਕਰਨ ਯੋਗ ਸੀ।

ਕਬੀਰ ਜੀ ਨੇ ਉਸ ਵਕਤ ਪ੍ਰਚਲਿਤ ਧਰਮਾਂ ਨੂੰ ਅਤੇ ਉਨ੍ਹਾਂ ਦੇ ਕਰਮ-ਕਾਂਡਾ ਨੂੰ ਬੌਧਿਕ ਚੇਤਨਾ ਅਤੇ ਤਰਕ ਨਾਲ ਨਿਖਿਧ ਕੀਤਾ

ਹੈ ਜਿਵੇਂ ਹਿੰਦੂਆਂ ਦੀ ਬੁਤ ਪੂਜਾ ਅਤੇ ਮੁਸਲਮਾਨਾਂ ਦੇ ਸਿਜਦੇ ਦੀ ਨਿਰਸਾਰਤਾ ਨੂੰ ਦਸਦੇ ਹੋਇਆਂ ਕਹਿੰਦੇ ਹਨ।

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।
ਓਇ ਲੈ ਜਾਰੇ ਓਇ ਲੈ ਗਾਡੇ ਤੇਰੀ ਗਤਿ ਦੁਹੂ ਨ ਪਾਈ। (654)

ਪਰਮਾਤਮਾ ਮੁਸਲਮਾਨਾਂ ਅਨੁਸਾਰ ਮਸਜਿਦ ਵਿਚ ਵਸਦਾ ਹੈ ਅਤੇ ਹਿੰਦੂਆਂ ਅਨੁਸਾਰ ਮੂਰਤੀ ਵਿਚ ਸਥਿਤ ਹੈ। ਕਬੀਰ ਜੀ ਇਸ ਗੱਲ ਨੂੰ ਨਹੀਂ ਮੰਨਦੇ ਅਤੇ ਸਪੱਸ਼ਟ ਕਹਿੰਦੇ ਹਨ ਕਿ ਇਨ੍ਹਾਂ ਨੂੰ ਠੀਕ ਵਸਤੂ-ਸਥਿਤੀ ਜਾਂ ਭੇਦ ਦਾ ਪਤਾ ਨਹੀਂ ਹੈ –

ਅਲਹ ਏਕੁ ਮਸੀਤ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ।
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ। (1349)

ਇਸੇ ਤਰ੍ਹਾਂ ਕਬੀਰ ਜੀ ਨੇ ਮੂਰਤੀ ਪੂਜਾ ਦੇ ਵਿਰੁੱਧ ਅਨੇਕ ਪ੍ਰਸੰਗਾਂ ਵਿਚ ਆਵਾਜ਼ ਉਠਾਈ ਹੈ ਅਤੇ ਇਸ ਸਾਧਨਾ ਦੀ ਤੁੱਛਤਾ ਉਤੇ ਪ੍ਰਕਾਸ਼ ਪਾਂਦੇ ਹੋਇਆਂ ਕਿਹਾ ਹੈ –

ਕਬੀਰ ਠਾਕੁਰ ਪੂਜਹਿ ਮੋਲਿ ਲੈ ਮਨ ਹਠਿ ਤੀਰਥ ਜਾਹਿ।
ਦੇਖਾ ਦੇਖੀ ਸਾਂਗੁ ਧਰਿ ਭੂਲੇ ਭਟਕਾ ਖਾਹਿ। (1371)
ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੇ ਸਭੁ ਸੰਸਾਰੁ।
ਇਸ ਭਰਵਾਸੇ ਜੋ ਰਹ ਬੂਡੇ ਕਾਲੀ ਧਾਰ। (1371)

ਕਬੀਰ ਜੀ ਨੇ ਮਾਰੂ ਰਾਗ ਦੇ ਇਕ ਸ਼ਬਦ ਵਿਚ ਪਾਂਡੇ ਨੂੰ ਸਮਝਾਇਆ ਹੈ ਕਿ ਤੂੰ ਕਿਹੜੀ ਕੁਮਤਿ ਵਿਚ ਲਗਿਆ ਹੋਇਆ ਹੈ ਅਤੇ ਰਾਮ ਦੇ ਨਾਮ ਦੀ ਅਰਾਧਨਾ ਨਹੀਂ ਕਰ ਰਿਹਾ। ਅਜਿਹੇ ਆਚਰਨ ਕਰਕੇ ਡੁੱਬ ਮਰੇਂਗਾ। ਤੂੰ ਧਨ ਕਮਾਉਣ ਲਈ ਵਿਦਿਆ ਦਾ ਵਪਾਰ ਕਰ ਰਿਹਾ ਹੈ। ਅਸਲੀ ਕਮਾਈ ਤਾਂ ਨਾਮ ਸਾਧਨ ਦੁਆਰਾ ਕੀਤੀ ਜਾ ਸਕਦੀ ਹੈ।

ਪਡੀਆ ਕਵਨ ਕੁਮਤਿ ਤੁਮ ਲਾਗੇ।
ਬੂਡਹੁਗੇ ਪਰਵਾਰ ਸਕਲ ਸਿਉ ਰਾਮ ਨ ਜਪਹੁ ਅਭਾਗੇ। ੧ ।ਰਹਾਉ।
ਬੇਦ ਪੁਰਾਨ ਪੜ੍ਹਨ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।
ਰਾਮ ਨਾਮ ਕੀ ਗਤਿ ਨਹੀਂ ਜਾਨੀ ਕੈਸੇ ਉਤਰਸਿ ਪਾਰਾ। ੧ ।
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ । ੨ ।
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ।
ਮਾਇਆ ਕਾਰਨ ਬਿਦਿਆ ਵੇਚਹੁ ਜਨਮੁ ਅਬਿਰਥਾ ਜਾਈ । ੩ ।

(1102-03)

ਇਸੇ ਤਰ੍ਹਾਂ ਮੁਸਲਮਾਨ ਧਰਮ ਆਗੂਆਂ ਵਲੋਂ ਕੀਤੇ ਜਾ ਰਹੇ ਧਾਰਮਿਕ ਆਡੰਬਰਾਂ ਨੂੰ ਵੀ ਕਬੀਰ ਜੀ ਨੇ ਨਕਾਰਦੇ ਹੋਇਆਂ ਕਿਹਾ ਹੈ ਕਿ ਮੁਨਾਰੇ ਉਤੇ ਚੜ੍ਹ ਕੇ ਤੂੰ ਬਾਂਗ ਦੇ ਰਿਹਾ ਹੈ ਕਿ ਰੱਬ ਬੋਲਾ ਹੋ ਗਿਆ ਹੈ, ਜੋ ਅਸਲੋਂ ਤੇਰੇ ਦਿਲ ਦੇ ਅੰਦਰ ਵਸਦਾ ਹੈ –

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।
ਜਾਂ ਕਾਰਨਿ ਤੂ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ। (1374)

ਇਨ੍ਹਾਂ ਪਾਖੰਡਾਂ ਦੇ ਵਿਪਰੀਤ ਕਬੀਰ ਜੀ ਨੇ ਮੁੱਲਾਂ ਨੂੰ ਸਹੀ ਕਰਮ ਕਰਨ ਵਲ ਪ੍ਰੇਰਿਤ ਕੀਤਾ ਹੈ ਅਤੇ ਕਿਹਾ ਹੈ ਕਿ ਸੱਚੇ ਅਰਥਾਂ ਵਿਚ ਮੁੱਲਾ ਉਹ ਹੈ ਜੋ ਗੁਰੂ ਦੇ ਉਪਦੇਸ਼ ਰਾਹੀਂ ਕਾਲ ਨਾਲ ਜੂਝਦਾ ਹੈ। ਸੱਚਾ ਕਾਜ਼ੀ ਉਹ ਹੈ ਜੋ ਸਰੀਰ ਦੇ ਅੰਦਰ ਹੀ ਬ੍ਰਹਮ ਤਤ ਦੀ ਖੋਜ ਕਰੇ ਅਤੇ ਕਾਇਆ ਵਿਚ ਉਸ ਰੋਸ਼ਨੀ ਦਾ ਅਹਿਸਾਸ ਕਰੇ। ਆਪਣੇ ਆਪ ਨੂੰ ਕਾਮ-ਵਾਸਨਾ ਤੋਂ ਉੱਚਾ ਚੁਕ ਕੇ ਸਦਾ ਸਥਾਈ ਆਨੰਦ ਮਾਣੇ। ਉਸ ਨੂੰ ਬੁਢਾਪਾ ਅਤੇ ਮ੍ਰਿਤੂ ਪ੍ਰਾਪਤ ਨਹੀਂ ਹੋ ਸਕਦੀ –

ਸੋ ਮੁੱਲਾਂ ਜੋ ਮਨੁ ਸਿਉ ਲਰੈ।
ਗੁਰ ਉਪਦੇਸਿ ਕਾਲਾ ਸਿਉ ਜੁਰੈ।
ਕਾਲ ਪੁਰਖ ਕਾ ਮਰਦੈ ਮਾਨੁ।
ਤਿਸੁ ਮੁਲਾ ਕਉ ਸਦਾ ਸਲਾਮੁ। ੧ ।
ਕਾਜੀ ਸੋ ਜੋ ਕਾਇਆ ਬੀਚਾਰੈ।
ਕਾਇਆ ਕੀ ਅਗਨਿ ਬ੍ਰਹਮ ਪਰਜਾਰੈ।

ਸੁਪਨੈ ਬਿੰਦੂ ਨ ਕੋਈ ਝਰਨਾ।
ਤਿਸੁ ਕਾਜੀ ਕਉ ਜਰਾ ਨਾ ਮਰਨਾ (1159-60)

ਇਸੇ ਤਰ੍ਹਾਂ ਕਬੀਰ ਜੀ ਨੇ ਹਿੰਦੂ ਧਰਮ ਦੇ ਪਾਂਡਿਆਂ ਪੁਜਾਰੀਆਂ ਦੇ ਕਰਮ-ਕਾਂਡਾਂ ਵਲ ਇਸ਼ਾਰਾ ਕਰਦਿਆਂ ਕਿਹਾ ਹੈ ਕਿ ਜੋ ਪੱਥਰਾਂ ਨੂੰ ਰੱਬ ਆਖਦੇ ਹਨ, ਉਨ੍ਹਾਂ ਦੀ ਸੇਵਾ ਅਜਾਈ ਜਾਂਦੀ ਹੈ। ਜੋ ਪੱਥਰਾਂ ਦੇ ਚਰਨਾਂ ਵਿਚ ਡਿਗਦੇ ਹਨ ਉਨ੍ਹਾਂ ਦੀ ਇਸ ਪ੍ਰਕਾਰ ਕੀਤੀ ਸੇਵਾ ਵਿਅਰਥ ਜਾਂਦੀ ਹੈ। ਸਾਡਾ ਠਾਕੁਰ ਤਾਂ ਸਦਾ ਬੋਲਣ ਵਾਲਾ ਹੈ ਅਤੇ ਸਾਰਿਆਂ ਨੂੰ ਜੀਵਨ-ਦਾਨ ਦੇਣ ਵਾਲਾ ਹੈ। ਪਰੰਤੂ ਕਰਮ-ਕਾਂਡਾ ਵਿਚ ਫਸਿਆ ਹੋਇਆ ਨਿਰੰਕਾਰ ਨੂੰ ਨਹੀਂ ਪਛਾਣਦਾ ਅਤੇ ਵਿਅਰਥ ਵਿਚ ਠੱਗੀ ਦਾ ਵਪਾਰ ਕਰ ਰਿਹਾ ਹੈ। ਨਾ ਪੱਥਰ ਬੋਲਦਾ ਹੈ ਨਾ ਕੁਝ ਪ੍ਰਦਾਨ ਕਰਦਾ ਹੈ। ਇਹ ਪੱਥਰ ਪੂਜਾ ਵਿਅਰਥ ਹੈ ਅਤੇ ਇਨ੍ਹਾਂ ਪੱਥਰਾਂ ਦੀ ਸੇਵਾ ਵੀ ਵਿਅਰਥ ਹੈ -

ਜੋ ਪਾਥਰ ਕਉ ਕਹਤੇ ਦੇਵ।
ਤਾ ਕੀ ਬਿਰਥਾ ਹੋਵੈ ਸੇਵ।
ਜੋ ਪਾਥਰ ਕੀ ਪਾਈ ਪਾਇ।
ਤਿਸ ਕੀ ਘਾਲ ਅਜਾਈ ਜਾਇ । ੧ ।
ਠਾਕੁਰੁ ਹਮਰਾ ਸਦਾ ਬੋਲੰਤਾ।
ਸਰਬ ਜੀਆ ਕਉ ਦਾਨੁ ਦੇਤਾ । ੧ । ਰਹਾਉ ।
ਅੰਤਰਿ ਦੇਉ ਨਾ ਜਾਨੈ ਅੰਧੁ।
ਭ੍ਰਮ ਕਾ ਮੋਹਿਆ ਪਾਵੈ ਫੰਧੁ।
ਨਾ ਪਾਥਰੁ ਬੋਲੈ ਨ ਕਿਛੁ ਦੇਇ।
ਫੋਕਟ ਕਰਮ ਨਿਹਫਲ ਹੈ ਸੇਵ (1160)

ਸਪੱਸ਼ਟ ਹੈ ਕਿ ਕਬੀਰ ਦਾ ਧਾਰਮਿਕ ਦ੍ਰਿਸ਼ਟੀਕੋਣ ਸਹਿਜ ਸਥਿਤੀ ਉਤੇ ਟਿਕਿਆ ਹੋਇਆ ਹੈ। ਉਸ ਦਾ ਸਹਿਜ ਧਰਮ ਪ੍ਰਚਲਿਤ ਧਰਮਾਂ ਦੀਆਂ ਰੂੜ੍ਹ ਪਰੰਪਰਾਵਾਂ ਦੀ ਪ੍ਰਤਿਕ੍ਰਿਆ ਵਜੋਂ ਪੈਦਾ ਹੋਇਆ ਸੀ। ਅਸਲ ਵਿਚ ਉਦੋਂ ਸਹੀ ਧਰਮ ਦੀ ਥਾਂ ਤੇ ਅੰਧ-ਵਿਸ਼ਵਾਸ ਪਸਰ ਗਏ ਸਨ। ਕਬੀਰ ਜੀ ਅਨੁਸਾਰ ਉਦੋਂ ਸਾਰਿਆਂ ਧਰਮਾਂ ਵਾਲੇ ਵਾਸਤਵਿਕ ਮਾਰਗ ਨੂੰ ਭੁਲ ਗਏ ਸਨ - 'ਏਕ ਨ ਭਲਾ ਦੋਇ ਨਾ ਭੂਲਾ ਭੂਲਾ ਸਬ ਸੰਸਾਰ।' ਇਨ੍ਹਾਂ ਧਾਰਮਿਕ ਭੁੱਲਾਂ ਦਾ ਸੁਧਾਰ ਕਰਨਾ ਹੀ ਕਬੀਰ ਦਾ ਨਿਸ਼ਾਨਾ ਸੀ। ਜਦੋਂ ਧਰਮਾਚਾਰ ਵਿਚੋਂ ਭੁਲਾਂ ਨਿਕਲ ਜਾਣ ਤਾਂ ਸਹਿਜ ਧਰਮ ਆਪਣੇ ਆਪ ਸਾਹਮਣੇ ਆ ਜਾਂਦਾ ਹੈ। ਇਹੀ ਕਾਰਨ ਹੈ ਕਿ ਕਬੀਰ ਨੇ ਉਸ ਵਕਤ ਪ੍ਰਚਲਿਤ ਧਰਮਾਂ ਦੇ ਮੁਖੀਆਂ ਅਥਵਾ ਠੇਕੇਦਾਰਾਂ ਨੂੰ ਚੰਗੀ ਤਰ੍ਹਾਂ ਝੰਝੋੜਿਆ ਹੈ। ਅਜਿਹੇ ਅਵਸਰਾਂ ਤੇ ਬਹੁਤ ਵਾਦ-ਵਿਵਾਦ ਵੀ ਹੋ ਜਾਂਦਾ ਸੀ ਅਤੇ ਪੰਡਿਤ ਲੋਕ ਕਬੀਰ ਨੂੰ ਨੀਵਾਂ ਵਿਖਾਣ ਦਾ ਯਤਨ ਕਰਦੇ ਸਨ। ਪਰੰਤੂ ਕਬੀਰ ਬਹੁਤ ਦ੍ਰਿੜ੍ਹ ਸਾਧਕ ਸਨ ਨਾ ਉਹ ਕਿਸੇ ਤੋਂ ਡਰਦੇ ਸਨ ਅਤੇ ਨ ਹੀ ਧਰਮ ਦੇ ਰੂੜ੍ਹ ਪਾਖੰਡਾਂ ਨੂੰ ਅਪਣਾਉਣ ਲਈ ਤਿਆਰ ਸਨ। ਉਹ ਡਟ ਕੇ ਕਹਿੰਦੇ ਸਨ ਕਿ ਇਹ ਸਾਰੇ ਲੋਕ ਪਾਪ ਵਿਚ ਗ੍ਰਸੇ ਹੋਏ ਹਨ, ਪਰੰਤੂ ਹੋਰਨਾਂ ਦੀ ਨਿੰਦਿਆਂ ਤੋਂ ਟਲਦੇ ਨਹੀਂ ਹਨ। ਗੱਲਾਂ ਨਾਲ ਹੀ ਆਸਮਾਨ ਡਿਗਾਂਦੇ ਸਨ। ਅਜਿਹੇ ਲੋਕਾਂ ਨਾਲ ਗੱਲ ਕਰਨ ਦਾ ਵੀ ਕੋਈ ਲਾਭ ਨਹੀਂ ਹੈ। ਆਪ ਤਾਂ ਕਿਸੇ ਨੂੰ ਚੁਲੂ ਭਰ ਪਾਣੀ ਦੇਣ ਲਈ ਤਿਆਰ ਨਹੀਂ ਅਤੇ ਉਨ੍ਹਾਂ ਨੂੰ ਨਿੰਦਦੇ ਹਨ ਜਿਨ੍ਹਾਂ ਨੇ ਗੰਗਾ ਵਰਗੀ ਮਹਾਨ ਨਦੀ ਧਰਤੀ ਉਤੇ ਲਿਆਕੇ ਪਰੋਪਕਾਰ ਕੀਤਾ ਹੈ। ਆਕਾਰ ਪ੍ਰਕਾਰ ਅਤੇ ਬੌਧਿਕ ਪੱਖ ਤੋਂ ਬੌਣੇ ਹਨ, ਹੋਰਨਾਂ ਲਈ ਵਿਨਾਸ਼ਕਾਰੀ ਹਨ। ਉਹ ਸਦਾ ਖੋਟੀ ਅਤੇ ਕੋਰੀ ਚਰਚਾ ਵਿਚ ਲਗੇ ਰਹਿੰਦੇ ਹਨ ਅਤੇ ਬ੍ਰਹਮਾ ਦਾ ਵੀ ਕਿਹਾ ਨਹੀਂ ਮੰਨਦੇ। ਉਹ ਆਪ ਭ੍ਰਸ਼ਟੇ ਹੋਏ ਹਨ ਅਤੇ ਹੋਰਨਾਂ ਨੂੰ ਭ੍ਰਸ਼ਟ ਕਰਦੇ ਹਨ। ਲੋਕਾਂ ਉਤੇ ਹਸਦੇ ਹਨ, ਪਰੰਤੂ ਹੁੰਦੇ ਕਾਣੇ ਹਨ। ਕਬੀਰ ਜੀ ਲੋਕਾਂ ਦੀਆਂ ਅਜਿਹੀਆਂ ਗੱਲਾਂ ਕਰਕੇ ਉਨ੍ਹਾਂ ਬਾਰੇ ਸ਼ਰਮ ਮਹਿਸੂਸ ਕਰਦੇ ਹਨ।

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ।
ਬਾਤਨ ਹੀ ਅਸਮਾਨੁ ਗਿਰਾਵਹਿ।
ਐਸੇ ਲੋਗਨ ਸਿਉ ਕਿਆ ਕਹੀਐ।
ਜੋ ਪ੍ਰਭ ਕੀਏ ਭਗਤਿ ਤੇ ਬਾਹੁਜ ਤਿਨ ਤੇ ਸਦਾ ਡਰਾਨੇ ਰਹੀਐ।੧। ਰਹਾਉ।
ਆਪਿ ਨ ਦੇਹਿ ਚੁਰੂ ਭਰਿ ਪਾਨੀ।
ਤਿਹ ਨਿੰਦਹਿ ਜਿਹ ਗੰਗਾ ਆਨੀ। ੨ ।
ਬੈਠਤ ਉਠਤ ਕੁਟਿਲਤਾ ਚਾਲਹਿ।
ਆਪੁ ਗਏ ਅਉਰਨ ਹੂ ਘਾਲਹਿ। ੩ ।

ਛਾਡਿ ਕੁਚਰਚਾ ਆਨ ਨ ਜਾਨਹਿ।
ਬ੍ਰਹਮਾ ਹੂ ਕੋ ਕਹਿਓ ਨ ਮਾਨਹਿ।
ਆਪੁ ਗਏ ਅਉਰਨ ਹੂ ਖੋਵਹਿ।
ਆਗਿ ਲਗਾਇ ਮੰਦਰ ਮੈ ਸੋਵਹਿ । ੫ ।
ਅਵਰਨ ਹਸਤ ਆਪਿ ਰਹਿ ਕਾਨੇ।
ਤਿਨ ਕਉ ਦੇਖ ਕਬੀਰ ਲਜਾਨੇ। ੬ । (332)

ਸੰਖੇਪ ਵਿਚ ਕਬੀਰ ਜੀ ਨੇ ਇਸ ਸਹਿਜ ਧਰਮ ਨੂੰ ਅਪਣਾਇਆ ਸੀ, ਉਸ ਵਿਚ ਬਾਹਰਲੇ ਦਿਖਾਵੇ ਵਾਲੇ ਆਚਾਰਾਂ ਦਾ ਕੋਈ ਸਥਾਨ ਨਹੀਂ ਸੀ। ਉਨ੍ਹਾਂ ਦਾ ਸਹਿਜ ਧਰਮ ਮਨ ਦੀ ਪਵਿਤਰਤਾ, ਸ਼ੁੱਧ ਆਚਾਰ ਅਤੇ ਸਾਤਵਿਕ ਜੀਵਨ ਨਾਲ ਸੰਬੰਧਿਤ ਸੀ। ਸੱਚਾ ਧਰਮ ਨੈਤਕਿ ਆਚਰਣ ਉਤੇ ਹੀ ਟਿਕਿਆ ਹੋਇਆ ਹੈ। ਇਹੀ ਕਾਰਨ ਹੈ ਕਿ ਕਬੀਰ ਕਿਤੇ ਵੀ ਸਦਾਚਾਰ ਦਾ ਪੱਲਾ ਛਡਦੇ ਨਹੀਂ ਹਨ। ਉਹ ਨਿਖਿਧ ਵਸਤੂ, ਨਿਖਿਧ ਆਚਾਰਾਂ, ਨਿਖਿਧ ਕਰਮ-ਕਾਂਡਾ ਨੂੰ ਬਿਲਕੁਲ ਪ੍ਰਵਾਨ ਨਹੀਂ ਕਰਦੇ। ਇਸ ਲਈ ਕਬੀਰ ਜੀ ਦਾ ਧਰਮ ਨੈਤਿਕਤਾ ਦੀ ਧਰਤੀ ਉਤੇ ਇਤਨੀ ਮਜਬੂਤੀ ਨਾਲ ਖੜੋਤਾ ਹੈ ਕਿ ਉਸ ਸਮੇਂ ਦੇ ਤੀਬਰ ਵਿਰੋਧ ਨੇ ਵੀ ਉਨ੍ਹਾਂ ਨੂੰ ਥਿੜਕਣ ਨਹੀਂ ਦਿੱਤਾ। ਉਨ੍ਹਾਂ ਨੇ ਰਹਿਣੀ, ਕਰਨੀ-ਕਥਨੀ ਵਿਚ ਕਿਸੇ ਭੇਦ ਭਾਵ ਦੇ ਅਭਾਵ ਅਤੇ ਮਨੁੱਖ ਅਤੇ ਪ੍ਰਾਣੀ ਮਾਤਰ ਦੀ ਸੇਵਾ ਅਤੇ ਇਥੋਂ ਤਕ ਕਿ ਚੰਗੀ ਕਿਰਤ ਨੂੰ ਅਤਿ ਆਵਸ਼ਕ ਦੱਸਿਆ ਹੈ।

ਕਬੀਰ ਦੀ ਸਮਾਜਕ ਚੇਤਨਾ ਵੀ ਧਰਮ-ਚੇਤਨਾ ਨਾਲ ਦੂਰ ਤਕ ਸਮਾਨਤਾ ਰਖਦੀ ਹੈ। ਮਨੁੱਖ ਦਾ ਸਮਾਜ ਨਾਲ ਬਹੁਤ ਡੂੰਘਾ ਸੰਬੰਧ ਹੈ। ਮਨੁੱਖ ਸਮਾਜ ਦੀ ਇਕਾਈ ਹੈ ਅਤੇ ਸਮਾਜ ਮਨੁੱਖਾ ਦਾ ਸਮੂੱਚਾ ਹੈ। ਸਮਾਜ ਦੇ ਸਰੂਪ ਦਾ ਨਿਰਮਾਣ ਵਿਅਕਤੀ ਦੇ ਆਚਾਰਾਂ ਵਿਚਾਰਾਂ ਉੱਤੇ ਨਿਰਭਰ ਕਰਦਾ ਹੈ। ਆਮ ਤੌਰ ਤੇ ਵੇਖਿਆ ਗਿਆ ਹੈ ਕਿ ਜਦ ਵਿਅਕਤੀ ਆਪਣੇ ਕਰਤੱਵ ਤੋਂ ਡਿਗਦੇ ਹਨ, ਤਾਂ ਸਾਰੇ ਸਮਾਜ ਦੀ ਵਿਵਸਥਾ ਵਿਗੜਨ ਲਗ ਜਾਂਦੀ ਹੈ। ਵਿਗੜੇ ਹੋਏ ਸਮਾਜ ਨੂੰ ਯੁਗ ਧਰਮ ਫਿਰ ਠੀਕ ਮਾਰਗ ਉੱਤੇ ਲਿਆਉਂਦੇ ਹਨ। ਜਦੋਂ ਕਬੀਰ ਜੀ ਇਸ ਸੰਸਾਰ ਵਿਚ ਆਏ ਤਾਂ ਸਮਾਜ ਦੀ ਵਿਵਸਥਾ ਬਹੁਤ ਵਿਗੜੀ ਹੋਈ ਸੀ। ਮਰਯਾਦਾ ਵਰਗੀ ਕੋਈ ਚੀਜ਼ ਨਹੀਂ ਰਹੀ ਸੀ।

ਕਬੀਰ ਜੀ ਵੇਲੇ ਭਾਰਤੀ ਜਨਤਾ ਮੁੱਖ ਰੂਪ ਵਿਚ ਦੋ ਧਰਮਾਂ ਵਿਚ ਵੰਡੀ ਹੋਈ ਸੀ – ਹਿੰਦੂ ਅਤੇ ਮੁਸਲਮਾਨ ਪਰੰਤੂ ਕਬੀਰ ਜੀ ਨੇ ਨਾਨਕ ਪੰਥ ਤੋਂ ਪ੍ਰਭਾਵਿਤ ਕੀਤਾ। ਇਨ੍ਹਾਂ ਧਰਮਾਂ ਤੋਂ ਹੀ ਪ੍ਰਭਾਵਿਤ ਸੀ ਸਾਰੀ ਜਨਤਾ। ਇਸ ਤਰ੍ਹਾਂ ਹਿੰਦੂ ਅਤੇ ਮੁਸਲਮਾਨ ਦੋ ਹੀ ਸਮਾਜਕ ਵਰਗ ਸਨ। ਉਸ ਸਮੇਂ ਜੋ ਸਮਾਜ ਦੀ ਸਥਿਤੀ ਸੀ, ਉਸ ਵਿਚ ਜਿਤਨੇ ਭ੍ਰਸ਼ਟਾਚਾਰ ਵਿਆਪਤ ਹੋ ਚੁੱਕੇ ਸਨ, ਉਨ੍ਹਾ ਦਾ ਮੂਲ ਕਾਰਨ ਧਾਰਮਿਕ ਰੰਗਨ ਹੀ ਸੀ। ਜਿਵੇਂ ਕਿ ਪਿਛੇ ਦਸਿਆ ਜਾ ਚੁਕਾ ਹੈ ਦੋਵੇਂ ਧਰਮ (ਹਿੰਦੂ ਅਤੇ ਇਸਲਾਮ) ਆਪਣੇ ਵਾਸਤਵਿਕ ਸਰੂਪ ਨੂੰ ਭੁਲ ਕੇ ਕਰਮ-ਕਾਂਡਾ, ਬਾਹਰਲੇ ਅਨੁਸ਼ਠਾਨਾਂ ਵਿਚ ਮਗਨ ਹੋ ਚੁੱਕੇ ਸਨ। ਇਨ੍ਹਾਂ ਦਾ ਪ੍ਰਭਾਵ ਸਮਾਜ ਦੇ ਸੰਗਠਨ ਅਤੇ ਵਿਵਸਥਾ ਉਤੇ ਪੈਣਾ ਸੁਭਾਵਕ ਸੀ। ਮੁਸਲਮਾਨਾਂ ਦੇ ਅਤਿਆਚਾਰ ਨੇ ਹਿੰਦੂਆਂ ਨੂੰ ਬਹੁਤ ਸੰਕੀਰਣ ਬਣਾ ਦਿੱਤਾ ਸੀ। ਆਪਣੇ ਧਰਮ ਦੀ ਰੱਖਿਆ ਲਈ ਉਨ੍ਹਾਂ ਨੇ ਬਾਹਰਲੇ ਆਡੰਬਰਾਂ ਦਾ ਓਢਣ ਤਾਣ ਲਿਆ ਸੀ ਅਤੇ ਇਸੇ ਤਰ੍ਹਾਂ ਸਮਾਜਕ ਰਖਿਆ ਲਈ ਵੀ ਵਰਣਾਸ਼ਮ ਵਿਵਸਥਾ ਦਾ ਕਵਚ ਪਾ ਲਿਆ ਸੀ।

ਵਰਣ ਅਤੇ ਆਸ਼ਰਮ ਦੋਵੇਂ ਪਰਸਪਰ ਅੰਤਰ ਆਧਾਰਿਤ ਸਮਾਜਕ ਮਾਰਗ ਹਨ। ਇਸ ਵਿਵਸਥਾ ਨਾਲ ਵਿਅਕਤੀ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਦੀਆਂ ਸੀਮਾਵਾਂ ਦਾ ਗਿਆਨ ਹੁੰਦਾ ਹੈ। ਵਰਣ ਵਿਵਸਥਾ ਦੇ ਮੂਲ ਵਿਚ ਮਾਨਵ ਜੀਵਨ ਦੀ ਉਨਤੀ ਭਾਵੇਂ ਰਹੀ ਹੋਵੇ, ਪਰੰਤੂ ਸਮੇਂ ਦੇ ਬੀਤਣ ਨਾਲ ਵਾਸਤਵਿਕ ਭਾਵਨਾ ਸਮਾਪਤ ਹੋ ਗਈ ਅਤੇ ਉਸ ਦਾ ਸਥਾਨ ਉਚ-ਨੀਚ ਦੀ ਭੇਦ-ਭਾਵਨਾ ਨੇ ਲੈ ਲਿਆ। ਮਨੁੱਖ-ਮਨੁੱਖ ਨ ਰਹਿ ਕੇ ਬ੍ਰਾਹਮਣ ਖੱਤਰੀ, ਵੈਸ਼ ਅਤੇ ਸ਼ੂਦਰ ਬਣ ਗਿਆ। ਡਾ. ਹਜਾਰੀ ਪ੍ਰਸ਼ਾਦ ਦਿਵੇਦੀ ਦਾ ਇਹ ਕਥਨ ਬਿਲਕੁਲ ਸਹੀ ਹੈ ਕਿ ਜੇ ਨਿਰਗੁਣਵਾਦੀ ਸੰਤਾਂ ਦੀਆਂ ਬਾਣੀਆਂ ਦਾ ਸਮਾਜਕ ਅਧਿਐਨ ਕੀਤਾ ਜਾਏ ਤਾਂ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਸੰਤਾਂ ਦੀਆਂ ਬਾਣੀਆਂ ਨੂੰ ਰੂਪ ਦੇਣ ਵਿਚ ਸਮਾਜਕ ਭੇਦ-ਭਾਵ ਦੀ ਕਠੋਰਤਾ ਦਾ ਬਹੁਤ ਹੱਥ ਰਿਹਾ ਹੈ।

ਕਬੀਰ ਜੀ ਨੇ ਉਸ ਸਮੇਂ ਦੇ ਸਮਾਜ ਨੂੰ ਬੜੀ ਨੀਝ ਨਾਲ ਵੇਖਿਆ ਅਤੇ ਇਸ ਪ੍ਰਕਾਰ ਦੀ ਭਾਵਨਾ ਦਾ ਵਿਰੋਧ ਕੀਤਾ ਅਤੇ ਇਸ ਪ੍ਰਕਾਰ ਦੀ ਭਾਵਨਾ ਨੂੰ ਉਕਸਾਣ ਵਾਲੇ ਸਮਾਜ ਮੁੱਖੀਆਂ ਦਾ ਵੀ ਤੀਖਣਤਾ ਨਾਲ ਖੰਡਨ ਕੀਤਾ ਹੈ। ਬ੍ਰਾਹਮਣ ਅਤੇ ਸ਼ੂਦਰ ਦੀ ਵਿਥ ਨੂੰ ਅਕਾਰਣ ਦਰਸਾਣ ਲਈ ਆਪ ਨੇ ਕਿਹਾ ਹੈ ਕਿ ਕੁਲ ਦਾ ਗਿਆਨ ਮਾਤਾ ਦੇ ਪੇਟ ਵਿਚ ਤਾਂ ਕਿਸੇ ਨੂੰ ਵੀ ਨਹੀਂ ਹੁੰਦਾ, ਸਭ ਪਰਮਾਤਮਾ ਦਾ ਹੀ ਅੰਸ਼ ਹੁੰਦੇ ਹਨ, ਫਿਰ ਕੋਈ ਬ੍ਰਾਹਮਣ ਕਿਵੇਂ ਹੋ ਗਿਆ ਅਤੇ ਕੋਈ ਸ਼ੂਦਰ ਕਿਵੇਂ ਹੋ ਗਿਆ। ਜੇ ਬ੍ਰਾਹਮਣ ਕੋਈ ਵਖਰੀ ਚੀਜ਼ ਹੈ, ਤਾਂ ਉਸ ਦੀ ਉਤਪਤੀ ਬਾਕੀ ਮਨੁੱਖਾਂ ਦੀ ਉਤਪਤੀ ਤੋਂ ਵੱਖਰੀ ਕਿਸਮ ਦੀ ਕਿਉਂ ਨਹੀਂ। ਕੀ ਸ਼ੂਦਰਾਂ ਦੀਆਂ ਨਾੜੀਆਂ ਵਿਚ ਲਹੂ ਹੈ ਅਤੇ ਬ੍ਰਾਹਮਣਾਂ ਦੀਆਂ ਨਾੜੀਆਂ ਵਿਚ ਦੁੱਧ ਹੈ। ਅਸਲੀ ਬ੍ਰਾਹਮਣ ਤਾਂ ਉਹ ਹੈ ਜੋ ਬ੍ਰਹਮ ਬਾਰੇ ਚਿੰਤਨ ਕਰਦਾ ਹੈ –

ਗਰਭ ਵਾਸ ਮਹਿ ਕੁਲ ਨਹੀਂ ਜਾਤੀ।

ਬ੍ਰਹਮ ਬਿੰਦੂ ਤੇ ਸਭ ਉਤਪਾਤੀ । ੧ ।
ਕਹੁ ਰੇ ਪੰਡਿਤ ਬਾਮਨ ਕਬ ਕੇ ਹੁਏ।
ਬਾਮਨ ਕਹਿ ਕਹਿ ਜਨਮੁ ਮਤ ਖੋਏ । ੧ । ਰਹਾਉ ।
ਜੌ ਤੂ ਬ੍ਰਾਹਮਣ ਬ੍ਰਾਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀਂ ਆਇਆ । ੨ ।
ਤੁਮ ਕਤ ਬ੍ਰਾਹਮਣੁ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ। ੩ ।
ਕਹੁ ਕਬੀਰ ਜੋ ਬ੍ਰਹਮ ਬੀਚਾਰੈ।
ਸੋ ਬ੍ਰਾਹਮਣੁ ਕਹੀਅਤੁ ਹੋ ਹਮਾਰੇ । ੪ । (324)

ਕਬੀਰ ਜੀ ਨੇ ਤਾਂ ਸਪਸ਼ਟ ਕਰ ਦਿੱਤਾ ਹੈ ਕਿ ਮੈਂ ਜਾਤਿ ਦਾ ਜੇ ਕਰ ਜੁਲਾਹਿਆ ਹਾਂ, ਤਾਂ ਕੀ ਹੋਇਆ ਮੇਰੇ ਹਿਰਦੇ ਵਿਚ ਤਾਂ ਗੋਪਾਲ ਨਿਵਾਸ ਕਰ ਰਿਹਾ ਹੈ ਜਿਸ ਕਰਕੇ ਹਰ ਪ੍ਰਕਾਰ ਦੇ ਜੰਜਾਲ ਨਸ਼ਟ ਹੋ ਜਾਂਦੇ ਹਨ –

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ।
ਕਬੀਰ ਰਮਈਆ ਕੰਠ ਮਿਲੁ ਚੂਕਹਿ ਸਰਬ ਜੰਜਾਲ। ੪੨ ।

(1368)

ਇਕ ਹੋਰ ਥਾਂ ਤੇ ਬ੍ਰਾਹਮਣ ਦੀ ਪ੍ਰਭੁਤਾ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਜਗਤ ਦਾ ਗੁਰੂ ਭਾਵੇਂ ਹੋਵੇ ਪਰੰਤੂ ਭਗਤਾਂ ਦਾ ਗੁਰੂ ਨਹੀਂ ਹੋ ਸਕਦਾ। ਉਹ ਤਾਂ ਚਾਰ ਵੇਦਾਂ ਦੀ ਚਰਚਾ ਵਿਚ ਨਾ ਹੀ ਉਲਝਿਆ ਹੋਇਆ ਮਰ ਰਿਹਾ ਹੈ :

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਦਾ ਗੁਰ ਨਾਹਿ।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹ ਮਾਹਿ। (235)

ਉਸ ਸਮੇਂ ਦੇ ਹਿੰਦੂ ਸਮਾਜ ਵਿਚ, ਆਸ਼੍ਰਮ ਵਿਵਸਥਾ ਦਾ ਵੀ ਸਮਾਜ ਨਾਲ ਨਿਕਟ ਸੰਬੰਧ ਹੈ ਸਮਾਜ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਣਾ ਮਨੁੱਖ ਦਾ ਕਰਤੱਵ ਹੈ। ਇਸ ਲਈ ਸੰਤਾਂ ਨੇ ਗ੍ਰਹਿਸਥ ਜੀਵਨ ਵਿਧੀ ਨੂੰ ਅਪਣਾਇਆ ਹੈ। ਪਰ ਗ੍ਰਹਿਸਥ ਦੀਆਂ ਜ਼ਿੰਮੇ ਵਾਰੀਆਂ ਤੋਂ ਭੱਜਣਾ ਅਤੇ ਸੰਨਿਆਸੀ ਜਾਂ ਬਾਨਪ੍ਰਸਥੀ ਬਣਨਾ ਕਬੀਰ ਜੀ ਅਨੁਸਾਰ ਅਨੁਚਿਤ ਹੈ, ਮਨੁੱਖਤਾ ਦੇ ਵਿਕਾਸ ਵਿਚ ਰੁਕਾਵਟ ਹੈ। ਇਸ ਤੋਂ ਇਲਾਵਾ ਘਰ ਬਾਰ ਛੱਡ ਕੇ ਜੋਗੀ, ਜੰਗਮ ਸੰਨਿਆਸੀ ਜਾਂ ਇਸ ਪ੍ਰਕਾਰ ਦਾ ਸਾਧ ਬਣਨਾ ਕਬੀਰ ਜੀ ਨੂੰ ਪਸੰਦ ਨਹੀਂ ਸੀ। ਉਨ੍ਹਾਂ ਨੇ ਬੜੀ ਗੰਭੀਰਤਾ ਨਾਲ ਇਸ ਵਿਧੀ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਜੇ ਨੰਗਿਆਂ ਫਿਰਦਿਆਂ ਜੋਗ ਦੀ ਪ੍ਰਾਪਤੀ ਹੋ ਜਾਏ ਤਾਂ ਜੰਗਲ ਦੇ ਸਾਰੇ ਪਸ਼ੂ ਮੁਕਤ ਹੋਣੇ ਚਾਹੀਦੇ ਹਨ, ਕਿਉਂਕਿ ਉਹ ਨੰਗੇ ਫਿਰਦੇ ਹਨ। ਇਸੇ ਤਰ੍ਹਾਂ ਜੇ ਸਿਰ ਮੁਨਾ ਕੇ ਸਿੱਧੀ ਪ੍ਰਾਪਤ ਹੁੰਦੀ ਹੋਵੇ ਤਾਂ ਹਰ ਭੇਡ ਮੁਕਤੀ ਦੀ ਅਧਿਕਾਰੀ ਹੈ ਕਿਉਂਕਿ ਉਹ ਵੀ ਮੁੰਨੀ ਜਾਂਦੀ ਹੈ। ਜੇ ਕਾਮਾਚਾਰ ਤੋਂ ਆਪਣੇ ਆਪ ਨੂੰ ਵਰਜਣ ਨਾਲ ਮੁਕਤੀ ਦੀ ਦਾਤ ਉਪਲਬਧ ਹੁੰਦੀ ਹੋਵੇ ਤਾਂ ਖੁਸਰੇ ਮੁਕਤ ਹੋਣ ਦੇ ਸਭ ਨਾਲੋਂ ਅਧਿਕ ਅਧਿਕਾਰੀ ਹਨ। ਅਸਲ ਵਿਚ ਸਹੀ ਅਰਥਾਂ ਵਿਚ ਸੱਚੇ ਦਿਲੋਂ ਕੀਤੀ ਭਗਤੀ ਹੀ ਮੁਕਤੀ ਪ੍ਰਾਪਤ ਕਰਨ ਵਿਚ ਸਹਾਇਕ ਹੋ ਸਕਦੀ ਹੈ –

ਨਗਨ ਫਿਰਤ ਜੌ ਪਾਈਐ ਜੋਗੁ।
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ। ੧ ।
ਕਿਆ ਨਾਗੇ ਕਿਆ ਬਾਂਧੇ ਚਾਮ।
ਜਬ ਨਹੀਂ ਚੀਨਸਿ ਆਤਮ ਰਾਮ। ੧ । ਰਹਾਉ।
ਮੂਡ ਮੁੰਡਾਏ ਜੌ ਸਿਧਿ ਪਾਈ।
ਮੁਕਤੀ ਭੇਡ ਨ ਗਈਆ ਕਾਈ। ੨ ।
ਬਿੰਦੂ ਰਾਖਿ ਜੌ ਤਰੀਐ ਭਾਈ।
ਖੁਸਰੈ ਕਿਉਂ ਨ ਪਰਮਗਤਿ ਪਾਈ । ੩ ।
ਕਹੁ ਕਬੀਰ ਸੁਨਹੁ ਨਰ ਭਾਈ।
ਰਾਮ ਨਾਮ ਬਿਨੁ ਕਿਨਿ ਗਤਿ ਪਾਈ । ੪ । (324)

ਕਬੀਰ ਜੀ ਨੇ ਹਿੰਦੂ ਧਰਮ ਨਾਲ ਸੰਬੰਧਿਤ ਸਾਧੂਆਂ, ਸੰਨਿਆਸੀਆਂ ਬਾਰੇ ਹੀ ਆਲੋਚਨਾ ਨਹੀਂ ਕੀਤੀ ਸਗੋਂ ਮੁਸਲਮਾਨਾਂ ਦੇ ਵੀ ਮਿਥਿਆ ਆਚਾਰਾਂ ਨੂੰ ਖੰਡਿਤ ਕੀਤਾ ਹੈ। ਉਨ੍ਹਾਂ ਨੇ ਕਲਮਾ ਪੜ੍ਹਨ ਅਤੇ ਨਮਾਜ਼ਾਂ ਗੁਜ਼ਾਰਨ ਦੁਆਰਾ ਬਹਿਸ਼ਤ (ਸਵਰਗ) ਦੀ ਪ੍ਰਾਪਤੀ ਦੇ ਭਰਮ ਦੇ ਨਕਾਬ ਨੂੰ ਉਤਾਰਦਿਆਂ ਅਜਿਹੀ ਸਵਰਗ ਨਾਲੋਂ ਦੋਜ਼ਖ (ਨਰਕ) ਨੂੰ ਤਰਜੀਹ ਦਿੱਤੀ ਹੈ :-

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ । ੨ ।
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ।
ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ । ੩ ।
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿਦਮੀ ਕਰਿ ਫੀਕੀ।
ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ । ੪ ।
ਮਾਟੀ .ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮ ਪਛਾਨਾ।
ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ । ੫ । (480)

ਹਿੰਦੂਆਂ ਅਤੇ ਮੁਸਲਮਾਨਾਂ ਵਿਚ ਸਮਾਜਕ ਅਥਵਾ ਧਾਰਮਿਕ ਅੰਤਰ ਦਰਸਾਉਣ ਵਾਲੇ ਚਿੰਨ੍ਹਾਂ ਅਤੇ ਉਨ੍ਹਾਂ ਚਿੰਨ੍ਹਾਂ ਦੀ ਜ਼ਬਰਦਸਤੀ ਪਾਲਨਾ ਕਰਾਉਣ ਵਾਲੀ ਉਸ ਵਕਤ ਦੀ ਸਰਕਾਰ ਦੇ ਜ਼ੁਲਮ ਵਲ ਸੰਕੇਤ ਕਰਦਿਆਂ ਕਿਹਾ ਹੈ ਕਿ ਸੱਚੀ ਸੁੰਨਤ ਤਾਂ ਪਤਨੀ ਨਾਲ ਕੀਤਾ ਸੱਚਾ ਪਿਆਰ ਹੋਣਾ ਚਾਹੀਦਾ ਹੈ। ਜੇ ਰੱਬ ਨੇ ਵਰਤਮਾਨ ਵਿਧੀ ਨੂੰ ਹੀ ਸੁੰਨਤ ਦਰਸਾਉਣਾ ਹੁੰਦਾ ਤਾਂ ਇਹ ਆਪਣੇ ਆਪ ਹੋਈ ਹੁੰਦੀ। ਇਥੇ ਕਬੀਰ ਜੀ ਨੇ ਇਹ ਵੀ ਦੱਸਿਆ ਹੈ ਕਿ ਸੁੰਨਤ ਕਰਨ ਨਾਲ ਹੀ ਮੁਸਲਮਾਨ ਹੋਈਦਾ ਹੈ, ਤਾਂ ਇਸਤਰੀ ਦਾ ਕੀ ਕਰੋਗੇ । ਜੇ ਉਸ ਦੀ ਸੁੰਨਤ ਸੰਭਵ ਨਹੀਂ, ਤਾਂ ਉਹ ਹਿੰਦੂ ਹੀ ਰਹੇਗੀ –

ਸਕਤਿ ਸਨੇਹੁ ਕਰਿ ਸੁੰਨਿਤ ਕਰੀਐ ਮੈ ਬਦਉਗਾ ਭਾਈ।
ਜਉ ਰੇ ਖੁਦਾਇ ਮੁਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ । ੨ ।
ਸੁਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।
ਅਰਧ ਸਰੀਰੀ ਨਾਰਿ ਨ ਛੋਡੈ ਤਾਤੇ ਹਿੰਦੂ ਹੀ ਰਹੀਐ । ੩ । (ਆਸਾ 8) (477)

ਅੰਤ ਇਹ ਕਿਹਾ ਜਾ ਸਕਦਾ ਹੈ ਕਿ ਸੰਤ ਕਬੀਰ ਤਤਕਾਲੀਨ ਧਾਰਮਿਕ ਅਤੇ ਸਮਾਜਕ ਸਥਿਤੀ ਤੋਂ ਸੰਤੁਸ਼ਟ ਨਹੀਂ ਸਨ, ਕਿਉਂਕਿ ਉਸ ਨਾਲ ਮਾਨਵ ਸਮਾਜ ਦੀ ਤਰੱਕੀ ਦਾ ਮਾਰਗ ਰੁਕਿਆ ਹੋਇਆ ਸੀ। ਇਸ ਲਈ ਕਬੀਰ ਜੀ ਨੇ ਲੋਕਾਂ ਅੰਦਰ ਨਵੀਂ ਚੇਤਨਾ ਪੈਦਾ ਕੀਤੀ। ਪਾਖੰਡ ਪੂਰਨ ਬਾਹਰਲੇ ਧਾਰਮਿਕ ਆਡੰਬਰਾਂ ਅਤੇ ਅਨੁਸ਼ਠਾਨਾਂ ਨੂੰ ਛੱਡਣ ਲਈ ਪ੍ਰੇਰਨਾ ਦਿੱਤੀ ਅਤੇ ਜਾਤਿ ਪਾਤਿ ਅਤੇ ਆਸ਼੍ਰਮ ਵਿਧਾਨ ਦਾ ਵਿਰੋਧ ਕਰਕੇ ਗ੍ਰਹਿਸਥ ਜੀਵਨ ਨੂੰ ਉਪਕਾਰੀ ਸਮਝਿਆ। ਇਸ ਤਰ੍ਹਾਂ ਕਬੀਰ ਜੀ ਨੇ ਧਾਰਮਿਕ ਉਥਾਨ ਰਾਹੀ ਸਮਾਜਕ ਕੀਮਤਾਂ ਨੂੰ ਨਵੇਂ ਢੰਗ ਨਾਲ ਪ੍ਰਚਲਿਤ ਕਰਨ ਲਈ ਲੋਕਾਂ ਦੇ ਮਨ ਵਿਚ ਉਤਸ਼ਾਹ ਭਰਿਆ। ਸਭਿਆਚਾਰ ਦੇ ਗਲ ਸੜ ਚੁਕੇ ਅੰਸ਼ਾਂ ਨੂੰ ਖਤਮ ਕਰਕੇ ਨਵੇਂ, ਨਰੋਏ ਕਲਿਆਣਕਾਰੀ ਮੁੱਲਾਂ ਦੀ ਸਥਾਪਨਾ ਕੀਤੀ। ਇਹ ਸਭ ਕੁਝ ਉਨ੍ਹਾਂ ਨੂੰ ਇਕ ਸੱਚਾ ਲੋਕਨਾਇਕ ਸਿੱਧ ਕਰਦਾ ਹੈ। ਉਹ ਸਚਮੁੱਚ ਇਕ ਯੁੱਗਪੁਰਸ਼ ਸਨ।

## ਅਭਿਆਸ ਲਈ ਪ੍ਰਸ਼ਨ

1. ਕਬੀਰ ਦੇ ਰਹੱਸਵਾਦ ਦੀ ਚਰਚਾ ਕਰੋ ?
2. ਕਬੀਰ ਰਚਨਾ ਵਿਚ 'ਯੋਗ ਸਾਧਨਾ' ਦਾ ਪ੍ਰਮੁੱਖ ਤੱਤ ਹੈ, ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ?
3. ਕਬੀਰ ਬਾਣੀ ਪ੍ਰਗਤੀਸ਼ੀਲ ਹੈ, ਚਰਚਾ ਕਰੋ।

Type Setting :
Department of Distance Education, Punjabi University, Patiala.